# ਜੀਵਨ ਸੰਗਰਾਮ

(ਆਤਮ ਕਥਾ)

## ਬਾਬਾ ਸੋਹਣ ਸਿੰਘ ਭਕਨਾ

4.1.1870–20.12.1968

ਗ਼ਦਰ ਪਾਰਟੀ ਦੇ ਪਹਿਲੇ ਪ੍ਰਧਾਨ

*ਸੰਪਾਦਕ :*

*ਪ੍ਰੋ: ਮਲਵਿੰਦਰਜੀਤ ਸਿੰਘ*

**ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ**

**ਜੀਵਨ ਸੰਗਰਾਮ**

ਆਤਮ ਕਥਾ

ਬਾਬਾ ਸੋਹਣ ਸਿੰਘ ਭਕਨਾ

ਗਦਰ ਪਾਰਟੀ ਦੇ ਪਹਿਲੇ ਪ੍ਰਧਾਨ

(4-1-1870 -- 20-12-1968)


ਸੰਪਾਦਕ : ਮਲਵਿੰਦਰਜੀਤ ਸਿੰਘ
ਸਾਬਕਾ ਪ੍ਰੋਫ਼ੈਸਰ, ਗੁਰੂ ਨਾਨਕ ਇੰਜਨੀਅਰਿੰਗ ਕਾਲਜ, ਲੁਧਿਆਣਾ।

ਹੁਣ : ਐਡਵੋਕੇਟ, ਹਾਈ ਕੋਰਟ, ਚੰਡੀਗੜ੍ਹ

ਪਤਾ : ਪਿੰਡ ਤੇ ਡਾਕ: ਸਕੇਤੜੀ
ਜ਼ਿਲ੍ਹਾ - ਪੰਚਕੂਲਾ (ਹਰਿਆਣਾ)
ਫ਼ੋਨ - 0172-2556314 (ਘਰ)



FIRST EDITION : 1967

FORTH EDITION : March 2003

**ਟਾਇਟਲ ਸੈਟਿੰਗ : ਅਮਿੱਤ ਮਿੱਤਰ**

**ਪ੍ਰਕਾਸ਼ਕ :** ***ਤਰਕਭਾਰਤੀ ਪ੍ਰਕਾਸ਼ਨ,***
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਬਰਨਾਲਾ
ਫੋਨ : 01679-233244, 241744
e-mail: tarksheel@yahoo.com
www.tarksheel.com

**ਛਾਪਕ : ਇੰਟੀਲੈਕਚੂਅਲ ਪ੍ਰਿੰਟਰਜ਼, ਜਲੰਧਰ।**

**PRICE :** 60.00 ਸਜਿਲਦ
30.00 ਪੇਪਰ ਬੈਕ

## ਸਮਰਪਣ

### ਭਾਰਤੀ ਜਨਤਾ ਅਤੇ ਸ਼ਹੀਦਾਂ ਨੂੰ



# ਬਾਬਾ ਜੀ ਦੇ ਜੀਵਨ 'ਤੇ ਇੱਕ ਝਾਤ

(4-1-1870 - 21-12-1968)

| | | |
|---|---|---|
| 1896 | : | ਨਾਮਧਾਰੀ ਲਹਿਰ ਨਾਲ ਜੁੜੇ : 1896 |
| 1909 | : | ਅਮਰੀਕਾ ਗਏ : ਚੱਲੇ (3-2-1909) ਪਹੁੰਚੇ (4-4-1909) |
| 1913 | : | ਗ਼ਦਰ ਪਾਰਟੀ ਦੇ ਪ੍ਰਧਾਨ ਬਣੇ : ਮਾਰਚ 1913 ਕੰਮਕਾਰ ਛੱਡ ਕੇ ਯੁਗਾਂਤਰ ਆਸ਼੍ਰਮ-ਅਪ੍ਰੈਲ 1914 |
| 1914 | : | ਦੇਸ਼ ਲਈ ਵਾਪਸੀ 21-7-1914 ਦੇਸ਼ ਪਹੁੰਚ ਤੇ ਗ੍ਰਿਫਤਾਰੀ ਅਕਤੂਬਰ 1914 |
| 1915 | : | ਮੁਲਤਾਨ ਜੇਲ੍ਹ ਫਰਵਰੀ 1915 ਤੱਕ<br>ਲਾਹੌਰ : ਜੇਲ੍ਹ ਮੁਕੱਦਮਾ ਸ਼ੁਰੂ ਹੋਇਆ 27-4-1915<br>ਫੈਸਲਾ : ਫਾਂਸੀ ਸਜ਼ਾ ਪਾਈ 13-9-1915<br>ਸਰਾਭੇ, ਪਿੰਗਲੇ ਤੇ ਸਾਥੀਆਂ ਦੀ ਸ਼ਹੀਦੀ 16-11-1915<br>ਅੰਡੇਮਾਨ (ਕਾਲਾ ਪਾਣੀ) ਪਹੁੰਚੇ : 10-12-1915 |
| 1921 | : | ਅੰਡੇਮਾਨ ਤੋਂ ਵਾਪਸੀ |
| 1921-23 | : | ਕੋਇੰਬਟੂਰ (ਮਦਰਾਸ) ਜੇਲ੍ਹ 1923 ਤੱਕ |
| 1923-27 | : | ਯਰਵਦਾ (ਪੂਨਾ) ਜੇਲ੍ਹ 1927 ਤੱਕ |
| 1927-30 | : | ਲਾਹੌਰ ਜੇਲ੍ਹ (ਰਿਹਾਈ ਤੱਕ) - ਜੁਲਾਈ 1930 |
| 1938 | : | ਕਿਸਾਨ ਮੋਰਚਾ (ਇੱਕ ਸਾਲ ਕੈਦ-ਸ਼ਾਹਪੁਰ ਜੇਲ੍ਹ) 1938 |
| 1939<br>1939 | : | ਕਿਸਾਨ ਮੋਰਚਾ (ਇੱਕ ਸਾਲ ਕੈਦ ਰਾਵਲ ਪਿੰਡੀ ਜੇਲ੍ਹ) |
| 1948 | : | ਯੋਲ ਕੈਂਪ ਨਜ਼ਰਬੰਦੀ 1948 |

**(ਸੰਪਾਦਕ)**

## ਪਹਿਲਾ ਐਡੀਸ਼ਨ - 1967

# ਦੋ ਸ਼ਬਦ ਪ੍ਰਕਾਸ਼ਕ ਵੱਲੋਂ

ਪਹਿਲੀ ਸੰਸਾਰ ਜੰਗ ਵੇਲੇ ਜਦੋਂ ਗੁਲਾਮੀ ਨਾਲ ਲਿਤਾੜੀ ਭਾਰਤੀ ਜਨਤਾ ਅਸਲੋਂ ਨਿਢਾਲ ਹੋ ਚੁੱਕੀ ਸੀ ਤਾਂ ਇੱਕ ਇਨਕਲਾਬੀ ਲਹਿਰ ਨੇ ਕੌਮ ਦੀ ਸੁੱਤੀ ਹੋਈ ਆਤਮਾ ਨੂੰ ਝੰਜੋੜ ਸੁੱਟਿਆ। ਇਸ ਲਹਿਰ ਦਾ ਸਿਹਰਾ ਗ਼ਦਰ ਪਾਰਟੀ ਸਿਰ ਹੈ। ਗ਼ਦਰ ਪਾਰਟੀ ਦੇ ਸੈਂਕੜੇ ਸੂਰਮੇ ਫਾਂਸੀਆਂ ਤੇ ਝੂਲ ਗਏ, ਜੇਲ੍ਹਾਂ ਵਿੱਚ ਘਾਤਕ ਤਸੀਹੇ ਝੱਲੇ ਤੇ ਲੰਮੀਆਂ ਭੁੱਖ ਹੜਤਾਲਾਂ ਕੀਤੀਆਂ, ਪਰ ਹਰ ਹਾਲਤ ਵਿੱਚ ਗੁਲਾਮੀ, ਲੁੱਟ ਤੇ ਅਨਿਆਏ ਵਿਰੁੱਧ ਝੰਡਾ ਚੁੱਕੀ ਰੱਖਿਆ। ਬਾਬਾ ਸੋਹਣ ਸਿੰਘ ਭਕਨਾ ਗ਼ਦਰ ਪਾਰਟੀ ਦੇ ਮੁਢਲੇ ਪ੍ਰਧਾਨ ਸਨ।

ਜੀਵਨ ਤੇ ਖਾਸ ਕਰ ਬਾਬਾ ਜੀ ਅਤੇ ਇਹਨਾਂ ਦੇ ਸਾਥੀਆਂ ਵਰਗਾ ਜੀਵਨ, ਇੱਕ ਅਮੁੱਕ ਸੰਗਰਾਮ ਹੈ। ਉਮਰ ਸਦੀ ਨੂੰ ਛੂਹ ਰਹੀ ਹੈ। ਸਿਹਤ ਸਾਥ ਛੱਡ ਰਹੀ ਹੈ। ਲੱਕ ਝੁਕ ਕੇ ਕਮਾਨ ਹੋ ਗਿਆ ਹੈ। ਪੈਰੀਂ ਲੰਬੀਆਂ ਵਾਟਾਂ ਦੇ ਛਾਲੇ ਨੇ। ਪਰ ਹਾਲੇ ਵੀ ਕੋਈ ਇਕਰਾਰਾਂ ਦਾ ਬੱਝਿਆ ਮੰਜ਼ਿਲ ਵੱਲ ਵਧਿਆ ਜਾ ਰਿਹਾ ਹੈ।

ਪਿੰਡ ਭਕਨੇ ਤੋਂ ਕੋਈ ਅੱਧੇ ਕੁ ਮੀਲ ਦੀ ਵਿੱਥ ਤੇ ਬਾਬਾ ਜੀ ਦੀ ਆਸ਼ਰਮ ਨੁਮਾ ਕੁਟੀਆ ਹੈ। ਪਹਿਲਾਂ ਇੱਕ ਬੀਬੀ ਉਹਨਾਂ ਕੋਲ ਰਹਿੰਦੀ ਸੀ, ਪਰ ਹੁਣ ਲਗਭਗ ਇਕੱਲੇ ਹਨ। ਇਸ ਉਮਰੇ ਵੀ ਬਾਬਾ ਜੀ ਹੱਥੀਂ ਕਿਰਤ ਕਰਨ ਦਾ ਨੇਮ ਪਾਲ ਰਹੇ ਹਨ। ਦਲੀਆ ਵਗੈਰਾ ਹੀ ਉਨ੍ਹਾਂ ਦਾ ਭੋਜਨ ਹੈ ਜਿਹੜਾ ਉਹ ਆਪਣੇ ਹੱਥੀਂ ਬਣਾਉਂਦੇ ਹਨ। ਸਾਡੇ ਨੇਤਾ ਅੰਨ ਦੀ ਬੱਚਤ ਕਰਨ ਲਈ ਲੰਬੇ-ਲੰਬੇ ਭਾਸ਼ਨ ਦੇਂਦੇ ਹਨ। ਉਹ ਆਪ ਤੇ ਪਤਾ ਨਹੀਂ ਇਸ ਤੇ ਕਿੰਨਾ ਕੁ ਅਮਲ ਕਰਦੇ ਹਨ ਪਰ ਬਾਬਾ ਜੀ ਨੇ ਜ਼ਰੂਰ ਹੀ ਇਸ ਬਿਰਧ ਅਵਸਥਾ ਵਿੱਚ ਫਲੋਹਾਰ ਕਰ ਦਿੱਤੀ ਹੈ। 1967 ਦੀ ਹਾੜ੍ਹੀ ਦੀ ਫਸਲ ਤੋਂ ਉਹਨਾਂ ਨੇ 50 ਮਣ ਕਣਕ ਸੰਜਮ ਨਾਲ ਬਚਾ ਕੇ ਬਿਹਾਰ ਕਾਲ ਫੰਡ ਵਿੱਚ ਭੇਜ ਦਿੱਤੀ ਹੈ।

97 ਸਾਲਾਂ ਦੇ ਇਸ ਨੌਜਵਾਨ ਬਾਬੇ ਨੇ ਜੀਵਨ ਦੇ ਬਹੁਮੁੱਲੇ ਪਲ ਹੀ ਨਹੀਂ, ਆਪਣਾ ਸਮੁੱਚਾ ਜੀਵਨ ਹੀ ਇੱਕ ਮਹਾਨ ਸੰਗਰਾਮ ਦੇ ਲੇਖੇ ਲਾਇਆ ਹੈ-ਸੱਚ, ਇਨਸਾਫ, ਅਜ਼ਾਦੀ ਤੇ ਬਰਾਬਰੀ ਲਈ ਸੰਗਰਾਮ। ਇਸ ਸੰਘਰਸ਼ ਵਿੱਚ ਰੁਝਿਆਂ ਉਮਰਾਂ ਬੀਤ ਗਈਆਂ ਨੇ, ਮੰਜ਼ਲ ਅਜੇ ਵੀ ਦੂਰ ਜਾਪਦੀ ਏ, ਪਰ ਮਿਹਣੇ, ਝੋਰੇ ਤੇ ਗੁੱਸੇ ਵਾਲੀ ਕੋਈ ਗੱਲ ਨਹੀਂ। ਇੱਕੋ ਉਡੀਕ ਬੇਚੈਨ ਕਰ ਰਹੀ ਹੈ-ਕਦੋਂ ਹਿੰਦੀ ਨੌਜਵਾਨ ਉਠਣ ਤੇ ਜੀਵਨ ਸੰਗਰਾਮ ਦੀ ਇਸ ਮਿਸ਼ਾਲ ਨੂੰ ਬਿਰਧ ਹੱਥਾਂ ਤੋਂ ਲੈ ਕੇ ਉਡੀਕ ਰਹੀਆਂ ਮੰਜ਼ਲਾਂ ਵੱਲ ਤੁਰ ਪੈਣ। ਇਹ ਰਚਨਾ ਇੱਕ ਮਨੋਰੰਜਕ ਨਾਵਲ ਨਹੀਂ, ਸੰਗਰਾਮ ਲਈ ਲਲਕਾਰ ਹੈ, ਕੁਝ ਕਰਨ ਦਾ ਸੰਦੇਸ਼ ਹੈ।

**ਵੱਲੋਂ-ਯੁਵਕ ਕੇਂਦਰ**



# ਬਾਬਾ ਜੀ ਦਾ ਸੁਨੇਹਾ ਜਵਾਨਾਂ ਦੇ ਨਾਂ

*[ਇਹ ਸੁਨੇਹਾ ਬਾਬਾ ਜੀ ਨੇ ਗ਼ਦਰ ਪਾਰਟੀ ਦੀ ਗੋਲਡਨ ਜੁਬਲੀ ਦੇ ਸਮੇਂ ਦੇਸ਼ ਦੇ ਨੌਜਵਾਨਾਂ ਨੂੰ ਦਿੱਤਾ। ਜੋ ਮਈ 1964 ਦੇ "ਦੇਸ਼ ਭਗਤ ਯਾਦਾਂ" ਵਿੱਚ ਛਪਿਆ-ਸੰਪਾਦਕ।]*

ਦੇਸ਼ ਭਗਤੀ ਉਹ ਲਗਨ ਤੇ ਇਸ਼ਕ ਹੈ, ਜਿਸਨੂੰ ਲਗ ਜਾਵੇ, ਉਹ ਆਪਣੇ ਨਿੱਜੀ ਸੁੱਖ ਅਤੇ ਅਭਿਮਾਨ ਨੂੰ ਭੁੱਲ ਜਾਂਦਾ ਹੈ ਅਤੇ ਸੱਚੇ ਆਸ਼ਕ ਦੀ ਤਰ੍ਹਾਂ ਆਪਣੇ ਆਪ ਨੂੰ ਮਾਸ਼ੂਕ-ਦੇਸ਼-ਉੱਪਰ ਕੁਰਬਾਨ ਕਰਨ ਲਈ ਹਰ ਵੇਲੇ ਤਿਆਰ ਰਹਿੰਦਾ ਹੈ। ਉਹ ਲਾਲਚ, ਸ਼ੁਹਰਤ ਅਤੇ ਮੌਤ ਤੱਕ ਦੇ ਡਰ ਤੋਂ ਵੀ ਬੇਪ੍ਰਵਾਹ ਹੁੰਦਾ ਹੈ। ਮਨੁੱਖ-ਜਾਤੀ ਦੀ ਸੇਵਾ ਖ਼ਾਤਰ ਉਸ ਵਿੱਚੋਂ ਇਹ ਗੱਲਾਂ ਉੱਡ ਜਾਂਦੀਆਂ ਹਨ। ਉਹ ਆਪਣੇ ਦੇਸ਼ ਖ਼ਾਤਰ ਇੰਜ ਜਲ਼ ਮਰਦਾ ਹੈ, ਜਿਵੇਂ ਪਤੰਗਾ ਸ਼ਮਾ ਉੱਪਰ। ਸਿਰ ਦੇ ਕੇ ਆਪਣਾ ਯਾਰ ਮਨਾਉਣ ਦੀ ਧੁੰਨ ਉਸ ਦੇ ਦਿਲ ਦਿਮਾਗ਼ ਵਿੱਚ ਹਮੇਸ਼ਾ ਗੂੰਜਦੀ ਰਹਿੰਦੀ ਹੈ ਅਤੇ ਉਹ ਹਰ ਵਕਤ ਉਸ ਸਮੇਂ ਦੀ ਉਡੀਕ ਵਿੱਚ ਰਹਿੰਦਾ ਹੈ ਜਦੋਂ ਉਹ ਦੇਸ਼ ਤੇ ਮਨੁੱਖ-ਜਾਤੀ ਦੇ ਦੁੱਖਾਂ ਨੂੰ ਦੂਰ ਕਰਨ ਲਈ ਆਪਣੀ ਜਾਨ ਵਾਰ ਦੇਵੇ।

ਮੇਰੇ ਪਿਆਰੇ ਹਮਵਤਨ ਨੌਜੁਆਨੋਂ, ਮੈਂ ਤੁਹਾਡੇ ਅੱਗੇ ਇੱਕ ਪ੍ਰਸ਼ਨ ਕਰਨਾ ਆਪਣਾ ਫ਼ਰਜ਼ ਤੇ ਧਰਮ ਸਮਝਦਾ ਹਾਂ ਤੇ ਉਮੀਦ ਕਰਦਾ ਹਾਂ ਕਿ ਤੁਸੀਂ ਮੇਰੀ ਤਸੱਲੀ ਕਰੋਗੇ। ਇਹ ਸਵਾਲ ਮੈਂ ਸਾਰਿਆਂ ਨੌਜੁਆਨਾਂ ਦੇ ਸਾਹਮਣੇ ਬਗੈਰ ਕਿਸੇ ਮਜ਼ਹਬੀ ਫ਼ਰਕ ਅਤੇ ਪਾਰਟੀ ਫ਼ਰਕ ਤੋਂ ਰੱਖਦਾ ਹਾਂ। ਮੈਂ ਇਹ ਵੀ ਫ਼ਰਕ ਨਹੀਂ ਰੱਖਦਾ ਕਿ ਆਪ ਹਕੂਮਤ ਦੀ ਨੌਕਰੀ ਕਰ ਰਹੇ ਹੋ ਜਾਂ ਉਸ ਤੋਂ ਬਾਹਰ ਰਹਿ ਕੇ ਆਪਣਾ ਕੋਈ ਕੰਮ। ਮੈਂ ਸਮੁੱਚੇ ਤੌਰ 'ਤੇ ਸਾਰੀ ਨੌਜੁਆਨ ਜਮਾਤ ਤੋਂ ਪੁੱਛਦਾ ਹਾਂ ਕਿ ਜਿਸ ਜਿਸ ਜਗ੍ਹਾ ਤੁਸੀਂ ਕੰਮ ਕਰ ਰਹੇ ਹੋ, ਕੀ ਇਹ ਸੱਚੇ ਦਿਲੋਂ ਦੇਸ਼ ਭਗਤੀ ਦੇ ਜਜ਼ਬੇ ਨਾਲ ਆਪਣਾ ਫ਼ਰਜ਼ ਅਦਾ ਕਰ ਰਹੇ ਹੋ ? ਜੇਕਰ 'ਹਾਂ' ਵਿੱਚ ਉੱਤਰ ਹੈ ਤਾਂ ਮੈਂ ਦੇਸ਼ ਤੇ ਕੌਮ ਦੇ ਧੰਨ ਭਾਗ ਸਮਝਦਾ ਹਾਂ, ਜਿਸਦੇ ਪੁੱਤਰ ਤਨ, ਮਨ ਅਤੇ ਧਨ ਨਾਲ ਮਾਤਰ ਭੂਮੀ ਦੀ ਸੇਵਾ ਕਰ ਰਹੇ ਹਨ। ਜੇ 'ਹਾਂ' ਵਿੱਚ ਜੁਆਬ ਨਹੀਂ ਤਾਂ ਮੈਨੂੰ ਬੜੇ ਦੁੱਖ ਨਾਲ ਸਖ਼ਤ ਸ਼ਬਦ, ਜਿਹੜੇ ਕਿ ਮੈਂ ਪਸੰਦ ਨਹੀਂ ਕਰਦਾ, ਵਰਤਣੇ ਪੈਂਦੇ ਹਨ। ਇਸ ਤਰ੍ਹਾਂ ਕਰਕੇ ਅਸੀਂ ਇਨਸਾਨੀਅਤ ਨੂੰ ਦਾਗ਼ ਲਾ ਰਹੇ ਹਾਂ, ਅਤੇ ਆਪਣੇ ਦੁਖੀ ਦੇਸ਼ਵਾਸੀਆਂ ਦੇ ਦੁੱਖ ਤੇ ਤੰਗੀ ਨੂੰ ਹੋਰ ਵਧਾ ਰਹੇ ਹਾਂ। ਤੇ ਆਪਣੀਆਂ ਨਿੱਜੀ ਐਸ਼ੋ-ਇਸ਼ਰਤ ਭਰੀਆਂ ਗੱਲਾਂ ਵਿੱਚ ਖੁੱਭ ਕੇ ਦੇਸ਼ ਨਾਲ ਗ਼ਦਾਰੀ ਕਰ ਰਹੇ ਹਾਂ। ਮਜ਼ਮੂਨ ਨੂੰ ਲੰਬਾ ਨਾ ਕਰਦੇ ਹੋਏ ਅੰਤ ਵਿੱਚ ਮੈਂ ਹਿੰਦੁਸਤਾਨ ਦੇ ਨੌਜੁਆਨ ਸਪੁੱਤਰਾਂ ਨੂੰ ਅਪੀਲ ਕਰਦਾ ਹਾਂ ਕਿ ਆਪਣੇ ਫ਼ਰਜ਼ ਨੂੰ ਪਛਾਣੋ ਅਤੇ ਅਜ਼ਾਦ ਦੇਸ਼ ਦੀ ਸ਼ਹਿਰੀ ਜਹਿਨੀਅਤ ਨੂੰ, ਜਿਸ ਵਿੱਚ ਤੁਹਾਡਾ ਦੇਸ਼ ਵੀ ਸ਼ਾਮਲ ਹੈ, ਅਖ਼ਤਿਆਰ ਕਰੋ ਅਤੇ ਅੱਗੇ ਵਧ ਚੁੱਕੀ ਦੁਨੀਆਂ ਦੇ ਨਾਲ ਆਪਣੇ ਮੁਲਕ ਨੂੰ ਹਰ ਪੱਖ ਤੋਂ ਮਿਲਾਓ। ਇਹ ਹੀ ਤੁਹਾਡਾ ਸੱਚਾ, ਸੁੱਚਾ ਤੇ ਮੁੱਖ ਫ਼ਰਜ਼ ਹੈ। ✪

# ਲਿਖਣ ਦਾ ਕਾਰਨ

ਮੈਨੂੰ ਜ਼ਿੰਦਗੀ ਭਰ ਜੀਉਣ ਲਈ ਜਿਹੜਾ ਸੰਗਰਾਮ ਕਰਨਾ ਪਿਆ ਹੈ ਉਸ ਨੂੰ ਲਿਖਣ ਲਈ ਮੇਰੇ ਦੋਸਤਾਂ ਅਤੇ ਦੇਸ਼ ਹਿਤੈਸ਼ੀਆਂ ਨੇ ਬਾਰ-ਬਾਰ ਪ੍ਰੇਰਿਆ। ਇਸ ਲਈ ਮੈਨੂੰ ਆਪਣੇ ਮਿੱਤਰ ਸਾਥੀਆਂ ਦੇ ਹੁਕਮ ਦੀ ਪਾਲਣਾ ਕਰਨੀ ਪਈ, ਨਹੀਂ ਤਾਂ ਮੇਰੇ ਵਰਗੇ ਗੁੰਮਨਾਮ ਆਦਮੀ ਲਈ ਆਪਣਾ ਜੀਵਨ ਲਿਖਣਾ ਕਿਵੇਂ ਵੀ ਸ਼ੋਭਾ ਨਹੀਂ ਦੇਂਦਾ।

**ਸੋਹਣ ਸਿੰਘ ਭਕਨਾ (ਬਾਬਾ)**

**ਬਕੱਲਮ ਖ਼ੁਦ**

25 ਜੂਨ 1967



# ਤਤਕਰਾ


ਜੀਵਨ ਸੰਗਰਾਮ ਕੀ ਹੈ ? 9

1. ਜਨਮ ਤੇ ਬਚਪਨਾ 13
2. ਬਾਬਾ ਕੇਸਰ (ਕੇਸਰ ਸਿੰਘ) ਦੀ ਸੰਗਤ 16
3. ਇਮਤਿਹਾਨ 20
4. ਰੋਟੀ ਦੀ ਭਾਲ ਵਿੱਚ ਅਮਰੀਕਾ ਨੂੰ 21
5. ਲੱਕੜੀ ਦੇ ਕਾਰਖ਼ਾਨੇ ਵਿੱਚ ਕੰਮ 25
6. ਅਮਰੀਕਾ ਵਿੱਚ ਵਿਦੇਸ਼ੀ ਮਜ਼ਦੂਰਾਂ ਤੇ ਹਮਲੇ 25
7. ਹਿੰਦੀ ਐਸੋਸੀਏਸ਼ਨ ਦਾ ਮੈਂਬਰ ਬਣਨਾ 29
8. ਗ਼ਦਰ ਅਖ਼ਬਾਰ 34
9. ਕਾਮਾਗਾਟਾ ਮਾਰੂ ਦਾ ਵੈਨਕੋਵਰ (ਕੈਨੇਡਾ) ਨੂੰ ਜਾਣਾ 40
10. ਗ੍ਰਿਫ਼ਤਾਰੀ 42

11. ਜ਼ੇਲ੍ਹ ਸੰਗਰਾਮ 44
12. ਮੁਕੱਦਮਾ ਲਾਹੌਰ ਸਾਜਸ਼ ਕੇਸ (ਪਹਿਲਾ) 46
13. ਅੰਡੇਮਾਨ ਸੈਲੂਅਲਰ ਜੇਲ੍ਹ ਵਿੱਚ 48
14. ਹਿੰਦੁਸਤਾਨ ਨੂੰ ਰਾਜਸੀ ਕੈਦੀਆਂ ਦੀ ਵਾਪਸੀ 55
15. ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ 58
16. ਰਿਹਾਈ 60
17. ਪਿੰਡ ਵਾਪਸੀ ਅਤੇ ਜ਼ਮੀਨ ਦਾ ਕਲੇਸ਼ 61
18. ਕਿਰਤੀ ਕਿਸਾਨ ਆਸ਼ਰਮ 63
19. ਜਲ੍ਹਿਆਂ ਵਾਲੇ ਬਾਗ ਵਿੱਚ ਮਰਨ ਵਰਤ 66
20. ਕਿਸਾਨ ਲਹਿਰਾਂ ਵਿੱਚ ਕੰਮ 66
21. ਦੇਵਲੀ ਕੈਂਪ ਅਤੇ ਉਸਦੇ ਲਾਭ 70
22. 15 ਅਗਸਤ 1947 73
23. ਕੌਮੀ ਹਕੂਮਤ ਦੀ ਦੇਣ 74
24. ਦੇਸ਼ ਭਗਤ ਯਾਦਗਾਰ ਹਾਲ 75
25. ਦਰਦੇ-ਦਿਲ 77

# *ਜੀਵਨ ਸੰਗਰਾਮ ਕੀ ਹੈ ?*

## ਜੀਵਨ ਸੰਗਰਾਮ ਦਾ ਦੂਸਰਾ ਨਾਮ ਹੈ-ਆਰਥਿਕ ਸੰਗਰਾਮ।

ਜਦੋਂ ਬੱਚਾ ਮਾਂ ਦੀ ਕੁੱਖ ਵਿੱਚੋਂ ਬਾਹਰ ਆਉਂਦਾ ਹੈ, ਤਦ ਥੋੜ੍ਹੇ ਸਮੇਂ ਪਿੱਛੋਂ ਹੀ ਜੀਉਣ ਲਈ ਉਹ ਮਾਂ ਨਾਲ ਲੜਾਈ ਸ਼ੁਰੂ ਕਰ ਦੇਂਦਾ ਹੈ। ਇਸ ਸੰਗਰਾਮ ਦਾ ਕਾਰਨ ਉਸਦੀ ਭੁੱਖ ਹੁੰਦਾ ਹੈ। ਭਾਵ-ਆਰਥਿਕ ਜੀਵਨ ਦੀ ਰਖਵਾਲੀ। ਜਦ ਬੱਚੇ ਨੂੰ ਭੁੱਖ ਲੱਗਦੀ ਹੈ, ਤਦ ਰੋਣਾ ਸ਼ੁਰੂ ਕਰ ਦੇਂਦਾ ਹੈ। ਮਤਲਬ ਇਹ ਕਿ ਰੋਣ ਦੇ ਹਥਿਆਰ ਰਾਹੀਂ ਉਹ ਆਪਣੇ ਆਰਥਿਕ ਜੀਵਨ ਦੀ ਰਖਵਾਲੀ ਲਈ ਮਾਂ ਦਾ ਮੁਕਾਬਲਾ ਕਰਦਾ ਹੈ ਅਤੇ ਆਪਣੇ ਕੁਦਰਤੀ ਹੱਕ ਲਈ ਮਾਂ ਨੂੰ ਮਜ਼ਬੂਰ ਕਰਦਾ ਹੈ ਕਿ ਉਹ ਦੁੱਧ ਦੇਵੇ।

ਜਿਉਂ-ਜਿਉਂ ਉਸਦੀ ਉਮਰ ਵਧਦੀ ਹੈ, ਤਿਉਂ-ਤਿਉਂ ਉਹ ਆਪਣੇ ਹਥਿਆਰਾਂ ਤੇ ਲੜਾਈ ਦੇ ਢੰਗਾਂ ਨੂੰ ਵੀ ਬਦਲਦਾ ਜਾਂਦਾ ਹੈ। ਵੱਡਾ ਹੋ ਕੇ ਮਨੁੱਖ ਸਮਾਜ ਨਾਲ ਆਰਥਿਕ ਲੜਾਈ ਸਮੇਂ ਕਈ ਪ੍ਰਕਾਰ ਦੇ ਸੰਦਾਂ, ਹਥਿਆਰਾਂ ਤੇ ਬੰਬਾਂ ਨਾਲ ਤਿਆਰ ਹੋ ਕੇ ਖੂਨੀ ਇਨਕਲਾਬ ਪੈਦਾ ਕਰ ਦੇਂਦਾ ਹੈ। ਇਹ ਸੰਗਰਾਮ, ਪੈਦਾ ਹੋਣ ਤੋਂ ਲੈ ਕੇ ਜ਼ਿੰਦਗੀ ਦੇ ਆਖਰੀ ਦਮ ਤੱਕ ਜਾਰੀ ਰਹਿੰਦਾ ਹੈ। ਇਸ ਲਈ ਜੀਵਨ ਦਾ ਆਰਥਿਕ ਪੱਖ ਦੂਜੇ ਧਾਰਮਿਕ, ਰਾਜਨੀਤਕ ਤੇ ਸਮਾਜਿਕ ਪੱਖਾਂ ਤੋਂ ਕਿਤੇ ਮਹਾਨ ਸਮਝਿਆ ਜਾਂਦਾ ਹੈ। ਕਹੌਤ ਹੈ : ਪੇਟ ਨਾ ਪਈਆਂ ਰੋਟੀਆਂ ਤਾਂ ਸਭੇ ਗੱਲਾਂ ਖੋਟੀਆਂ।

ਸਿੱਧ ਹੋਇਆ ਕਿ ਸਾਨੂੰ ਜੀਵਨ ਸੰਗਰਾਮ ਵਿੱਚ ਸਭ ਤੋਂ ਪਹਿਲਾਂ ਆਰਥਿਕ ਪੱਖ ਨੂੰ ਬੁਨਿਆਦੀ ਥਾਂ ਦੇਣੀ ਚਾਹੀਦੀ ਹੈ। ਇਹ ਨਹੀਂ ਕਿ ਹਿੰਸਾ ਅਤੇ ਅਹਿੰਸਾ ਦੇ ਝਗੜਿਆਂ ਵਿੱਚ ਲੋਕਾਂ ਨੂੰ ਫਸਾ ਕੇ ਤੇ ਉਹਨਾਂ ਨੂੰ ਸਹੀ ਰਾਹ ਤੋਂ ਹਟਾ ਕੇ ਆਪਣੀ ਮਹਾਨਤਾ ਦਾ ਵਿਖਾਲਾ ਕਰੀਏ। ਜਿਵੇਂ ਕੇ ਗਾਂਧੀ ਜੀ ਨੇ ਹਿੰਦੁਸਤਾਨ ਦੇ ਲੋਕਾਂ ਨਾਲ ਕੀਤਾ।

ਅਸੀਂ ਨਾ ਹੀ ਹਿੰਸਾ ਅਤੇ ਨਾ ਹੀ ਅਹਿੰਸਾ ਨੂੰ ਆਪਣਾ ਅਕੀਦਾ ਬਣਾ ਸਕਦੇ ਹਾਂ ਅਤੇ ਨਾ ਹੀ ਨਿਰਪੱਖ ਨੀਤੀ ਤੇ ਭਰੋਸਾ ਕਰ ਸਕਦੇ ਹਾਂ। ਸਾਡਾ ਅਕੀਦਾ ਨਿਆਏ ਨੀਤੀ ਹੋਣਾ ਚਾਹੀਦਾ ਹੈ। ਜੇ ਕਿਸੇ ਦਾ ਇੱਕ ਬੂੰਦ ਲਹੂ ਨਾਜਾਇਜ਼ ਵਹਾਇਆ ਜਾਂਦਾ ਹੈ ਤਾਂ ਇਹ ਭਾਰੀ ਗੁਨਾਹ ਹੈ। ਪਰ ਜੇ ਕੋਈ ਜ਼ਾਲਮ ਕਿਸੇ ਕਮਜ਼ੋਰ ਕੌਮ ਜਾਂ ਦੇਸ਼ ਦੀ ਆਜ਼ਾਦੀ, ਰੋਟੀ ਅਤੇ ਦੂਜੇ ਸਮਾਜਿਕ ਹੱਕਾਂ ਨੂੰ ਪੈਰਾਂ ਹੇਠਾਂ ਕੁਚਲਦਾ ਹੈ, ਤਦ ਅਜਿਹੀ ਹਾਲਤ ਵਿੱਚ ਆਪਣੀ ਰਾਖੀ ਹਥਿਆਰਬੰਦ ਇਨਕਲਾਬ ਰਾਹੀਂ ਕਰਨੀ ਇੱਕ ਫ਼ਰਜ਼ ਤੇ ਪਹਿਲਾ ਧਰਮ ਹੈ। ਅਹਿੰਸਾ ਏਥੇ ਕਾਇਰਤਾ ਦੀ ਭੈਣ ਸਾਬਤ ਹੋਵੇਗੀ ਅਤੇ ਨਾ ਮੁਆਫ਼ ਕੀਤਾ ਜਾਣ ਵਾਲਾ ਇਤਿਹਾਸਕ ਗੁਨਾਹ ਸਮਝੀ ਜਾਵੇਗੀ। ਕਿਉਂਕਿ ਕਾਇਰਤਾ ਜ਼ਾਲਮ ਪੈਦਾ ਕਰਦੀ ਹੈ ਤੇ ਉਹਦਾ ਹੌਂਸਲਾ ਵਧਾਉਂਦੀ ਹੈ। ਇਸ ਜ਼ੁਲਮ ਦਾ ਗੁਨਾਹ ਜਿੰਨਾ ਜ਼ਾਲਮ ਸਿਰ ਹੈ, ਉਸ ਤੋਂ ਕਿਤੇ ਵੱਧ ਅਹਿੰਸਾਵਾਦੀ ਮਜ਼ਲੂਮ ਉੱਤੇ ਵੀ ਆਉਂਦਾ ਹੈ। ਜਿਸ ਦੀ ਕਾਇਰਤਾ ਨੇ ਜ਼ਾਲਮ ਲਈ ਇਹ ਮੌਕਾ ਪੈਦਾ ਕੀਤਾ ਕਿ ਉਹ ਲੋਕਾਂ ਉੱਤੇ ਜ਼ੁਲਮ ਦੇ ਪਹਾੜ ਤੋੜੇ।



ਨਿਰਪੱਖ ਨੀਤੀ ਵੀ ਕਾਇਰਤਾ ਦੀ ਇੱਕ ਸ਼ਕਲ ਹੈ। ਸਾਡੇ ਸਾਹਮਣੇ ਇੱਕ ਮਜ਼ਲੂਮ ਨੂੰ ਜ਼ਾਲਮ ਕਤਲ ਕਰਨਾ ਚਾਹੁੰਦਾ ਹੈ, ਉਸ ਸਮੇਂ ਸਾਡਾ ਮਨੁੱਖੀ ਕਰੱਤਵ ਹੈ ਕਿ ਅਸੀਂ ਮਜ਼ਲੂਮ ਦਾ ਪੱਖ ਲਈਏ ਅਤੇ ਜ਼ਾਲਮ ਤੋਂ ਉਸ ਨੂੰ ਬਚਾਈਏ। ਇਹ ਨਹੀਂ ਕਿ ਪਾਸੇ ਖਲੋਤੇ ਤਮਾਸ਼ਾ ਵੇਖਦੇ ਰਹੀਏ ਅਤੇ ਨਿਰਪੱਖਤਾ ਦੇ ਸੁਹਲੇ ਗਾਉਂਦੇ ਰਹੀਏ ਜਿਵੇਂ ਜਵਾਹਰ ਲਾਲ ਦੀ ਨਿਰਪੱਖਤਾ ਦੇ ਗੀਤ ਗਾਏ ਜਾਂਦੇ ਹਨ। ਅਜਿਹੀਆਂ ਕਾਇਰ ਨੀਤੀਆਂ ਮਨੁੱਖੀ ਸਮਾਜ ਦਾ ਕੁਝ ਵੀ ਭਲਾ ਨਹੀਂ ਕਰ ਸਕਦੀਆਂ। ਇਸ ਲਈ ਮੈਂ ਨੌਜਵਾਨਾਂ ਨੂੰ ਜਾਣੂ ਕਰਵਾਉਣਾ ਚਾਹੁੰਦਾ ਹਾਂ ਕਿ ਉਹ ਕਮਜ਼ੋਰ ਨੀਤੀ ਤੋਂ ਬਚਣ ਅਤੇ ਆਪਣੀ ਆਜ਼ਾਦੀ, ਬਰਾਬਰੀ ਅਤੇ ਮਨੁੱਖਤਾ ਦੇ ਹੱਕਾਂ ਲਈ ਹਰ ਕੁਰਬਾਨੀ ਕਰਨ ਵਾਸਤੇ ਤਿਆਰ ਰਹਿਣ।

**ਸੋਹਣ ਸਿੰਘ ਭਕਨਾ (ਬਾਬਾ)**
**ਬਕੱਲਮ ਖ਼ੁਦ**

# ਭੂਮਿਕਾ

## ਪਹਿਲਾ ਸੰਸਕਰਣ

ਅਸਲੀ ਜੀਵਨ ਸੰਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਪਾਠਕਾਂ ਅੱਗੇ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਉਹ ਇਹ ਕਿ-ਹਰ ਘਟਨਾ ਚਾਹੇ ਆਪਣੀ ਹੈ ਜਾਂ ਕਿਸੇ ਦੋਸਤ ਦੀ-ਈਮਾਨਦਾਰੀ ਮੰਗ ਕਰਦੀ ਹੈ ਕਿ ਕਮਜ਼ੋਰੀਆਂ ਅਤੇ ਚੰਗਿਆਈਆਂ ਜਿਉਂ ਦੀਆਂ ਤਿਉਂ ਲੋਕਾਂ ਸਾਹਮਣੇ ਰੱਖ ਦਿੱਤੀਆਂ ਜਾਣ ਤਾਂ ਕਿ ਲੋਕ ਅਸਲੀਅਤ ਨੂੰ ਸਮਝ ਕੇ ਧੋਖਾ ਨਾ ਖਾਣ।

ਜੇ ਅਸੀਂ ਆਪਣੇ ਆਜ਼ਾਦ ਦਿਮਾਗ ਨਾਲ ਆਪਣੇ ਅੰਤਕਰਨ ਦੀਆਂ ਤੈਹਾਂ ਫ਼ਰੋਲੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਮਨੁੱਖ ਗ਼ਲਤੀਆਂ ਅਤੇ ਦਰੁਸਤੀਆਂ ਦਾ ਸੰਗ੍ਰਹਿ ਹੈ। ਕੋਈ ਮਨੁੱਖ ਇਹ ਦਾਅਵਾ ਨਹੀਂ ਕਰ ਸਕਦਾ ਕਿ ਉਹ ਮਾਂ ਦੇ ਪੇਟ ਵਿੱਚੋਂ ਹੀ ਮਹਾਤਮਾ ਬਣ ਕੇ ਪੈਦਾ ਹੋਇਆ ਸੀ। ਮਨੁੱਖ ਦਾ ਜੀਵਨ ਹਾਲਾਤ ਦੇ ਸੰਚੇ ਵਿੱਚ ਢਲਦਾ ਰਹਿੰਦਾ ਹੈ। ਆਲੇ-ਦੁਆਲੇ ਦੇ ਹਾਲਾਤ ਅਤੇ ਸਮਾਜ ਉਸ ਉੱਤੇ ਆਪਣਾ ਅਸਰ ਅਥਵਾ ਪ੍ਰਭਾਵ ਪਾਉਂਦੇ ਹਨ। ਇਹਨਾਂ ਤੋਂ ਬਚਣਾ ਅਸੰਭਵ ਹੈ। ਇਸ ਲਈ ਇਸ ਜੀਵਨ ਸੰਗਰਾਮ ਵਿੱਚ ਜੋ ਕੁਝ ਵੀ ਮੈਂ ਲਿਖ ਰਿਹਾ ਹਾਂ, ਉਸਦੇ ਪਿੱਛੇ ਜੋ ਜੋ ਕਾਰਨ ਵਿਖਾਏ ਜਾਣਗੇ, ਉਹਨਾਂ ਨੂੰ ਪਹਿਲਾਂ ਸਮਝ ਲੈਣਾ ਵਧੇਰੇ ਜ਼ਰੂਰੀ ਹੈ ਤਾਂ ਕਿ ਗੱਲ ਦਾ ਰਾਹ ਸਾਫ਼ ਹੋ ਸਕੇ।

**ਸੋਹਣ ਸਿੰਘ ਭਕਨਾ (ਬਾਬਾ)**

25 ਜੂਨ 1967 ਬਕੱਲਮ ਖ਼ੁਦ

## ਦੂਸਰਾ ਸੰਸਕਰਣ

ਜੀਵਨ ਸੰਗਰਾਮ ਪੜ੍ਹ ਕੇ ਕੁਝ ਨੌਜਵਾਨਾਂ ਨੇ ਇਹ ਮਹਿਸੂਸ ਕੀਤਾ ਹੈ ਕਿ ਮੈਨੂੰ 1930 ਦੀ ਰਿਹਾਈ ਪਿੱਛੋਂ ਦੇ ਹਾਲਾਤ ਬਾਰੇ ਕੁਝ ਹੋਰ ਵਿਸਥਾਰ ਨਾਲ ਦੱਸਣਾ ਚਾਹੀਦਾ ਹੈ ਕਿ ਰਿਹਾਈ ਦੇ ਬਾਅਦ ਮੇਰਾ ਮੂੰਹ ਕਿਧਰ ਰਿਹਾ। ਇਸ ਮੰਗ ਨੂੰ ਮੁੱਖ ਰੱਖਦਿਆਂ ਹੋਇਆਂ ਜੀਵਨ ਸੰਗਰਾਮ ਦੇ ਕੁਝ ਹੋਰ ਪੱਖ ਇਸ ਵਿੱਚ ਸ਼ਾਮਲ ਕਰ ਦਿੱਤੇ ਹਨ।

**ਸੋਹਣ ਸਿੰਘ ਭਕਨਾ (ਬਾਬਾ)**

27 ਫਰਵਰੀ 1968 ਬਕੱਲਮ ਖ਼ੁਦ



# ਜੀਵਨ ਸੰਗਰਾਮ ਦੀ ਰੂਪ-ਰੇਖਾ

**ਪਹਿਲੀ ਮੰਜ਼ਿਲ** - ਸੋਲਾਂ ਸਾਲ ਦੀ ਉਮਰ ਤੱਕ (1870 ਤੋਂ 1886) ਬਚਪਨ ਤੇ ਵਿਦਿਆ ਹਾਸਲ ਕਰਨੀ।

**ਦੂਸਰੀ ਮੰਜ਼ਿਲ** - ਸੋਲਾਂ ਸਾਲ ਦੀ ਉਮਰ ਤੋਂ ਛੱਬੀ ਸਾਲ ਤੱਕ ਅੱਯਾਸ਼ੀ (1886 ਤੋਂ 1896)।

**ਤੀਸਰੀ ਮੰਜ਼ਿਲ** - ਛੱਬੀ ਸਾਲ ਤੋਂ 38 ਸਾਲ (1896 ਤੋਂ 1908) ਤੱਕ ਰੂਹਾਨੀਅਤ ਅਰਥਾਤ 'ਰੱਬ' ਦੀ ਖੋਜ।

**ਚੌਥੀ ਮੰਜ਼ਿਲ** - 1909 ਤੋਂ 1913 ਤੱਕ ਰੋਟੀ ਦੀ ਭਾਲ।

**ਪੰਜਵੀਂ ਮੰਜ਼ਿਲ** - 1913 ਤੋਂ 1947 ਤੱਕ ਗ਼ਦਰ ਪਾਰਟੀ ਦੇ ਝੰਡੇ ਹੇਠਾਂ ਅੰਗਰੇਜ਼ੀ ਸਾਮਰਾਜੀਆਂ ਤੋਂ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਦੇ ਸੰਗਰਾਮ ਵਿੱਚ ਹਿੱਸਾ।

**ਛੇਵੀਂ ਮੰਜ਼ਿਲ** - 1947 ਤੋਂ......ਚਲਦਾ......ਕੌਮੀ ਹਕੂਮਤ ਦਾ ਅਸਰ।

**- ਸੋਹਣ ਸਿੰਘ ਭਕਨਾ (ਬਾਬਾ)**
**ਬਕੱਲਮ ਖ਼ੁਦ**

# ਜੀਵਨ ਸੰਗਰਾਮ
## (ਭਾਗ ਪਹਿਲਾ)

## 1. ਜਨਮ ਤੇ ਬਚਪਨਾ

ਮੇਰਾ ਜਨਮ ਸ਼ੁਰੂ ਜਨਵਰੀ ਸੰਨ 1870 ਵਿੱਚ ਹੋਇਆ। ਮੇਰੇ ਪਿਤਾ ਦਾ ਨਾਂ ਕਰਮ ਸਿੰਘ, ਧਰਮ ਮਾਤਾ ਜੀ (ਮਤਰੇਈ ਮਾਂ) ਦਾ ਨਾਂ ਹਰ ਕੌਰ, ਜਨਨੀ ਮਾਤਾ ਦਾ ਨਾਂ ਰਾਮ ਕੌਰ ਤੇ ਦਾਦੀ ਜੀ ਦਾ ਨਾਂ ਹੁਕਮ ਕੌਰ ਸੀ।

ਮੇਰੀ ਧਰਮ ਮਾਤਾ ਜੀ ਦੀ ਕੁੱਖੋਂ ਜਦ ਕੋਈ ਸੰਤਾਨ ਨਾ ਹੋਈ ਤਾਂ ਉਹ ਨਿਰਾਸ਼ ਹੋ ਗਏ ਅਤੇ ਮੇਰੇ ਪਿਤਾ ਜੀ ਤੇ ਜ਼ੋਰ ਪਾਇਆ ਕਿ ਉਹ ਦੂਜੀ ਸ਼ਾਦੀ ਕਰਵਾਉਣ ਤਾਂ ਕਿ ਖ਼ਾਨਦਾਨ ਦਾ ਨਾਮ ਕਾਇਮ ਰਹੇ। ਮੇਰੇ ਪਿਤਾ ਜੀ ਆਚਰਣ ਦੇ ਬਹੁਤ ਉੱਚੇ ਤੇ ਸਿੱਖ ਧਾਰਮਿਕ ਵਿਚਾਰਾਂ ਵਾਲੇ ਸਨ। ਕਈ ਸਾਲ ਤਾਂ ਉਹ ਮੇਰੀ ਧਰਮ ਮਾਤਾ ਜੀ ਨਾਲ ਸਹਿਮਤ ਨਾ ਹੋਏ। ਪਰ ਮਾਤਾ ਜੀ ਨੇ ਬਹੁਤ ਹੀ ਮਜ਼ਬੂਰ ਕੀਤਾ ਤੇ ਇੱਥੋਂ ਤੱਕ ਕਿਹਾ, "ਤੁਸੀਂ ਖ਼ੁਦ ਹੀ ਆਪਣੇ ਖ਼ਾਨਦਾਨ ਦਾ ਨਾਂ ਮਿਟਾਉਣਾ ਚਾਹੁੰਦੇ ਹੋ। ਨਾਲੇ ਜੇ ਮੈਂ ਰਾਜ਼ੀ ਹਾਂ ਤਾਂ ਤੁਸੀਂ ਕਿਉਂ ਇਨਕਾਰ ਕਰਦੇ ਹੋ ?" ਆਖ਼ਰ ਉਹਨਾਂ ਮੇਰੇ ਪਿਤਾ ਜੀ ਨੂੰ ਮਨਾ ਹੀ ਲਿਆ ਤੇ ਆਪ ਹੀ ਕੋਸ਼ਿਸ਼ ਕਰਕੇ ਦੂਜਾ ਵਿਆਹ ਕਰਵਾ ਦਿੱਤਾ।

ਪਿਤਾ ਜੀ ਦੀ ਦੂਸਰੀ ਸ਼ਾਦੀ ਤੋਂ ਦੋ ਸਾਲ ਪਿੱਛੋਂ ਸ਼ੁਰੂ ਜਨਵਰੀ 1870 ਵਿੱਚ ਨਾਨਕੇ ਘਰ ਪਿੰਡ ਖੁਤਰਾ ਖ਼ੁਰਦ (ਜ਼ਿਲ੍ਹਾ ਅੰਮ੍ਰਿਤਸਰ) ਵਿੱਚ ਮੇਰਾ ਜਨਮ ਹੋਇਆ। ਮੈਂ ਅਜੇ ਇੱਕ ਸਾਲ ਦਾ ਹੀ ਸਾਂ ਕਿ ਮੇਰੇ ਪਿਤਾ ਜੀ ਚਲਾਣਾ ਕਰ ਗਏ, ਪਿੱਛੇ ਤਿੰਨ ਇਸਤਰੀਆਂ ਤੇ ਇੱਕ ਸਾਲ ਦਾ ਬੱਚਾ ਘਰ ਵਿੱਚ ਰਹਿ ਗਏ। ਨਾ ਕੋਈ ਚਾਚਾ, ਨਾ ਤਾਇਆ, ਨਾ ਭੈਣ ਨਾ ਭਰਾ। ਉਹ ਇਸ ਤਰ੍ਹਾਂ ਸੀ ਕਿ ਤਿੰਨਾਂ ਪੀੜ੍ਹੀਆਂ ਤੋਂ ਸਾਡੇ ਖ਼ਾਨਦਾਨ ਦਾ ਇੱਕ ਹੀ ਵਾਰਸ ਹੁੰਦਾ ਆਇਆ ਸੀ। ਭਾਵ ਮੇਰੇ ਦਾਦਾ ਜੀ, ਪਿਤਾ ਤੇ ਫਿਰ ਮੈਂ ਸਾਰੇ ਇਕੱਲੇ-ਇਕੱਲੇ ਹੀ ਘਰ ਦੇ ਵਾਰਸ ਰਹੇ।

ਇਸ ਹਾਲਤ ਵਿੱਚ ਕੁਦਰਤੀ ਤੌਰ ਤੇ ਸਾਡੀ ਜ਼ਮੀਨ ਦੀ ਢੇਰੀ ਇਕੱਠੀ ਰਹੀ ਤੇ ਨਾ ਵੰਡੀ ਜਾਣ ਕਰ ਕੇ 130 ਵਿੱਘੇ (65 ਏਕੜ) ਪਿੰਡ ਦੇ ਨੇੜੇ ਇੱਕੋ ਜਗ੍ਹਾ ਕਾਇਮ ਰਹੀ। ਜ਼ਮੀਨ ਅਵੱਲ ਦਰਜੇ ਦੀ ਸੀ। ਇਸ ਵਿੱਚ ਦੋ ਖੂਹ ਸਨ। ਪਿਤਾ ਜੀ ਦੇ ਚਲਾਣੇ ਪਿੱਛੋਂ ਮੇਰੀ ਦਾਦੀ ਜੀ ਨੇ ਜ਼ਮੀਨ ਦਾ ਬੰਦੋਬਸਤ ਆਪਣੇ ਹੱਥ ਵਿੱਚ ਲਿਆ ਅਤੇ ਮੇਰੇ ਧਰਮ ਮਾਤਾ ਜੀ ਨੇ ਘਰ ਦਾ। ਮੇਰੇ ਜਨਨੀ ਮਾਤਾ ਉਨ੍ਹਾਂ ਦੇ ਕਹੇ ਅਨੁਸਾਰ ਘਰ ਦਾ ਕੰਮ ਕਾਰ ਕਰਦੇ। ਮੇਰੀ ਧਰਮ ਮਾਤਾ ਤੇ ਜਨਨੀ ਮਾਤਾ ਦਾ ਆਪੋ ਵਿੱਚ ਭੈਣਾਂ ਵਾਲਾ ਸਲੂਕ ਸੀ। ਕਿਸੇ ਓਪਰੇ ਆਦਮੀ ਨੂੰ ਇਹ ਪਤਾ ਹੀ ਨਹੀਂ ਸੀ ਲੱਗਦਾ ਕਿ ਇਨ੍ਹਾਂ ਦਾ ਦੁਨਿਆਵੀ ਰਿਸ਼ਤਾ ਕੀ ਸੀ। ਮੇਰਾ ਪਾਲਣ ਪੋਸਣ ਮੇਰੇ ਧਰਮ ਮਾਤਾ



ਕਰਦੇ ਸੀ ਅਤੇ ਮੈਂ ਉਨ੍ਹਾਂ ਨੂੰ ਹੀ ਮਾਤਾ ਖਿਆਲ ਕਰਦਾ ਸਾਂ।

ਮੇਰੇ ਧਰਮ ਮਾਤਾ ਬੜੇ ਨਿਰਮਲ ਸੁਭਾ ਵਾਲੇ ਸਨ। ਗਲੀ ਮੁਹੱਲੇ ਦੇ ਗਰੀਬ ਬੱਚਿਆਂ ਨਾਲ ਜੋ ਜ਼ਿਆਦਾ ਲੁਹਾਰ, ਤਰਖਾਣ ਤੇ ਜੁਲਾਹੇ ਦਾ ਕੰਮ ਕਰਨ ਵਾਲੇ ਘਰਾਂ ਦੇ ਸਨ-ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਨੂੰ ਈਦ ਵਗੈਰਾ ਦੇ ਤਿਉਹਾਰ ਤੇ ਮਿੱਠੇ ਚੌਲ, ਸੇਵੀਆਂ ਆਦਿ ਬੜੇ ਚਾਅ ਪਿਆਰ ਨਾਲ ਬਣਾ ਕੇ ਖੁਆਉਂਦੇ ਸਨ।

ਮੇਰੇ ਨਾਲ ਪਿੰਡ ਦੇ ਬਜ਼ੁਰਗ ਬਹੁਤ ਪਿਆਰ ਕਰਦੇ ਸਨ। ਜਦ ਮੈਂ 8-9 ਸਾਲ ਦਾ ਹੋਇਆ ਤਾਂ ਮੈਨੂੰ ਮੇਰੇ ਪਿਤਾ ਜੀ ਬਾਰੇ ਬਹੁਤ ਕੁਝ ਦੱਸਣ ਲੱਗੇ। ਉਨ੍ਹਾਂ ਦੱਸਣਾ ਕਿ ਜਦ ਕਦੇ ਵੀ ਕਾਲ ਪੈ ਜਾਂਦਾ ਤਾਂ ਮੇਰੇ ਪਿਤਾ ਜੀ ਗਰੀਬਾਂ ਲਈ ਦਾਣਿਆਂ ਦੇ ਕੋਠੇ ਖੋਲ੍ਹ ਦੇਂਦੇ ਤੇ ਮੁਫ਼ਤ ਅਨਾਜ ਵੰਡਦੇ। ਜਦ ਕਿਤੇ ਸਿਆਲ ਵਿੱਚ ਗੰਨਿਆਂ ਦੀ ਰਸ ਕਢਾਉਂਦੇ ਤਾਂ 16-16 ਪਹਿਰਾਂ ਦਾ ਰਸ ਚੌਲਾਂ ਸਮੇਤ ਗਰੀਬਾਂ ਨੂੰ ਵੰਡਦੇ। ਇਸੇ ਤਰ੍ਹਾਂ ਉਹ ਆਪਣੇ ਧਾਰਮਿਕ ਖ਼ਿਆਲਾਂ ਵਿੱਚ ਲੀਨ ਰਹਿੰਦੇ ਅਤੇ ਮਾਇਆ ਨਾਲ ਬਹੁਤ ਘੱਟ ਪਿਆਰ ਕਰਦੇ।

ਉਨ੍ਹੀਂ ਦਿਨੀਂ ਸਿੱਖ ਬੱਚਿਆਂ ਨੂੰ ਗੁਰਮੁਖੀ ਪੜ੍ਹਾਉਣਾ ਜ਼ਰੂਰੀ ਸਮਝਿਆ ਜਾਂਦਾ ਸੀ। ਮੈਨੂੰ ਵੀ ਮੇਰੀ ਧਰਮ ਮਾਤਾ ਜੀ ਨੇ ਗੁਰਦਵਾਰੇ ਦੇ ਗ੍ਰੰਥੀ ਕੋਲ ਗੁਰਮੁਖੀ ਪੜ੍ਹਨ ਲਈ ਭੇਜਿਆ। ਮੈਂ ਪੰਜ ਗ੍ਰੰਥੀ, ਦਸ ਗ੍ਰੰਥੀ ਤੇ ਭਗਤ ਬਾਣੀ ਪੜ੍ਹੀਆਂ। ਲਿਖਣਾ ਤਾਂ ਗ੍ਰੰਥੀ ਖੁਦ ਵੀ ਨਹੀਂ ਜਾਣਦੇ ਸਨ। ਜ਼ਮੀਨ ਤੇ ਜਾਂ ਲੱਕੜੀ ਦੀ ਤਖ਼ਤੀ ਤੇ ਕੁਝ ਲਿਖਾਈ ਕਰਵਾਉਂਦੇ ਸਨ-ਬਸ ਟੁੱਟੀ ਭੱਜੀ। ਇਹੋ ਕਾਰਨ ਹੈ ਕਿ ਮੈਨੂੰ ਅਜੇ ਵੀ ਸਕੂਲਾਂ ਦੇ ਪੜ੍ਹੇ ਬੱਚਿਆਂ ਵਾਂਗ ਚੰਗੀ ਤਰ੍ਹਾਂ ਤੇ ਸੁੰਦਰ ਅੱਖਰਾਂ ਵਿੱਚ ਲਿਖਣਾ ਨਹੀਂ ਆਉਂਦਾ।

ਉਸ ਵਕਤ ਤੱਕ ਸਾਡੇ ਪਿੰਡ ਸਰਕਾਰੀ ਸਕੂਲ ਹੈ ਨਹੀਂ ਸੀ। ਜਦ ਮੈਂ 11 ਸਾਲ ਦਾ ਹੋਇਆ ਤਾਂ ਸਕੂਲ ਖੁੱਲ੍ਹਣ ਤੇ ਮੈਨੂੰ ਉਸ ਵਿੱਚ ਦਾਖ਼ਲ ਕਰਵਾਇਆ ਗਿਆ। ਧਰਮ ਮਾਤਾ ਜੀ ਨੇ ਮੈਨੂੰ ਫ਼ਾਰਸੀ ਦੇ ਸਕੂਲ ਵਿੱਚ ਦਾਖ਼ਲ ਕਰਵਾ ਦਿੱਤਾ। ਸਕੂਲ ਵਿੱਚ ਪ੍ਰਾਇਮਰੀ (ਆਰੰਭਕ ਵਿਦਿਆ) ਚੰਗੇ ਨੰਬਰ ਲੈ ਕੇ ਪਾਸ ਕੀਤੀ।

ਸਕੂਲ ਦੇ ਸਮੇਂ ਦੀ ਇੱਕ ਘਟਨਾ ਮੈਨੂੰ ਅੱਜ ਵੀ ਯਾਦ ਹੈ। ਇੱਕ ਵਾਰ ਇੱਕ ਮੁੰਡੇ ਨੇ ਮੇਰੀ ਅੱਧੀ ਦਵਾਤ ਉਲੱਦ ਲਈ। ਛੁੱਟੀ ਪਿੱਛੋਂ ਮੈਂ ਉਸ ਨੂੰ ਫੜ ਲਿਆ ਪਰ ਉਸ ਦੇ ਵੱਡੇ ਭਰਾ ਨੇ ਚਪੇੜਾਂ ਮਾਰ-ਮਾਰ ਕੇ ਮੈਨੂੰ ਬੇਹਾਲ ਕਰ ਦਿੱਤਾ। ਮੈਂ ਅੰਦਰੋਂ-ਅੰਦਰ ਬੜਾ ਪਸ਼ੇਮਾਨ ਹੋਇਆ ਤੇ ਫੈਸਲਾ ਕਰ ਲਿਆ ਸੀ ਕਿ ਸਰੀਰਕ ਤੌਰ 'ਤੇ ਤਕੜਾ ਬਣਾਂਗਾ। ਇੱਕ ਰੁਪਿਆ ਤੇ ਗੁੜ ਦੀ ਰੋੜੀ ਦੇ ਕੇ ਮੈਂ ਇੱਕ ਅਖਾੜੇ ਵਿੱਚ ਘੁਲਣ ਲੱਗ ਪਿਆ। ਸਕੂਲ ਵਿੱਚ ਮੁਨਸ਼ੀ ਜੀ ਨੇ ਡਾਂਟਿਆ ਅਤੇ ਮਾਤਾਵਾਂ ਨੇ ਵੀ ਵਰਜਿਆ ਕਿ ਹੱਡ-ਬਾਂਹ ਤੁੜਵਾ ਬੈਠੇਂਗਾ। ਪਰ ਮੈਂ ਆਖਿਆ ਕਿ ਮੈਂ ਘਰ ਵਿੱਚ ਕੱਲੋ-ਕੱਲਾ ਹਾਂ। ਜੇ ਮੈਂ ਕਮਜ਼ੋਰ ਰਿਹਾ ਤਾਂ ਲੋਕਾਂ ਮੇਰਾ ਫੱਕਾ ਨਹੀਂ ਛੱਡਣਾ। ਛੇ ਕੁ ਮਹੀਨੇ ਘੁਲ ਕੇ ਤੇ ਚੰਗਾ ਖਾ ਪੀ ਕੇ ਮੈਂ ਵਾਹਵਾ ਤਕੜਾ ਹੋ ਗਿਆ। ਮੈਂ ਉਹਨਾਂ ਭਰਾਵਾਂ ਤੋਂ ਬਦਲਾ ਲੈਣਾ ਚਾਹੁੰਦਾ ਸੀ ਤੇ ਇੱਕ ਦਿਨ ਇਸ ਦਾ ਮੌਕਾ ਵੀ ਮਿਲ ਗਿਆ। ਸਾਡੀ ਜ਼ਮੀਨ ਵਿੱਚ ਇੱਕ ਥਾਂ ਖੂਹ ਨੇੜੇ ਮਲ੍ਹੇ ਬਹੁਤ ਸਨ ਤੇ ਬੇਰ ਵੀ ਬੜੇ ਲਗਦੇ ਸਨ। ਉਹ ਦੋਵੇਂ ਭਰਾ ਇੱਕ ਦਿਨ ਉੱਥੇ ਆਏ। ਉਹ ਮੇਰੀ ਜ਼ਮੀਨ ਵਿੱਚ ਸਨ ਤੇ ਮੈਂ ਵੀ ਹੁਣ ਨਰੋਏ ਸਰੀਰ ਵਾਲਾ ਚੋਬਰ ਸਾਂ। ਮੈਂ ਉਹਨਾਂ ਨੂੰ ਦੋ ਦੋ ਟਿਕਾਈਆਂ ਤੇ

ਨਸਾ ਦਿੱਤਾ।

ਫ਼ਾਰਸੀ ਦੀਆਂ ਕਿਤਾਬਾਂ 'ਗੁਲਿਸਤਾਂ' 'ਬੋਸਤਾਂ' ਤੇ ਹੋਰ ਮਜ਼ਮੂਨਾਂ ਜਿਵੇਂ ਹਿਸਾਬ ਵਗੈਰਾ ਵਿੱਚ ਵੀ ਅੱਛਾ ਰਿਹਾ ਤੇ ਮੈਨੂੰ ਚੰਗਾ ਸਰਟੀਫ਼ਿਕੇਟ ਮਿਲਿਆ। ਮੈਨੂੰ ਪੜ੍ਹਾਈ ਦਾ ਸ਼ੌਕ ਵੀ ਬਹੁਤ ਸੀ ਪਰ ਮੁਸ਼ਕਿਲ ਇਹ ਪਈ ਕਿ ਉਨ੍ਹੀਂ ਦਿਨੀਂ ਅੰਗਰੇਜ਼ੀ (ਹਾਈ) ਸਕੂਲ ਸਿਰਫ਼ ਸ਼ਹਿਰਾਂ ਵਿੱਚ ਹੀ ਸਨ, ਪਿੰਡਾਂ ਵਿੱਚ ਨਹੀਂ। ਜਦ ਮੈਂ ਮਾਤਾ ਜੀ ਨੂੰ ਸ਼ਹਿਰ ਜਾ ਕੇ ਪੜ੍ਹਾਈ ਕਰਨ ਲਈ ਕਿਹਾ, ਤਾਂ ਉਨ੍ਹਾਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਤੈਨੂੰ ਪੜ੍ਹਨ ਲਈ ਸ਼ਹਿਰ ਭੇਜ ਕੇ ਪਿੱਛੇ ਅਸੀਂ ਕਿਸ ਤਰ੍ਹਾਂ ਤੇਰੇ ਬਗ਼ੈਰ ਰਹਾਂਗੇ ? ਇੱਥੇ ਮੇਰਾ ਇਕਲੌਤਾ-ਪੁਣਾ ਮੇਰੀ ਵਿਦਿਆ ਦਾ ਰਾਹ ਡੱਕ ਖਲੋਤਾ ਅਤੇ ਮੈਂ ਉੱਚੀ ਵਿਦਿਆ ਤੋਂ ਵਾਂਝਿਆਂ ਰਹਿ ਗਿਆ। ਇਸ ਦਾ ਪਛਤਾਵਾ ਮੈਨੂੰ ਸਾਰੀ ਉਮਰ ਰਿਹਾ ਅਤੇ ਹੁਣ ਵੀ ਹੈ। ਮੇਰੀ ਵਿਦਿਆ ਕੇਵਲ ਪ੍ਰਾਇਮਰੀ ਉਰਦੂ ਹੈ।

**ਦੋਸਤਾਂ ਦੇ ਭੇਸ ਵਿੱਚ ਦੁਸ਼ਮਣ** :- ਜਦ ਮੈਂ ਸੋਲਾਂ ਸਾਲ ਦਾ ਹੋਇਆ ਤਾਂ ਚੰਗੀ ਖ਼ੁਰਾਕ ਮਿਲਦੇ ਰਹਿਣ ਕਰਕੇ ਗੱਭਰੂ ਨਜ਼ਰ ਆਉਣ ਲੱਗਾ। ਦਾਦੀ ਜੀ ਹੁਣ ਬਿਰਧ ਹੋ ਚੁੱਕੇ ਸਨ। ਸੋ ਉਹਨਾਂ ਨੇ ਜ਼ਮੀਨ ਦਾ ਬੰਦੋਬਸਤ ਮੇਰੇ ਹਵਾਲੇ ਕਰ ਦਿੱਤਾ। ਮੇਰੇ ਪਿਤਾ ਜੀ ਨੇ ਚੰਗੀ ਜ਼ਮੀਨ ਹੁੰਦਿਆਂ ਵੀ ਕੋਈ ਖ਼ਾਸ ਨਕਦੀ ਜਮ੍ਹਾਂ ਨਹੀਂ ਕੀਤੀ ਸੀ। ਕਿਉਂਕਿ ਉਹ ਸਿੱਖ ਧਾਰਮਿਕ ਖ਼ਿਆਲਾਂ ਦੇ ਸਨ ਤੇ ਸ਼ੁਭ ਕੰਮਾਂ ਤੇ ਖ਼ਰਚ ਕਰਦੇ ਰਹਿੰਦੇ ਸਨ। ਪਰ ਉਹਨਾਂ ਦੇ ਚਲਾਣੇ ਪਿੱਛੋਂ ਮੇਰੇ ਬਾਲਗ ਹੋਣ ਤੱਕ ਘਰ ਵਿੱਚ ਕਾਫ਼ੀ ਰੁਪਿਆ ਜਮ੍ਹਾਂ ਹੋ ਚੁਕਿਆ ਸੀ।

ਪਿੰਡਾਂ ਤੇ ਸ਼ਹਿਰਾਂ ਵਿੱਚ ਅਜਿਹੇ ਅਯਾਸ਼ ਤੇ ਸ਼ਰਾਬੀ ਲੋਕ ਹੁੰਦੇ ਹਨ ਜੋ ਇਸ ਤਾਕ ਵਿੱਚ ਰਹਿੰਦੇ ਹਨ ਕਿ ਕੋਈ ਨਾ-ਤਜਰਬੇਕਾਰ ਨੌਜਵਾਨ ਹੱਥ ਲੱਗ ਜਾਵੇ ਜਿਸਦੇ ਘਰ ਵਿੱਚ ਜਾਇਦਾਦ ਤੇ ਜ਼ਮੀਨ ਵਗੈਰਾ ਵੀ ਹੋਵੇ ਤਾਂ ਕਿ ਉਹਨੂੰ ਢਾਹੇ ਚਾੜ੍ਹ ਕੇ ਆਪਣਾ ਉੱਲੂ ਸਿੱਧਾ ਕੀਤਾ ਜਾਵੇ। ਇਹਨਾਂ ਨੂੰ 'ਯਾਰ ਲੋਕ' ਕਿਹਾ ਜਾਂਦਾ ਹੈ ਜੋ ਦੋਸਤਾਂ ਦੇ ਭੇਸ ਵਿੱਚ ਦੁਸ਼ਮਣ ਹੁੰਦੇ ਹਨ।

ਹੁਣ ਇਹ ਯਾਰ ਲੋਕ ਮੇਰੇ ਦੁਆਲੇ ਆ ਇਕੱਠੇ ਹੋਏ। ਜੇ ਕਿਤੇ ਮੈਂ ਉਹਨਾਂ ਦੀ ਮੰਡਲੀ ਤੋਂ ਇੱਕ ਘੰਟਾ ਵੀ ਪੱਛੜ ਜਾਂਦਾ ਤਾਂ ਵਾਰੀ-ਵਾਰੀ ਮੇਰੇ ਘਰ ਆ ਕੇ ਅਵਾਜ਼ਾਂ ਮਾਰਦੇ ਤੇ ਕਹਿੰਦੇ "ਸਰਦਾਰ ਜੀ, ਅਸੀਂ ਤਾਂ ਸਾਰੇ ਤੁਹਾਡੀ ਉਡੀਕ ਵਿੱਚ ਹਾਂ।" ਮੈਂ ਵੀ ਉਹਨਾਂ ਦੀ ਇਸ ਗੱਲਬਾਤ ਨੂੰ ਸੱਚਾ ਪਿਆਰ ਸਮਝਦਾ ਸਾਂ। ਇਸ ਤਰ੍ਹਾਂ ਹਰ ਰੋਜ਼ ਸ਼ਰਾਬ ਕਬਾਬ ਦਾ ਦੌਰ ਚਲਣ ਲੱਗਾ ਤੇ ਯਾਰ ਲੋਕ ਆਪਣੀ ਸਿੱਖਿਆ ਦੇਣ ਲੱਗੇ। ਉਹ ਕਹਿੰਦੇ "ਸਰਦਾਰ ਜੀ ਤੁਹਾਡੇ ਕੋਲ ਸ਼ਿਕਾਰੀ ਕੁੱਤੇ ਤੇ ਵਧੀਆ ਸ਼ਿਕਾਰ ਲੱਗੀਆਂ ਘੋੜੀਆਂ ਨਾ ਹੋਣ ਤੇ ਚਾਰ ਬੰਦੇ ਤੁਹਾਡੇ ਨਾਲ ਰੋਟੀ ਨਾ ਖਾਣ ਤਾਂ ਫਿਰ ਜੀਉਣ ਦਾ ਮਜ਼ਾ ਹੀ ਕੀ ਹੋਇਆ ? ਜੇ ਤੁਹਾਨੂੰ ਪੈਸੇ ਦੀ ਲੋੜ ਪਵੇ ਤਾਂ ਅਸੀਂ ਹਾਜ਼ਰ ਹਾਂ, ਪੂਰੀ ਕਰਾਂਗੇ।" ਇੰਜ ਮੈਂ ਉਨ੍ਹਾਂ ਨੂੰ ਸੱਚੇ ਦੋਸਤ ਮੰਨ ਕੇ ਉਨ੍ਹਾਂ ਦੀ ਸਿੱਖਿਆ ਤੇ ਅਮਲ ਕਰਨ ਲੱਗਾ ਅਤੇ ਦਿਨ ਰਾਤ ਸ਼ਰਾਬਖੋਰੀ ਤੇ ਸ਼ਿਕਾਰ ਖੇਡਣ ਦੇ ਸ਼ੁਗਲ ਵਿੱਚ ਲੱਗ ਗਿਆ।

ਜਦ ਤਿੰਨ ਚਾਰ ਹਜ਼ਾਰ ਰੁਪਿਆ ਕਰਜ਼ਾ ਹੋ ਜਾਂਦਾ ਤਾਂ ਕਰਜ਼ ਦੇਣ ਵਾਲੇ ਰੁਪਿਆ ਮੰਗਦੇ। ਫਿਰ ਮੈਂ ਧਰਮ ਮਾਤਾ ਜੀ ਦੀ ਸ਼ਰਨ ਲੈਂਦਾ। ਉਹ ਪਹਿਲਾਂ ਸਮਝਾਉਣ



ਦਾ ਯਤਨ ਕਰਦੇ। ਪਰ ਜਦੋਂ ਮੈਂ ਬਹੁਤ ਮਿੰਨਤ ਤਰਲਾ ਕਰਦਾ ਤਾਂ ਇਹ ਕਹਿ ਕੇ ਰੁਪਿਆ ਦੇ ਦੇਂਦੇ "ਬੇਟਾ ਇਹ ਤੁਹਾਡਾ ਹੀ ਰੁਪਿਆ ਹੈ, ਜੇ ਸੰਭਲ ਕੇ ਖਰਚ ਕਰੋਗੇ ਤਾਂ ਤੁਸੀਂ ਹੀ ਸੁਖੀ ਰਹੋਗੇ।" ਇਸ ਤਰ੍ਹਾਂ ਕਈ ਵਾਰੀ ਧਰਮ ਮਾਤਾ ਜੀ ਨੇ ਹਜ਼ਾਰਾਂ ਰੁਪੈ ਦਿੱਤੇ। ਬਲਕਿ ਸਾਰਾ ਜੀਵਨ-ਧਨ ਤੇ ਆਪਣੇ ਹਿੱਸੇ ਦੀ ਅੱਧੀ ਜ਼ਮੀਨ ਵੀ ਮੇਰੇ ਤੋਂ ਵਾਰ ਦਿੱਤੀ। ਸੱਚ ਤਾਂ ਇਹ ਹੈ ਕਿ ਮੇਰੀ ਧਰਮ ਮਾਤਾ ਵਰਗੀ ਮਾਤਾ ਸ਼ਾਇਦ ਹੀ ਕਿਸੇ ਨੂੰ ਨਸੀਬ ਹੋਈ ਹੋਵੇਗੀ।

ਇਸ ਬੁਰੀ ਸੁਸਾਇਟੀ ਵਿੱਚ ਮੈਂ ਜੀਵਨ ਦੇ ਕੀਮਤੀ ਦਸ ਸਾਲ ਬਰਬਾਦ ਕੀਤੇ ਤੇ ਨਾਲ ਧਨ ਦੌਲਤ ਵੀ। ਇਸ ਤਰ੍ਹਾਂ 25 ਸਾਲ ਦਾ ਹੋ ਕੇ 26ਵੇਂ ਸਾਲ ਦੇ ਸ਼ੁਰੂ ਵਿੱਚ ਮੇਰੇ ਜੀਵਨ ਵਿੱਚ ਨਵਾਂ ਪਲਟਾਅ ਆਇਆ ਤੇ ਜੀਵਨ ਦਾ ਨਵਾਂ ਦੌਰ ਸ਼ੁਰੂ ਹੋਇਆ।

## 2. ਬਾਬਾ ਕੇਸਰ (ਕੇਸਰ ਸਿੰਘ) ਦੀ ਸੰਗਤ

ਇਹ ਮਹਾਂ ਪੁਰਸ਼ ਪਿੰਡ ਮਹਾਵਾ (ਅਟਾਰੀ ਸ਼ਾਮ ਸਿੰਘ ਲਾਗੇ) ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਸਨ ਅਤੇ ਬਾਬਾ ਰਾਮ ਸਿੰਘ ਦੀ ਚਲਾਈ ਨਾਮਧਾਰੀ ਲਹਿਰ ਦੇ ਪੈਰੋਕਾਰ ਸਨ। ਪਰ ਹੁਣ ਉਹ ਮਜ਼ਹਬੀ ਰੀਤਾਂ ਤੇ ਮੱਤਾਂ ਦੇ ਦਾਇਰਿਆਂ ਤੋਂ ਉੱਪਰ ਉਠ ਚੁੱਕੇ ਸਨ। ਉਹ ਸੱਚੇ ਅਧਿਆਤਮਕਵਾਦੀ ਤੇ ਏਕਤਾ ਦੀ ਮੂਰਤੀ ਸਨ। ਹਿੰਦੂ, ਸਿੱਖ, ਮੁਸਲਿਮ, ਈਸਾਈ, ਉਹਨਾਂ ਲਈ ਇਨਸਾਨ ਹੋਣ ਦੇ ਨਾਤੇ ਸਭ ਇੱਕੋ ਜਿਹੇ ਸਨ। ਉਹ ਸਾਰਿਆਂ ਨਾਲ ਕਿਸੇ ਛੂਤ-ਛਾਤ ਦੇ ਪਰਹੇਜ਼ ਬਿਨਾਂ ਸੱਚਾ ਵਰਤਾਉ ਕਰਦੇ ਸਨ। ਆਪ ਗ੍ਰੰਥ ਸਾਹਿਬ ਦੀ ਬਾਣੀ ਦੇ ਅੱਛੇ ਵਿਦਵਾਨ ਵੀ ਸਨ। ਪੂਜਾ ਤੇ ਪਾਖੰਡ ਦੇ ਵਿਰੋਧੀ ਸਨ। ਉੱਚੇ ਦਰਜੇ ਦੇ ਤਿਆਗੀ ਤੇ ਦਇਆਵਾਨ ਸਨ। ਮਜ਼ਹਬੀ ਰੀਤਾਂ ਤੋਂ ਰਹਿਤ ਹੁੰਦਿਆਂ ਹੋਇਆਂ ਵੀ ਨਾਮਧਾਰੀਆਂ ਵਿੱਚ ਉਹਨਾਂ ਦੀ ਬੜੀ ਇੱਜ਼ਤ ਸੀ, ਤੇ ਅਜੇ ਤੱਕ ਹੈ। ਸੰਨ 1896 ਦੇ ਸ਼ੁਰੂ ਵਿੱਚ ਇੱਕ ਵਾਰੀ ਉਹ ਸਾਡੇ ਪਿੰਡ ਆਏ। ਉਹਨਾਂ ਦੇ ਨਾਲ ਰਾਗੀ ਵੀ ਸਨ, ਜੋ ਬਾਬਾ ਜੀ ਦੀ ਸੰਗਤ ਨਾਲ ਉਹਨਾਂ ਦੇ ਵਿਚਾਰ ਗ੍ਰਹਿਣ ਕਰ ਚੁੱਕੇ ਸਨ। ਉਹ ਬਗ਼ੈਰ ਲਾਲਚ ਦੇ ਆਪਣਾ ਫ਼ਰਜ਼ ਸਮਝ ਕੇ ਕੀਰਤਨ ਕਰਦੇ। ਮੈਂ ਆਪਣੀ ਆਦਤ ਅਨੁਸਾਰ ਗਰਮੀ ਦੀ ਰੁੱਤੇ ਸ਼ਾਮ ਨੂੰ ਬਾਹਰ ਜਾਂਦਾ ਧਰਮਸ਼ਾਲਾ ਪਾਸੋਂ ਲੰਘਿਆ ਤਾਂ ਉੱਥੇ ਦੀਵਾਨ ਸਜਿਆ ਹੋਇਆ ਸੀ। ਮੈਂ ਅਯਾਸ਼ੀ ਗਾਣੇ ਤਾਂ ਮਰਾਸੀਆਂ ਕੋਲੋਂ ਲਗਭਗ ਰੋਜ਼ ਹੀ ਸੁਣਦਾ ਰਿਹਾ ਹੋਵਾਂਗਾ, ਪਰ ਇਹ ਮੇਰੇ ਲਈ ਇੱਕ ਨਵਾਂ ਤਜਰਬਾ ਸੀ। ਇਹ ਰਾਗੀ ਫ਼ਰੀਦ ਜੀ ਦੇ ਸਲੋਕ ਐਸੇ ਵੈਰਾਗ ਨਾਲ ਗਾ ਰਹੇ ਸਨ ਕਿ ਮੇਰੇ ਦਿਲ ਨੇ ਅੱਗੋਂ ਤੁਰਨੋਂ ਨਾਂਹ ਕਰ ਦਿੱਤੀ ਅਤੇ ਮੈਂ ਦੀਵਾਨ ਵਿੱਚ ਜਾ ਬੈਠਾ। ਜਦ ਦੀਵਾਨ ਸਮਾਪਤ ਹੋਇਆ ਤਾਂ ਬਾਬਾ ਜੀ ਨੇ ਆਪਣੇ ਵਿਚਾਰ ਸਪਸ਼ਟ ਕੀਤੇ ਜਿਹੜੇ ਕਿ ਮਜ਼ਹਬੀ ਫਿਰਕਾਪ੍ਰਸਤੀ ਤੇ ਦੂਸਰੇ ਧਾਰਮਿਕ ਵਹਿਮਾਂ ਤੋਂ ਰਹਿਤ ਸਨ, ਏਕਤਾ ਤੇ ਪ੍ਰੇਮ ਵੱਲ ਲਿਜਾਣ ਵਾਲੇ ਸਨ, ਮੇਰੇ ਦਿਲ ਲੱਗੇ।

ਮੈਂ ਅਰਜ਼ ਕੀਤੀ, "ਬਾਬਾ ਜੀ ਅੱਜ ਰਾਤ ਭੋਜਨ ਸਾਡੇ ਪਾਸ ਕਰੋ।" ਉਹਨਾਂ ਮੰਨ ਲਿਆ। ਪਰਸ਼ਾਦ ਪਿੱਛੋਂ ਸਾਡੇ ਘਰ ਹੀ ਦੀਵਾਨ ਲੱਗਿਆ। ਸਾਰਾ ਪਿੰਡ ਹੁੰਮ-

ਹੁਮਾ ਕੇ ਇਕੱਠਾ ਹੋਇਆ ਕਿ ਇਹ ਉਲਟੀ ਗੰਗਾ ਕਿੱਧਰ ਨੂੰ ਚਲਣ ਲੱਗ ਪਈ ਹੈ ? ਦੀਵਾਨ ਦੀ ਸਮਾਪਤੀ ਤੇ ਪਿੰਡ ਦੇ ਬਜ਼ੁਰਗਾਂ ਤੇ ਮੇਰੀ ਧਰਮ ਮਾਤਾ ਜੀ ਨੇ ਬਾਬਾ ਜੀ ਨੂੰ ਅਰਜ਼ ਕੀਤੀ ਕਿ "ਮਹਾਰਾਜ ! ਜੇ ਕਿਤੇ ਸੋਹਣ ਸਿੰਘ ਸੁਧਰ ਜਾਵੇ ਤਾਂ ਸਮਝੋ ਸਾਰਾ ਪਿੰਡ ਹੀ ਸੁਧਰ ਗਿਆ।" ਬਾਬਾ ਜੀ ਨੇ ਸਭ ਨੂੰ ਧੀਰਜ ਦਿੱਤਾ।

ਅਗਲੀ ਸਵੇਰ ਮੈਂ ਬਾਬਾ ਜੀ ਨੂੰ ਵਿਦਾ ਕਰਨ ਗਿਆ ਤਾਂ ਬਾਬਾ ਜੀ ਨੇ ਕਿਹਾ, "ਪੁੱਤਰ ਇਹ ਨਾ ਸਮਝੀਂ ਕਿ ਮੈਂ ਤੈਨੂੰ ਸ਼ਰਾਬ ਪੀਣ ਜਾਂ ਮਾਸ ਖਾਣ ਤੋਂ ਜਾਂ ਹੋਰ ਕਿਸੇ ਆਦਤ ਤੋਂ ਰੋਕਾਂਗਾ। ਬੇਸ਼ੱਕ ਕਰਦਾ ਰਹੁ। ਪਰ ਕਦੇ-ਕਦੇ ਮਿਲਦਾ ਰਿਹਾ ਕਰ, ਹਾਂ, ਜੇ ਇਹਨਾਂ ਆਦਤਾਂ ਨੂੰ ਦਿਲੀ-ਨਫ਼ਰਤ ਹੋ ਜਾਣ ਕਰਕੇ ਛੱਡ ਦੇਵੇਂ ਤਾਂ ਤੇ ਠੀਕ ਹੈ ਨਾ ?" ਬਾਬਾ ਜੀ ਦੀ ਇਸ ਸੱਚਾਈ ਨੇ ਮੇਰੇ ਦਿਲ ਨੂੰ ਪ੍ਰਭਾਵਿਤ ਕੀਤਾ। ਜੇ ਉਹ ਸ਼ਰਾਬ ਵਗੈਰਾ ਛੱਡਣ ਲਈ ਕਹਿੰਦੇ ਤਾਂ ਸ਼ਾਇਦ ਮੇਰੇ ਤੇ ਇੰਨਾ ਅਸਰ ਨਾ ਹੁੰਦਾ।

ਇੱਕ ਹਫ਼ਤੇ ਪਿੱਛੋਂ ਬਾਬਾ ਜੀ ਨੇ ਫਿਰ ਦਰਸ਼ਨ ਦਿੱਤੇ। ਤੀਜੇ ਪਹਿਰ ਜਦ ਉਹ ਜੰਗਲ ਸ਼ੌਚ ਲਈ ਬਾਹਰ ਵੱਲ ਗਏ ਤਾਂ ਮੈਂ ਵੀ ਨਾਲ ਗਿਆ। ਵਿਹਲੇ ਹੋ ਕੇ ਇੱਕ ਰੁੱਖ ਹੇਠ ਇਕਾਂਤ ਵਿੱਚ ਜਾ ਬੈਠੇ। ਬਾਬਾ ਜੀ ਨੇ ਆਵਾਜ਼ ਦਿੱਤੀ। ਮੈਂ ਜਾ ਕੇ ਸਾਹਮਣੇ ਬੈਠ ਗਿਆ। ਬਾਬਾ ਜੀ ਛੇਤੀ ਹੀ ਦੂਸਰੇ ਨੂੰ ਸਮਝ ਜਾਂਦੇ ਸਨ। ਉਹਨਾਂ ਦੀ ਬੁੱਧੀ ਤੇਜ਼ ਤੇ ਸਾਫ ਸੀ ਤੇ ਸੱਚੇ ਗਿਆਨੀ ਤੇ ਨਿਰਸਵਾਰਥ ਸਨ। ਉਹਨਾਂ ਮੈਨੂੰ ਪਹਿਲਾ ਸਵਾਲ ਕੀਤਾ, "ਪੁੱਤਰ, ਕੀ ਤੂੰ ਇਸ ਸਰੀਰ ਨੂੰ ਨਿੱਤ ਮੰਨਦਾ ਹੈਂ ? ਮੈਂ ਜਵਾਬ ਦਿੱਤਾ ਕਿ ਨਹੀਂ, ਇਹ ਅਨਿੱਤ (ਨਾਸ਼ਵਾਨ) ਹੈ।

(**ਨੋਟ :-** ਐਸ਼-ਪ੍ਰਸਤਾਂ ਕੋਲ ਕਈ ਐਸੇ ਸਾਧ ਫ਼ਕੀਰ ਵੀ ਆਉਂਦੇ ਹਨ ਜਿਨ੍ਹਾਂ ਨੂੰ ਸ਼ਰਾਬ ਦੀ ਆਦਤ ਹੁੰਦੀ ਹੈ। ਉਹ ਆਪਣੇ ਆਪ ਨੂੰ ਛੁਪਾਉਣ ਲਈ ਮਾਅਰਫ਼ਤ (ਬ੍ਰਹਮਗਿਆਨ) ਦੀਆਂ ਗੱਲਾਂ ਬਾਤਾਂ ਵੀ ਕਰਦੇ ਹਨ। ਇਸ ਲਈ ਮੈਨੂੰ ਮਾਅਰਫ਼ਤ ਦੀਆਂ ਰਮਜ਼ਾਂ ਦਾ ਵੀ ਕੁਝ ਭੇਤ ਸੀ।)

ਬਾਬਾ ਜੀ ਦੀ ਕਥਨੀ ਸਾਫ਼, ਸਪਸ਼ਟ ਅਤੇ ਸਮਝਾਉਣ ਦਾ ਢੰਗ ਬਹੁਤ ਸਾਦਾ ਸੀ। ਉਹਨਾਂ ਨੇ ਐਸੇ ਸਾਦੇ ਤੇ ਸਾਫ਼ ਤਰੀਕੇ ਨਾਲ ਸਮਝਾਇਆ ਕਿ ਮੇਰੀ ਆਤਮਾ ਨੇ ਪ੍ਰਵਾਨ ਕਰ ਲਿਆ ਕਿ ਸੱਚਮੁਚ ਇਹ ਰਸਤਾ ਤਬਾਹੀ ਦਾ ਹੈ। ਮੈਨੂੰ ਸਮਝ ਆ ਗਈ ਕਿ ਇਹ 'ਯਾਰ ਲੋਕ' ਮੇਰੇ ਦੋਸਤ ਨਹੀਂ ਵੈਰੀ ਹਨ।

ਬਾਬਾ ਜੀ ਤਾਂ ਚਲੇ ਗਏ ਪਰ ਉਸ ਦਿਨ ਤੋਂ ਮੇਰੀ ਪਿਛਲੀ ਸੰਗਤ ਮੇਰੇ ਦਿਲੋਂ ਲਹਿ ਗਈ। ਮੈਂ ਫੈਸਲਾ ਕਰ ਲਿਆ ਕਿ ਅੱਜ ਤੋਂ ਇਸ ਮੰਡਲੀ ਵਿੱਚ ਨਹੀਂ ਜਾਵਾਂਗਾ ਤੇ ਨਾ ਹੀ ਸ਼ਰਾਬ ਪੀਵਾਂਗਾ। ਮੇਰੇ ਵਿੱਚ ਇੱਕ ਆਦਤ ਸ਼ੁਰੂ ਤੋਂ ਰਹੀ ਹੈ ਕਿ ਮੈਂ ਦੁਫ਼ਸਲਾ ਨਹੀਂ ਰਹਿ ਸਕਦਾ। ਜਿਸ ਨੂੰ ਇੱਕ ਵਾਰ ਠੀਕ ਸਮਝ ਲਿਆ, ਬਸ ਸਮਝ ਲਿਆ। ਅਗਲੇ ਦਿਨ ਮੈਂ ਸ਼ਰਾਬਖ਼ਾਨੇ ਨਾ ਗਿਆ। ਸ਼ਰਾਬੀ ਦੋਸਤ ਆਏ ਤੇ ਪੁੱਛਣ ਲੱਗੇ, "ਗੱਲ ਕੀ ਹੈ, ਤੁਸੀਂ ਕੱਲ੍ਹ ਆਏ ਨਹੀਂ ? ਅੱਜ ਵੀ ਅਸੀਂ ਉਡੀਕਦੇ ਰਹੇ ਫਿਰ ਸੋਚਿਆ ਕਿ ਪਤਾ ਤਾਂ ਕਰੀਏ।"

ਮੈਂ ਜਵਾਬ ਵਿੱਚ ਕੁਝ ਨਾ ਕਿਹਾ। ਪਰ ਘਰੋਂ ਜਾ ਕੇ ਅੱਧੀ ਬੋਤਲ ਸ਼ਰਾਬ ਦੀ, ਜੋ ਬਚੀ ਪਈ ਸੀ, ਲੈ ਆਇਆ ਤੇ ਉਨ੍ਹਾਂ ਦੇ ਸਾਹਮਣੇ ਜ਼ਮੀਨ ਤੇ ਮਾਰ ਕੇ ਤੋੜ ਦਿੱਤੀ। ਮੈਂ ਰੁੱਖੇ ਤੇ ਦ੍ਰਿੜ੍ਹ ਭਾਵ ਨਾਲ ਕਿਹਾ, "ਮੈਂ ਅੱਜ ਤੋਂ ਸ਼ਰਾਬ ਪੀਣੀ ਛੱਡ ਦਿੱਤੀ



ਹੈ। ਤੁਸੀਂ ਮੈਨੂੰ ਕਦੇ ਬੁਲਾਉਣ ਨਹੀਂ ਆਉਣਾ!" ਸਭ ਹੈਰਾਨ ਤੇ ਨਿਰਾਸ਼ ਹੋ ਕੇ ਮੁੜ ਗਏ।"

ਸਾਡੀ ਢਾਣੀ ਵਿੱਚ ਇੱਕ ਸੀ ਜੱਗੂ ਬਾਹਮਣ। ਉਹ ਕੋਹਰੀਆਂ ਦਾ ਮਸ਼ਹੂਰ ਡਾਕੂ ਸੀ ਤੇ ਪੁਲਿਸ ਕੋਲੋਂ ਮਫ਼ਰੂਰ ਹੋਇਆ ਮੇਰੇ ਕੋਲ ਰਹਿੰਦਾ ਸੀ। ਕਹਿਣ ਲੱਗਾ, "ਸਰਦਾਰ ਜੀ, ਤੁਸਾਂ ਬਹੁਤ ਚੰਗਾ ਕੀਤੈ।" ਸੋ ਬੁਰੇ ਆਦਮੀਆਂ ਵਿੱਚ ਭਲੇ ਵੀ ਹੁੰਦੇ ਹਨ। ਬੁਰੇ ਆਦਮੀ ਤੋਂ ਘ੍ਰਿਣਾ ਨਹੀਂ ਕਰਨੀ ਚਾਹੀਦੀ। ਉਸ ਨਾਲ ਅਜਿਹਾ ਵਰਤਾਓ ਕਰੀਏ ਜਿਵੇਂ ਬਾਬਾ ਜੀ ਨੇ ਮੇਰੇ ਨਾਲ ਕੀਤਾ। ਪਰ ਮੈਂ ਇਹ ਨਹੀਂ ਕਹਿੰਦਾ ਕਿ ਨਿਰਾ ਉਪਦੇਸ਼ ਹੀ ਸਾਰੇ ਬੰਦਿਆਂ ਨੂੰ ਸੁਧਾਰ ਸਕਦਾ ਹੈ। ਜੇ ਇੰਜ ਹੁੰਦਾ ਤਾਂ ਅੰਗਰੇਜ਼ ਸਾਮਰਾਜੀਏ ਬਹੁਤ ਚਿਰ ਪਹਿਲਾਂ ਹੀ ਭਾਰਤ ਛੱਡ ਜਾਂਦੇ। ਫੇਰ ਵੀ ਬੇਗ਼ਰਜ਼ ਪਿਆਰ ਤੇ ਸੁੱਚੀ ਦਲੀਲ ਕਈ ਵਾਰ ਕਾਟ ਕਰ ਜਾਂਦੀ ਹੈ।

ਇਹ ਦੂਸਰਾ ਪਲਟਾਅ ਬਾਬਾ ਜੀ ਦੀ ਸੰਗਤ ਤੇ ਕ੍ਰਿਪਾ ਨਾਲ ਮੇਰੇ ਜੀਵਨ ਵਿੱਚ ਆਇਆ। ਹੁਣ ਬਾਬਾ ਜੀ ਦੇ ਜੀਵਨ ਦੀਆਂ ਕੁਝ ਅੱਖੀਂ ਡਿੱਠੀਆਂ ਮਿਸਾਲਾਂ ਤੁਹਾਡੇ ਸਾਹਮਣੇ ਰੱਖਣੀਆਂ ਹਨ ਤਾਂ ਕਿ ਹਰ ਪਾਠਕ ਨੂੰ ਪਤਾ ਲੱਗ ਸਕੇ ਕਿ ਮਹਾਂਪੁਰਸ਼ਾਂ ਦੇ ਲੱਛਣ ਕੀ ਹੁੰਦੇ ਹਨ। ਉਹ ਕਿਸ ਤਰ੍ਹਾਂ ਖੁਸ਼ੀ ਤੇ ਗ਼ਮੀ ਵਿੱਚ ਇਕਸਾਰ ਰਹਿੰਦੇ ਹਨ ਤੇ ਮਾਇਆਧਾਰੀਆਂ ਦੀ ਕੁੜਿੱਕੀ ਤੋਂ ਕਿਵੇਂ ਬਚਦੇ ਹਨ। ਗਰੀਬਾਂ ਨਾਲ ਸੱਚਾ ਪਿਆਰ ਕਰਦੇ ਹੋਏ ਫ਼ਿਰਕਾ-ਪ੍ਰਸਤੀ, ਛੂਤ-ਛਾਤ ਤੋਂ ਉੱਪਰ ਉੱਠ ਕੇ ਕਿਸ ਤਰ੍ਹਾਂ ਉਹ ਸਰਕਾਰ ਦੀਆਂ ਚਾਲਾਂ, ਇੱਜ਼ਤ, ਲਾਲਚ ਤੇ ਦਬਾਅ ਦਾ ਮੁਕਾਬਲਾ ਕਰਦੇ ਹਨ।

**ਪਹਿਲੀ** - ਨਾਮਧਾਰੀ ਲਹਿਰ ਵਿੱਚ ਅੰਗਰੇਜ਼ਾਂ ਦਾ ਪੂਰਾ ਬਾਈਕਾਟ ਸੀ, ਵਿਦੇਸ਼ੀ ਮਾਲ ਦਾ ਹੀ ਨਹੀਂ ਬਲਕਿ ਅੰਗਰੇਜ਼ੀ ਡਾਕਖ਼ਾਨੇ ਦਾ ਵੀ। ਬਾਬਾ ਜੀ, ਇਸ ਬਾਈਕਾਟ ਦੇ ਪੂਰਨ ਹਾਮੀ ਹੁੰਦਿਆਂ ਇਸ ਦਾ ਪਾਲਨ ਕਰਦੇ ਤੇ ਕਰਾਉਂਦੇ ਸਨ।

**ਦੂਸਰੀ** - ਬਾਬਾ ਜੀ ਦੀ ਸੰਗਤ ਵਿੱਚ ਹਿੰਦੂ, ਸਿੱਖ-ਈਸਾਈ ਆਦਿ ਸਾਰੇ ਸ਼ਾਮਲ ਹੁੰਦੇ। ਉਹ ਬਗ਼ੈਰ ਕਿਸੇ ਛੂਤ-ਛਾਤ ਦੇ ਵਿਚਾਰ ਦੇ ਹਰ ਇੱਕ ਦੇ ਘਰੋਂ ਖਾ ਲੈਂਦੇ। ਇੱਕ ਵਾਰ ਦੀ ਗੱਲ ਹੈ, ਬਾਬਾ ਜੀ ਕਿਤੋਂ ਬਾਹਰੋਂ ਆਪਣੇ ਪਿੰਡ (ਮਹਾਵਾ) ਵੱਲ ਆ ਰਹੇ ਸਨ। ਬਰਸਾਤ ਦਾ ਮੌਸਮ ਸੀ। ਬਰਸਾਤ ਦੇ ਦਿਨੀਂ ਮਹਾਵੇ ਦੀ ਰੋਹੀ ਵਿੱਚ ਬਹੁਤ ਪਾਣੀ ਚੜ੍ਹ ਜਾਂਦਾ ਹੈ। ਜਦ ਬਾਬਾ ਜੀ ਰੋਹੀ ਦੇ ਕੰਢੇ ਨੇੜੇ ਪਹੁੰਚੇ ਤਾਂ ਕੀ ਦੇਖਦੇ ਹਨ ਕਿ ਇੱਕ 'ਅਛੂਤ' ਛੇੜੂ ਮੁੰਡਾ ਰੋਹੀਉਂ ਪਾਰ ਇੱਕ ਰੁੱਖ ਹੇਠਾਂ ਬੁਖ਼ਾਰ ਨਾਲ ਬੇਹੋਸ਼ ਪਿਆ ਹੈ। ਬਾਬਾ ਜੀ ਨੇ ਉਹਨੂੰ ਮੋਢਿਆਂ ਤੇ ਚੁੱਕ ਲਿਆ ਤੇ ਉਹਦੇ ਘਰ ਛੱਡ ਆਏ। ਬਾਬਾ ਜੀ ਦੇ ਘਰ ਮੁੜਨੋਂ ਪਹਿਲਾਂ ਹੀ ਕਿਸੇ ਨੇ ਦੱਸਿਆ ਕਿ ਅੱਜ ਬਾਬਾ ਜੀ ਇੱਕ ਅਛੂਤ ਮੁੰਡੇ ਨੂੰ ਮੋਢਿਆਂ ਤੇ ਚੁੱਕ ਕੇ ਲਿਆਏ ਹਨ। ਜਦ ਬਾਬਾ ਜੀ ਘਰ ਆਏ ਤਾਂ ਘਰ ਵਾਲਿਆਂ ਨੇ ਪੁੱਛਿਆ, "ਕੀ ਤੁਸੀਂ ਇਸ਼ਨਾਨ ਕਰੋਗੇ ?" ਬਾਬਾ ਜੀ ਨੇ ਪੁੱਛਿਆ, "ਕਿਉਂ ਕੀ ਗੱਲ ਹੈ ?" ਜਵਾਬ ਮਿਲਿਆ "ਤੁਸੀਂ ਇੱਕ ਅਛੂਤ ਬੱਚੇ ਨੂੰ ਚੁੱਕੇ ਕੇ ਲਿਆਏ ਹੋ" ਬਾਬਾ ਜੀ ਨੇ ਹੱਸ ਕੇ ਕਿਹਾ, "ਇਸ਼ਨਾਨ ਕਰਨ ਦੀ ਕੀ ਲੋੜ ਹੈ ? ਮੈਂ ਤਾਂ ਇੱਕ ਬੀਮਾਰ ਬੱਚੇ ਨੂੰ ਚੁੱਕ ਕੇ ਲਿਆਇਆ ਹਾਂ ਤੇ ਪਵਿੱਤਰ ਹੋ ਗਿਆ ਹਾਂ ਨਾ ਕਿ ਭਰਿਸ਼ਠ।"

**ਤੀਸਰੀ ਮਿਸਾਲ** - ਜਿਸ ਤਰ੍ਹਾਂ ਬਾਬਾ ਜੀ ਦਾ ਤਿਆਗ ਉੱਚ ਕੋਟੀ ਦਾ ਸੀ ਉਸੇ ਤਰ੍ਹਾਂ ਹੀ ਰਾਜਨੀਤੀ ਵਿੱਚ ਵੀ ਤਾਕ ਸਨ। ਇੱਕ ਵਾਰੀ ਅੰਗਰੇਜ਼ ਡਿਪਟੀ ਕਮਿਸ਼ਨਰ (ਅੰਮ੍ਰਿਤਸਰ) ਬਾਬਾ ਜੀ ਦੀ ਮਸ਼ਹੂਰੀ ਸੁਣ ਕੇ ਉਹਨਾਂ ਨੂੰ ਵੇਖਣ ਲਈ ਆਇਆ। ਸਿਆਲ ਦੇ ਦਿਨ ਸੀ। ਬਾਬਾ ਜੀ ਧੁੱਪੇ ਬੈਠੇ ਸਰੀਰ ਦੀ ਮਾਲਸ਼ ਅਤੇ ਧੁੱਪ-ਇਸ਼ਨਾਨ ਕਰ ਰਹੇ ਸਨ। ਉਹਦੇ ਨਾਲ ਤਹਿਸੀਲਦਾਰ, ਜ਼ੈਲਦਾਰ ਅਤੇ ਹੋਰ ਵੀ ਕਾਫੀ ਅਮਲਾ ਸੀ। ਬਾਬਾ ਜੀ ਨੂੰ ਬਿਨਾਂ ਪੁਸ਼ਾਕ ਵੇਖ ਕੇ ਉਹ ਥੋੜ੍ਹੀ ਦੂਰ ਖੜੇ ਹੋ ਗਏ। ਮੈਂ ਵੀ ਉੱਥੇ ਹੀ ਸਾਂ ਤੇ ਉਹਨਾਂ ਦੀ ਝਿਜਕ ਨੂੰ ਸਮਝ ਕੇ ਕਿਹਾ, "ਝਿਜਕਣ ਦੀ ਕੋਈ ਲੋੜ ਨਹੀਂ। ਬਾਬਾ ਜੀ ਤਾਂ ਆਪਣੀ ਮੌਜ ਵਿੱਚ ਬੈਠੇ 'ਸਨ ਬਾਥ' (ਧੁੱਪ-ਇਸ਼ਨਾਨ) ਲੈ ਰਹੇ ਹਨ। ਜੋ ਗੱਲ ਕਰਨੀ ਹੈ ਬੇਸ਼ੱਕ ਕਰ ਲਵੋ।" ਇਹ ਸੁਣ ਕੇ ਡੀ. ਸੀ. ਘੋੜੇ ਤੋਂ ਉਤਰਿਆ ਤੇ ਟੋਪੀ ਲਾਹ ਕੇ ਹੱਥ ਵਿੱਚ ਫੜ ਲਈ।

ਕੋਲ ਜਾ ਕੇ ਉਹਨੇ ਪਹਿਲਾ ਸਵਾਲ ਕੀਤਾ, "ਬਾਬਾ ਜੀ ਆਪ ਕੇ ਚੇਲੇ ਕਿਤਨੇ ਹੈਂ ?"

ਬਾਬਾ ਜੀ ਨੇ ਜਵਾਬ ਦਿੱਤਾ, "ਕੋਈ ਭੀ ਨਹੀਂ। ਯਿਹ ਸਭ ਮੇਰੇ ਸਾਥੀ ਹੈਂ ਔਰ ਮੈਂ ਖ਼ੁਦ ਚੇਲਾ ਹੂੰ।"

ਕੁਝ ਚਿਰ ਚੁੱਪ ਰਹਿਣ ਪਿੱਛੋਂ ਉਹਨੇ ਕਿਹਾ, "ਬਾਬਾ ਜੀ ਅਗਰ ਆਪ ਪਸੰਦ ਕਰੇਂ ਤੋਂ ਮੈਂ ਆਪ ਕੇ ਲੜਕੋਂ ਕੋ ਜ਼ਮੀਨ ਕੇ ਮੁਰੱਬੇ ਦੇ ਸਕਤਾ ਹੂੰ।"

ਬਾਬਾ ਜੀ ਨੇ ਜਵਾਬ ਦਿੱਤਾ, "ਆਪ ਮੇਰੇ ਬੱਚੋਂ ਕਾ ਫਿਕਰ ਨਾ ਕਰੇਂ। ਉਨ ਲੋਗੋਂ ਕਾ ਖ਼ਿਆਲ ਕਰੇਂ ਜਿਨ ਕੇ ਪਾਸ ਜੋਤਨੇ ਕੇ ਲੀਏ ਜ਼ਮੀਨ ਨਹੀਂ ਹੈ।"

ਡਿਪਟੀ ਕਮਿਸ਼ਨਰ ਚੁੱਪ ਹੋ ਗਿਆ ਤੇ ਸਲਾਮ ਕਰ ਕੇ ਚਲਦਾ ਹੋਇਆ।

**ਕੁਝ ਹੋਰ ਮਿਸਾਲਾਂ** - ਕਈ ਮਾਇਆਧਾਰੀ ਰੁਪਏ ਰੱਖ ਕੇ ਮੱਥਾ ਟੇਕਣ ਦੀ ਕੋਸ਼ਿਸ਼ ਕਰਦੇ ਕਿ ਇਹ ਲੰਗਰ ਲਈ ਹਨ। ਪਰ ਬਾਬਾ ਜੀ ਨੇ ਕਿਸੇ ਦਾ ਰੁਪਿਆ ਨਹੀਂ ਲਿਆ। ਉਨ੍ਹਾਂ ਦੇ ਲੜਕੇ ਖੇਤੀ ਕਰਦੇ ਤੇ ਉਸ ਤੋਂ ਆਉਣ ਜਾਣ ਵਾਲਿਆਂ ਦਾ ਅੰਨ ਪਾਣੀ ਚਲਦਾ। ਉਹਨਾਂ ਦਾ ਜੀਵਨ ਬਹੁਤ ਸਾਦਾ ਸੀ। ਇੱਕ ਛੋਟੀ ਜਿਹੀ ਕੱਚੀ ਕੁਟੀਆ ਜੋ ਬਾਹਰ ਖੇਤਾਂ ਵਿੱਚ ਸੀ, ਉਹਦੇ ਵਿੱਚ ਰਹਿੰਦੇ ਤੇ ਬਗੈਰ ਨਮਕ ਦੇ ਦਾਲ ਭਾਜੀ ਖਾਂਦੇ। ਮੈਂ ਵੀ ਬਾਬਾ ਜੀ ਦੀ ਸੰਗਤ ਕਰ ਕੇ 12 ਸਾਲ ਨਮਕ ਨਹੀਂ ਖਾਧਾ। ਇਹ ਕੋਈ ਅਸਚਰਜ ਦੀ ਗੱਲ ਨਹੀਂ ਹੈ। ਕਿਉਂਕਿ ਜਦ ਤਿੰਨ ਚਾਰ ਮਹੀਨੇ ਬਗੈਰ ਨਮਕ ਦੇ ਦਾਲ ਭਾਜੀ ਖਾਈਏ ਤਾਂ ਫਿਰ ਦਾਲਾਂ ਤੇ ਭਾਜੀਆਂ ਵਿਚਲਾ ਕੁਦਰਤੀ ਨਮਕ ਹੀ ਨਮਕ ਵਰਗਾ ਲੱਗਣ ਲੱਗ ਪੈਂਦਾ ਹੈ।

ਬਾਬਾ ਜੀ ਹਰ ਵਕਤ ਏਨੇ ਖ਼ੁਸ਼ ਰਹਿੰਦੇ ਤੇ ਸਾਥੀਆਂ ਨੂੰ ਵੀ ਏਨਾ ਖ਼ੁਸ਼ ਰੱਖਦੇ ਕੇ ਉਹਨਾਂ ਤੋਂ ਵਿਛੜਨ ਨੂੰ ਦਿਲ ਨਹੀਂ ਕਰਦਾ ਸੀ।

ਇੱਕ ਵਾਰੀ 1896-97 ਵਿੱਚ ਪਲੇਗ ਦੀ ਬਿਮਾਰੀ ਪੈਣ ਨਾਲ ਘਰਾਂ ਦੇ ਘਰ ਖਾਲੀ ਹੋ ਗਏ। ਬਾਬਾ ਜੀ ਦੇ ਪਰਿਵਾਰ ਦੀਆਂ ਸਭ ਇਸਤਰੀਆਂ ਪਲੇਗ ਦੀ ਭੇਟਾ ਹੋ ਗਈਆਂ। ਸਿਰਫ ਉਹਨਾਂ ਦੀ ਇੱਕ ਪੋਤਰੀ ਬਚੀ ਜਿਸ ਨੂੰ ਮੇਰੀ ਪਤਨੀ ਨੇ ਲੈ ਕੇ ਪਾਲਿਆ। (ਅੱਜ ਉਹ ਲੜਕੀ ਪੁੱਤਰਾਂ ਪੋਤਰਿਆਂ ਵਾਲੀ ਹੈ ਤੇ ਸਾਡੇ ਨਾਲ ਪੂਰਾ ਪਿਆਰ ਕਰਦੀ ਹੈ।) ਜਿਸ ਦਿਨ ਬਾਬਾ ਜੀ ਦੇ ਘਰ ਰੋਟੀ ਪਕਾਉਣ ਵਾਲੀ ਕੋਈ



ਇਸਤਰੀ ਨਾ ਰਹੀ, ਉਸ ਦਿਨ ਵੀ ਮੈਂ ਬਾਬਾ ਜੀ ਨੂੰ ਸਦਾ ਵਾਂਗ ਖ਼ੁਸ਼ ਵੇਖਿਆ। ਮੇਰੇ ਤੇ ਬਹੁਤ ਪ੍ਰਭਾਵ ਪਿਆ ਕਿ ਸੱਚਮੁੱਚ ਹੀ ਇਹ ਉਹੀ ਮਹਾਂਪੁਰਸ਼ ਹਨ, ਜਿਨ੍ਹਾਂ ਦੀ ਉਪਮਾ ਗੁਰੂ ਗ੍ਰੰਥ ਸਾਹਿਬ ਵਿੱਚ ਕੀਤੀ ਗਈ ਹੈ।

*'ਹਰਖ ਸੋਗ ਤੇ ਰਹੇ ਅਤੀਤਾ*
*ਤਿਨ ਜਗ ਤੱਤ ਪਛਾਣਾ।'*

ਅੱਜ ਮੈਂ ਜੋ ਜ਼ਿੰਦਗੀ ਭੋਗ ਰਿਹਾ ਹਾਂ, ਇਹ ਉਹਨਾਂ ਹੀ ਮਹਾਂਪੁਰਸ਼ਾਂ ਦੀ ਕਿਰਪਾ ਹੈ। ਨਹੀਂ ਤਾਂ ਦੋਸਤੀ ਦੇ ਲਿਬਾਸ ਵਿੱਚ ਦੁਸ਼ਮਣ ਛੇਤੀ ਹੀ ਮੇਰੀ ਜ਼ਿੰਦਗੀ ਖਤਮ ਕਰ ਦੇਂਦੇ।

ਬਾਬਾ ਜੀ ਦੇ ਹੁਕਮ ਅਨੁਸਾਰ ਹੋਲੇ ਦਾ ਤਿਉਹਾਰ ਗੈਰ ਮਜ਼ਹਬੀ ਢੰਗ ਨਾਲ ਭਕਨੇ ਵਿੱਚ ਮਨਾਇਆ ਜਾਂਦਾ ਸੀ। ਇਸ ਵਿੱਚ ਹਰ ਮਜ਼ਹਬ ਦੇ ਅਧਿਆਤਮਵਾਦੀ ਤੇ ਏਕਤਾ ਦੇ ਉਪਾਸ਼ਕ ਮਨੁੱਖੀ ਸ਼ੁਭ ਗੁਣਾਂ ਦਾ ਪਰਚਾਰ ਕਰਦੇ ਸਨ। ਇਹਨਾਂ ਹੋਲਿਆਂ ਦਾ ਭਾਰ ਜ਼ਿਆਦਾਤਰ ਮੈਂ ਹੀ ਚੁੱਕਦਾ ਰਿਹਾ। ਖ਼ਰਚ ਹੁੰਦਿਆਂ-ਹੁੰਦਿਆਂ ਸਾਰੀ ਜ਼ਮੀਨ ਗਹਿਣੇ ਪੈ ਗਈ। ਬਲਕਿ ਇਸ ਤੋਂ ਇਲਾਵਾ 3000 ਰੁਪਏ ਹੱਥ ਉਧਾਰ ਵੀ ਹੋ ਗਏ। ਦੁਕਾਨਾਂ ਤੋਂ ਉਧਾਰ ਮਿਲਣਾ ਵੀ ਬੰਦ ਹੋ ਗਿਆ। ਪਰ ਸੰਗਤ ਦਾ ਪ੍ਰਵਾਹ ਉਸੇ ਤਰ੍ਹਾਂ ਹੀ ਚਲਦਾ ਰਿਹਾ। ਜਦ ਆਰਥਿਕ ਹਾਲਤ ਕਮਜ਼ੋਰ ਹੋ ਗਈ ਤਾਂ ਆਤਮਕ ਸ਼ਾਂਤੀ ਵੀ ਜਵਾਬ ਦੇਣ ਲੱਗੀ, ਤਦ ਮੈਂ ਇੱਕ ਦੋਸਤ ਰਾਹੀਂ ਅਮਰੀਕਾ ਤੋਂ ਪਤਾ ਕੀਤਾ। ਅਮਰੀਕਾ ਵਾਲੇ ਮਿੱਤਰ ਨੇ ਭਰੋਸਾ ਦਿਵਾਇਆ ਕਿ ਜੇ ਆਉਣਾ ਚਾਹੋ ਤਾਂ ਆ ਜਾਉ, ਮੈਂ ਤੁਹਾਡੀ ਹਰ ਤਰ੍ਹਾਂ ਨਾਲ ਮਦਦ ਕਰਾਂਗਾ।

## 3. ਇਮਤਿਹਾਨ

ਰੱਬ ਭਗਤੀ ਹੋਵੇ, ਚਾਹੇ ਦੇਸ਼ ਭਗਤੀ-ਇਮਤਿਹਾਨ ਜ਼ਰੂਰ ਆਉਂਦੇ ਹਨ। ਅਮਰੀਕਾ ਵਾਲੇ ਦੋਸਤ ਦੇ ਭਰੋਸਾ ਦਿਵਾਉਣ ਪਿੱਛੋਂ ਬਾਬਾ ਜੀ ਦੀ ਆਗਿਆ ਲੈਣੀ ਜ਼ਰੂਰੀ ਸੀ। ਬਾਬਾ ਜੀ ਸਾਹਮਣੇ ਪੇਸ਼ ਹੋ ਕੇ ਸਾਰੀ ਹਾਲਤ ਉਨ੍ਹਾਂ ਸਾਹਮਣੇ ਰੱਖੀ। ਬਾਬਾ ਜੀ ਸੁਣ ਕੇ ਹੱਸ ਪਏ। ਬਾਬਾ ਜੀ ਕੋਲ ਉਨ੍ਹਾਂ ਦਾ ਇੱਕ ਸ਼ਰਧਾਲੂ ਸ਼ਾਹੂਕਾਰ ਦਰਸ਼ਨਾਂ ਲਈ ਆਇਆ ਹੋਇਆ ਸੀ। ਬਾਬਾ ਜੀ ਉਹਨੂੰ ਸੰਬੋਧਨ ਕਰਕੇ ਕਹਿਣ ਲੱਗੇ, "ਸੋਹਣ ਸਿੰਘ ਤੁਰਿਆ ਤਾਂ ਰੱਬ ਨੂੰ ਮਿਲਣ ਲਈ ਸੀ ਪਰ ਜਦ ਹੁਣ ਰੱਬ ਦੀ ਖਲਕਤ ਦੀ ਸੇਵਾ ਕਰਦਿਆਂ ਮਾਇਆ ਖਤਮ ਹੋ ਗਈ ਤਾਂ ਘਬਰਾ ਗਿਆ।" ਸ਼ਾਹੂਕਾਰ ਮੈਨੂੰ ਪੁੱਛਣ ਲੱਗਾ, "ਕਿਉਂ ਜੀ ਕੀ ਗੱਲ ਹੈ ?" ਮੈਂ ਉਸਨੂੰ ਸਾਰੀ ਗੱਲ ਸਮਝਾਈ।

ਸ਼ਾਹੂਕਾਰ ਨੇ ਬਾਬਾ ਜੀ ਨੂੰ ਸੰਬੋਧਨ ਕਰ ਕੇ ਕਿਹਾ, "ਮਹਾਰਾਜ ਇਹ ਰੁਪਏ ਲਈ ਅਮਰੀਕਾ ਨਾ ਜਾਣ। ਮੈਂ ਕੱਲ੍ਹ ਨੂੰ ਹੀ ਇਹਨਾਂ ਦਾ ਸਾਰਾ ਕਰਜ਼ਾ ਜਿਹੜਾ ਜ਼ਮੀਨ ਤੇ ਹੈ ਤੇ ਜਿਹੜਾ ਉਧਾਰ ਹੈ ਉਹ ਵੀ ਲਿਆ ਕੇ ਆਪ ਦੇ ਚਰਨਾਂ ਵਿੱਚ ਰੱਖ ਦਿਆਂਗਾ। ਪਰ ਇੱਕ ਗੱਲ ਇਹ ਆਪਣੇ ਮੂੰਹੋਂ ਕਹਿ ਦੇਣ ਕਿ ਜਿੰਨਾ ਇਹਨਾਂ ਅੱਜ ਤੱਕ ਪੁੰਨ ਦਾਨ ਕੀਤਾ ਹੈ ਉਸ ਦਾ ਫਲ ਮੈਨੂੰ (ਸ਼ਾਹੂਕਾਰ) ਨੂੰ ਦਿੱਤਾ।"

ਬਾਬਾ ਜੀ ਨੇ ਹੱਸ ਕੇ ਕਿਹਾ, "ਕਰ ਲਓ ਸੌਦਾ। ਅਮਰੀਕਾ ਜਾਣ ਦੀ ਕੀ

ਲੋੜ ਹੈ ? (ਨੋਟ : ਹਿੰਦੂ ਅਕੀਦੇ ਅਨੁਸਾਰ ਰੁਪਏ ਨਾਲ ਪੁੰਨ ਦਾਨ ਖਰੀਦਿਆ ਜਾ ਸਕਦਾ ਹੈ।) ਮੈਂ ਹੱਥ ਜੋੜ ਕੇ ਅਰਜ਼ ਕੀਤੀ "ਧਰਮ ਵੇਚ ਕੇ ਧਨ ਨਹੀਂ ਲੈਣਾ ਚਾਹੁੰਦਾ।" ਬਾਬਾ ਜੀ ਨੇ ਫੁਰਮਾਇਆ "ਜੇ ਧਰਮ ਨਹੀਂ ਵੇਚਣਾ ਚਾਹੁੰਦਾ ਤਾਂ ਜਾਹ ਜਾ ਕੇ ਹੱਥੀਂ ਧਰਮ ਦੀ ਕਮਾਈ ਕਰ ਕੇ ਖਾਹ।" ਬਾਬਾ ਜੀ ਦਾ ਇਸ਼ਾਰਾ ਸਮਝ ਕੇ ਮੈਂ ਵਾਹੀ ਦਾ ਕੰਮ ਸ਼ੁਰੂ ਕਰ ਲਿਆ।

**ਦੂਸਰਾ ਇਮਤਿਹਾਨ** - ਇੱਕ ਦਿਨ ਮੇਰੇ ਇੱਕ ਪਾਦਰੀ ਦੋਸਤ ਮੈਨੂੰ ਮਿਲਣ ਲਈ ਆਏ। ਘਰੋਂ ਉਹਨਾਂ ਨੂੰ ਪਤਾ ਲੱਗਾ ਕਿ ਮੈਂ ਖੂਹ ਤੇ ਹਾਂ। ਉਹ ਖੂਹ ਨੂੰ ਆਉਣ ਵਾਲੀ ਸੜਕੇ ਪੈ ਕੇ ਖੂਹ ਵੱਲ ਨੂੰ ਜਾ ਰਹੇ ਸਨ। ਮੈਂ ਵੀ ਉਧਰੋਂ ਸਿਰ ਤੇ ਪੱਠੇ ਚੁੱਕੀ ਆ ਰਿਹਾ ਸਾਂ। ਮੈਂ ਉਹਨਾਂ ਨੂੰ ਵੇਖ ਕੇ ਇੱਕ ਰੁੱਖ ਹੇਠਾਂ ਪੰਡ ਸੁੱਟ ਦਿੱਤੀ ਤੇ ਅਸੀਂ ਦੋਵੇਂ ਬੈਠ ਗਏ। ਪਰ ਭਾਰ ਚੁੱਕਣ ਕਰਕੇ ਮੇਰੀ ਧੌਣ ਸਿੱਧੀ ਨਾ ਹੋਈ। ਇਹ ਵੇਖ ਕੇ ਮੇਰੇ ਪਾਦਰੀ ਦੋਸਤ ਨੇ ਕਿਹਾ, "ਮੈਨੂੰ ਅੱਜ ਤੁਹਾਡੀ ਹਾਲਤ ਵੇਖ ਕੇ ਬੜਾ ਦੁੱਖ ਹੋਇਆ ਹੈ।" ਮੈਂ ਕਿਹਾ, "ਕਦੇ ਭਾਰ ਨਹੀਂ ਚੁੱਕਿਆ। ਕੋਈ ਨਹੀਂ ਹੌਲੀ-ਹੌਲੀ ਆਦਤ ਹੋ ਜਾਵੇਗੀ।" ਉਹਨਾਂ ਫ਼ਰਮਾਇਆ "ਅਜਿਹੀ ਆਦਤ ਬਣਾਉਣ ਦੀ ਕੋਈ ਲੋੜ ਨਹੀਂ। ਮੈਂ ਤੁਹਾਡੇ ਕਰਜ਼ੇ ਤੇ ਦੂਸਰੇ ਖ਼ਰਚ ਦਾ ਬੰਦੋਬਸਤ ਕਰ ਦੇਂਦਾ ਹਾਂ। ਯਸੂਹ ਦੀ ਤੁਸੀਂ ਇੱਜ਼ਤ ਤਾਂ ਪਹਿਲਾਂ ਤੋਂ ਹੀ ਕਰਦੇ ਹੋ। ਸੋ ਤੁਸੀਂ ਇਸੇ ਤਰ੍ਹਾਂ ਸਿੱਖੀ ਜਾਮੇ ਵਿੱਚ ਰਹਿੰਦੇ ਹੋਏ ਦਿਲੋਂ ਆਪਣੇ ਆਪ ਨੂੰ ਇਸਾਈ ਸਮਝ ਲਵੋ।"

ਇਹ ਸੁਣ ਕੇ ਮੈਨੂੰ ਬੜਾ ਗੁੱਸਾ ਆਇਆ ਤੇ ਮੈਂ ਕ੍ਰੋਧ ਵਿੱਚ ਕਿਹਾ, "ਜੇ ਮੈਂ ਮਿਸ਼ਨ ਦੇ ਜੂਠੇ ਟੁਕੜੇ ਹੀ ਖਾਣੇ ਹੁੰਦੇ ਤਾਂ ਮੈਨੂੰ ਆਪਣੀ ਜਾਇਦਾਦ ਖ਼ਰਚ ਕਰਨ ਦੀ ਕੀ ਲੋੜ ਸੀ ?" ਖ਼ੈਰ ਮੇਰੇ ਗੁੱਸੇ ਨੂੰ ਠੰਡਾ ਕਰਕੇ ਉਸ ਨੇ ਖਿਮਾ ਮੰਗੀ। ਅੱਜ ਕੱਲ੍ਹ ਦੇ ਸਿਆਣੇ ਸਿਆਸਤਦਾਨ, ਸ਼ਾਹੂਕਾਰ ਤੇ ਪਾਦਰੀ ਤੋਂ ਰੁਪਿਆ ਨਾ ਲੈਣ ਨੂੰ ਬੇਵਕੂਫੀ ਤੋਂ ਸਿਵਾ ਕੁਝ ਨਹੀਂ ਕਹਿਣਗੇ।

ਸ਼ਾਹੂਕਾਰ ਤੇ ਪਾਦਰੀ ਦਾ ਜ਼ਿਕਰ ਮੈਂ ਇਸ ਲਈ ਕੀਤਾ ਹੈ ਕਿ ਚਾਹੇ ਰੱਬ ਭਗਤੀ ਹੋਵੇ ਜਾਂ ਦੇਸ਼ ਭਗਤੀ, ਇਮਤਿਹਾਨ ਹਰ ਥਾਂ ਸਾਹਮਣੇ ਆਉਣੇ ਹਨ। ਜੇ ਰੁਪਏ ਦੇ ਜਾਲ ਵਿੱਚ ਫਸ ਜਾਓ ਤਾਂ ਆਤਮਾ ਕਤਲ ਹੋ ਜਾਂਦੀ ਹੈ। ਨਾ ਫਸੀਏ ਤਾਂ ਦੁੱਖ, ਮੁਸੀਬਤਾਂ ਸਾਹਮਣੇ ਆਉਂਦੇ ਹਨ। ਪਰ ਆਤਮਕ ਗਿਰਾਵਟ ਦੀ ਥਾਂ ਮੁਸੀਬਤਾਂ ਦਾ ਰਸਤਾ ਬਿਹਤਰ ਹੈ।

## 4. ਰੋਟੀ ਦੀ ਭਾਲ ਵਿੱਚ ਅਮਰੀਕਾ ਨੂੰ

ਅਖ਼ੀਰ ਜਦ ਵਾਹੀ ਦਾ ਸਖ਼ਤ ਕੰਮ ਨਾ ਚਲਾ ਸਕਿਆ ਤਾਂ ਵਿੱਚੇ ਹੀ ਛੱਡ ਕੇ ਮੈਂ 3 ਫਰਵਰੀ 1909 ਨੂੰ ਅਮਰੀਕਾ ਜਾਣ ਲਈ ਘਰੋਂ ਚੱਲ ਪਿਆ। ਉਹਨੀਂ ਦਿਨੀਂ ਪਾਸਪੋਰਟ ਨਹੀਂ ਸੀ ਹੁੰਦੇ। ਹਰ ਇੱਕ ਨੂੰ ਜਾਣ ਦੀ ਖੁੱਲ੍ਹ ਸੀ। ਮੇਰੇ ਘਰੋਂ ਤੁਰਨ ਵੇਲੇ ਮੇਰੇ ਧਰਮ ਮਾਤਾ ਜੀ ਤਾਂ ਬੇਹੋਸ਼ ਹੋ ਗਏ। ਮੇਰੀ ਜਨਨੀ ਮਾਤਾ ਤੇ ਪਤਨੀ ਖੜ੍ਹੀਆਂ ਰੋ ਰਹੀਆਂ ਸਨ। ਇਹ ਝਾਕੀ ਅਤੀ ਦੁਖਦਾਇਕ ਸੀ। ਮੇਰੇ ਬਗੈਰ ਘਰ ਵਿੱਚ ਨਾ ਕੋਈ ਭਾਈ ਸੀ ਤੇ ਨਾ ਕੋਈ ਬੇਟਾ ਤੇ ਜਾਇਦਾਦ ਵੀ ਮੈਂ ਖ਼ਤਮ ਕਰ ਚੁੱਕਿਆ ਸਾਂ ਜਿਸ



ਦੇ ਆਸਰੇ ਇਹ ਦਿਨ ਕੱਟ ਸਕਦੀਆਂ। ਸਿਰਫ ਪੰਜ ਵਿਘੇ (ਢਾਈ ਏਕੜ) ਜ਼ਮੀਨ ਬਚੀ ਹੋਈ ਸੀ। ਦੂਜੇ ਪਾਸੇ ਮੇਰੇ ਸਾਹਮਣੇ ਵਿਦੇਸ਼ ਜਾਣ ਬਗੈਰ ਹੋਰ ਕੋਈ ਰਾਹ ਨਹੀਂ ਸੀ। ਅਖੀਰ ਦਿਲ ਪੱਥਰ ਕਰ ਕੇ ਮੈਂ ਅਮਰੀਕਾ ਜਾਣ ਲਈ ਘਰੋਂ ਚੱਲ ਪਿਆ।

ਅਸੀਂ ਅੱਠ ਆਦਮੀ ਅਮਰੀਕਾ ਜਾਣ ਲਈ ਪੰਜਾਬ ਤੋਂ ਚੱਲੇ। ਹਾਂਗਕਾਂਗ ਤੋਂ ਅਮਰੀਕਾ ਜਾਣ ਵਾਲਾ ਜਹਾਜ਼ ਬਦਲਣਾ ਪੈਂਦਾ ਸੀ। ਪਰ ਪਹਿਲਾਂ ਅੱਖਾਂ ਦੀ ਡਾਕਟਰੀ ਹੁੰਦੀ ਸੀ ਤੇ ਪਾਸ ਹੋਣ ਵਾਲਿਆਂ ਨੂੰ ਹੀ ਜਹਾਜ਼ ਦੀ ਟਿਕਟ ਮਿਲਦੀ ਸੀ। ਕੁਕਰਿਆਂ ਦੀ ਬਿਮਾਰੀ ਵਾਲੇ ਨੂੰ ਫੇਲ੍ਹ ਕਰ ਦੇਂਦੇ ਸਨ। ਗਰਮ ਦੇਸ਼ਾਂ ਵਿੱਚ ਰਹਿਣ ਵਾਲਿਆਂ ਨੂੰ ਆਮ ਕਰਕੇ ਕੁਕਰਿਆਂ ਦੀ ਬੀਮਾਰੀ ਹੋ ਜਾਂਦੀ ਹੈ। ਮੇਰੇ ਸੱਤ ਸਾਥੀ ਫੇਲ੍ਹ ਹੋਏ ਅਤੇ ਇਕੱਲਾ ਮੈਂ ਹੀ ਪਾਸ ਹੋਇਆ।

ਹਾਂਗਕਾਂਗ ਵਿੱਚ ਰਹਿਣ ਵਾਲੇ ਕਈ ਪੰਜਾਬੀਆਂ ਨੇ ਕਿਹਾ ਕਿ ਸਫਰ ਲੰਮਾ ਹੈ, ਇਕੱਲੇ ਨਾ ਜਾਉ। ਹੋ ਸਕਦਾ ਹੈ ਦੂਸਰੇ ਕਿਸੇ ਜਹਾਜ਼ ਵਿੱਚ ਕੋਈ ਹੋਰ ਸਾਥੀ ਮਿਲ ਜਾਵੇ। ਪਰ ਮੈਂ ਉਥੇ ਬੈਠਣਾ ਮੁਨਾਸਬ ਨਾ ਸਮਝਿਆ ਤੇ ਇਕ ਜਪਾਨੀ ਜਹਾਜ਼ ਜੋ ਚੱਲਣ ਵਾਲਾ ਸੀ, ਉਸ ਵਿੱਚ ਬੈਠ ਗਿਆ। ਮੁਸ਼ਕਿਲ ਇਹ ਸੀ ਕਿ ਮੈਂ ਰੋਟੀ ਪਕਾਉਣਾ ਨਹੀਂ ਜਾਣਦਾ ਸੀ। ਆਸਾਨੀ ਇਹ ਸੀ ਕਿ ਮੈਂ ਛੂਤ-ਛਾਤ ਨੂੰ ਨਹੀਂ ਮੰਨਦਾ ਸਾਂ। ਜਪਾਨੀ ਕੰਪਨੀ ਮੁਸਾਫਰਾਂ ਨੂੰ ਚਾਵਲ ਤੇ ਮੱਛੀ ਖਾਣ ਨੂੰ ਦੇਂਦੀ ਸੀ। ਪਰ ਮੈਂ ਉਹਨੀਂ ਦਿਨੀਂ ਮਾਸ ਤੇ ਨਮਕ ਨਹੀਂ ਖਾਂਦਾ ਸਾਂ। ਇਸ ਲਈ ਮੈਂ ਆਪਣੇ ਨਾਲ ਬਿਸਕੁਟ, ਘਿਉ ਤੇ ਚੀਨੀ ਆਪਣੇ ਖਾਣ ਲਈ ਰੱਖ ਲਈ। ਪੱਕੇ ਹੋਏ ਚਾਵਲ ਮੈਂ ਕੰਪਨੀ ਤੋਂ ਲੈ ਕੇ ਘਿਓ ਖੰਡ ਪਾ ਕੇ ਖਾ ਲੈਂਦਾ। ਇਸ ਤਰ੍ਹਾਂ ਮੈਂ ਇੱਕ ਮਹੀਨੇ ਦਾ ਸਫਰ ਤੈਅ ਕਰ ਲਿਆ। ਮੇਰੇ ਪਾਸ ਪੰਜਾਬੀ-ਅੰਗਰੇਜੀ ਸ਼ਬਦਕੋਸ਼ (ਡਿਕਸ਼ਨਰੀ) ਸੀ ਜਿਸ ਵਿੱਚ ਮੋਟੀਆਂ ਮੋਟੀਆਂ ਜ਼ਰੂਰੀ ਚੀਜ਼ਾਂ ਦੇ ਅੰਗਰੇਜ਼ੀ ਨਾਂ ਵੀ ਯਾਦ ਕਰ ਲਏ।

ਇਸ ਯਾਤਰਾ ਦੀ ਇੱਕ ਗੱਲ ਦੱਸਣ ਵਾਲੀ ਹੈ। ਯੋਕੋਹਾਮਾ (ਜਪਾਨ) ਤੋਂ ਚਾਰ ਰੂਸੀ ਮੁਸਾਫਿਰ ਮੇਰੇ ਵਾਲੇ ਜਹਾਜ਼ ਵਿੱਚ ਸਵਾਰ ਹੋਏ। ਉਹਨਾਂ ਦੇ ਬੈੱਡ (ਬਿਸਤਰ) ਵੀ ਮੇਰੇ ਨਾਲ ਸਨ। ਅਸੀਂ ਡਿਕਸ਼ਨਰੀ ਦੀ ਸਹਾਇਤਾ ਨਾਲ ਟੁੱਟੀ-ਫੁੱਟੀ ਕੰਮ ਟਪਾਊ ਅੰਗਰੇਜ਼ੀ ਵਿੱਚ ਕੰਮ ਸਾਰਨ ਲੱਗੇ। ਜਬਾਨ ਭਾਵੇਂ ਅਸੀਂ ਇੱਕ ਦੂਜੇ ਦੀ ਨਹੀਂ ਸਾਂ ਸਮਝਦੇ ਪਰ ਪਿਆਰ ਉਹਨਾਂ ਦਾ ਪ੍ਰਤੱਖ ਸੀ। ਘਰੋਂ ਬਾਹਰ ਨਿਕਲ ਕੇ ਕਈ ਬੜੇ ਪਿਆਰ ਵਾਲੇ ਲੋਕ ਮਿਲ ਜਾਂਦੇ ਹਨ। ਮੇਰੇ ਇਹ ਮੁਸਾਫਿਰ ਸਾਥੀ ਰੂਸ ਦੀ ਜ਼ਾਰਸ਼ਾਹੀ ਦੇ ਸਤਾਏ ਹੋਏ ਬੜੇ ਸੁੱਚੇ ਦੇਸ਼ ਭਗਤ ਸਨ-ਪਿਆਰ ਦੇ ਪੁਤਲੇ। ਬਾਅਦ ਵਿੱਚ ਰਾਜਸੀ ਕੰਮ ਵੇਲੇ ਉਹਨਾਂ ਦੀ ਯਾਦ ਕਈ ਵਾਰੀ ਆਉਂਦੀ ਰਹੀ।

ਅਖ਼ੀਰ 4 ਅਪ੍ਰੈਲ 1909 ਨੂੰ ਅਮਰੀਕਾ ਦੀ ਉੱਤਰੀ ਬੰਦਰਗਾਹ ਸਿਆਟਲ ਤੇ ਸਾਡਾ ਜਹਾਜ਼ ਜਾ ਲੱਗਾ। ਡਾਕਟਰੀ ਤਾਂ ਪਾਸ ਹੋ ਗਿਆ। ਹੁਣ ਮਹਿਕਮਾ ਇਮੀਗਰੇਸ਼ਨ ਜਿਹੜਾ ਕਿ ਵਿਦੇਸ਼ੀ ਮੁਸਾਫਰਾਂ ਦੀ ਪੁੱਛਗਿੱਛ ਕਰਦਾ ਸੀ, ਉਹਦੇ ਸਾਹਮਣੇ ਪੇਸ਼ ਹੋਇਆ। ਮੈਂ ਟੁੱਟੀ ਫੁੱਟੀ ਅੰਗਰੇਜ਼ੀ ਵਿੱਚ ਉਹਨਾਂ ਨੂੰ ਕਿਹਾ ਕਿ ਮੈਂ ਅੰਗਰੇਜ਼ੀ ਨਹੀਂ ਬੋਲ ਸਕਦਾ। ਇਸ ਲਈ ਉਹਨਾਂ ਨੂੰ ਦੋ-ਭਾਸ਼ੀਏ ਦੀ ਲੋੜ ਸੀ।

ਮੇਰੇ ਉਹ ਦੋਸਤ ਜਿਨ੍ਹਾਂ ਮੈਨੂੰ ਮੰਗਾਇਆ ਸੀ, ਜਹਾਜ਼ ਤੇ ਮੈਨੂੰ ਲੈਣ ਆਏ ਹੋਏ ਸਨ। ਮੇਰੇ ਦੋਸਤ ਨੂੰ ਵੇਖ ਕੇ ਮਹਿਕਮੇ ਵਾਲਿਆਂ ਨੇ ਉਹਨਾਂ ਨੂੰ ਕਿਹਾ ਕਿ ਉਹ ਮੈਨੂੰ ਆਪਣੀ ਬੋਲੀ ਵਿੱਚ ਗੱਲ ਸਮਝਾ ਦੇਣ। (ਕਿਉਂਕਿ ਮੈਂ ਅੰਗਰੇਜ਼ੀ ਨਹੀਂ ਜਾਣਦਾ

ਸੀ।) ਇਹ ਗੱਲ ਮੇਰੇ ਲਈ ਲਾਭਦਾਇਕ ਸਿੱਧ ਹੋਈ ਕਿਉਂਕਿ ਉਹਨਾਂ ਮੈਨੂੰ ਪੰਜਾਬੀ ਵਿੱਚ ਸਮਝਾ ਦਿੱਤਾ ਕਿ ਇਹ ਨਾ ਕਹੀਂ ਮੈਨੂੰ ਕਿਸੇ ਦੋਸਤ ਨੇ ਚਿੱਠੀ ਭੇਜ ਕੇ ਮੰਗਾਇਆ ਹੈ।

**ਸਵਾਲ** - ਤੂੰ ਅਮਰੀਕਾ ਵਿੱਚ ਕਿਉਂ ਆਇਆ ?

**ਜਵਾਬ** - ਮਜ਼ਦੂਰੀ ਲਈ।

**ਸਵਾਲ** - ਅਮਰੀਕਾ ਤੋਂ ਕਿਸੇ ਦੋਸਤ ਨੇ ਤੈਨੂੰ ਖ਼ਤ ਭੇਜਿਆ ?

**ਜਵਾਬ** - ਨਹੀਂ

**ਸਵਾਲ** - ਤੁਹਾਡੇ ਪਿੰਡ, ਰਿਸ਼ਤੇਦਾਰੀਆਂ ਤੇ ਦੇਸ਼ ਵਿੱਚ ਦੋ ਸ਼ਾਦੀਆਂ ਦਾ ਰਿਵਾਜ ਹੈ ?

**ਜਵਾਬ** - ਹਾਂ।

**ਸਵਾਲ** - ਤਾਂ ਫਿਰ ਤੁਸੀਂ ਕਿਸ ਤਰ੍ਹਾਂ ਕਹਿ ਸਕਦੇ ਹੋ ਕਿ ਤੁਸੀਂ ਦੋ ਸ਼ਾਦੀਆਂ ਦੇ ਹੱਕ ਵਿੱਚ ਨਹੀਂ ਹੋ ?

**ਜਵਾਬ** - (ਇਹਦਾ ਜਵਾਬ ਦੇਣਾ ਮੇਰੇ ਲਈ ਕੋਈ ਮੁਸ਼ਕਿਲ ਨਹੀਂ ਸੀ, ਕਿਉਂਕਿ ਬਾਬਾ ਜੀ ਦੋ ਸ਼ਾਦੀਆਂ ਦੇ ਖਿਲਾਫ ਸਨ। ਇਸ ਸਵਾਲ ਤੋਂ ਬਹੁਤ ਆਦਮੀ ਫੇਲ੍ਹ ਕਰ ਕੇ ਵਾਪਸ ਭੇਜ ਦਿੱਤੇ ਗਏ ਸਨ। ਮੈਂ ਦ੍ਰਿੜਤਾ ਨਾਲ ਜਵਾਬ ਦਿੱਤਾ) ਹਰ ਇੱਕ ਇਨਸਾਨ ਦਾ ਹੱਕ ਹੈ ਕਿ ਸਮਾਜ ਦੇ ਜਿਸ ਰਸਮ ਰਿਵਾਜ ਨੂੰ ਗਲਤ ਸਮਝੇ ਉਸ ਤੇ ਅਮਲ ਨਾ ਕਰੇ।

**ਸਵਾਲ** - ਜੇ ਕੰਮ ਨਾ ਮਿਲਿਆ ਤਾਂ ਬੇਕਾਰੀ ਦੀ ਹਾਲਤ ਵਿੱਚ ਕੀ ਕਰੋਗੇ ?

**ਜਵਾਬ** - (ਮੈਂ ਪੰਜ ਸੌ ਰੁਪਏ ਕੱਢ ਕੇ ਮੇਜ਼ ਤੇ ਰੱਖ ਦਿੱਤੇ) ਇਹਦੇ ਤੇ ਗੁਜ਼ਾਰਾ ਕਰਾਂਗਾ। (ਇਹ ਰੁਪਿਆ ਅਮਰੀਕਾ ਵਾਲੇ ਦੋਸਤ ਨੇ ਮੈਨੂੰ ਭੇਜਿਆ ਸੀ।)

ਜਦ ਮੈਂ ਸਵਾਲਾਂ ਦੇ ਜਵਾਬ ਠੀਕ-ਠੀਕ ਦੇ ਦਿੱਤੇ ਤਾਂ ਮਹਿਕਮੇ ਵਾਲਿਆਂ ਨੂੰ ਸ਼ੱਕ ਹੋਇਆ ਕਿ ਕਿਤੇ ਦੋ-ਭਾਸ਼ੀਏ ਨੇ ਆਪਣੇ ਵੱਲੋਂ ਹੀ ਬਣਾ ਕੇ ਇਹ ਜਵਾਬ ਤਾਂ ਨਹੀਂ ਦੇ ਦਿੱਤੇ ? ਉਸ ਦਿਨ ਉਹਨਾਂ ਨੇ ਮੈਨੂੰ ਉਤਰਨ ਦੀ ਆਗਿਆ ਨਾ ਦਿੱਤੀ। ਅਗਲੇ ਦਿਨ ਮਹਿਕਮੇ ਵਾਲਿਆਂ ਨੇ ਬਾਬੂ ਹਰਨਾਮ ਸਿੰਘ ਕਹਿਰੀ ਸਹਿਰੀ ਨੂੰ ਦੋ-ਭਾਸ਼ੀਏ ਵਜੋਂ ਬੁਲਾਇਆ ਜੋ ਉਹਨੀਂ ਦਿਨੀਂ ਸਿਆਟਲ ਯੂਨੀਵਰਸਿਟੀ ਵਿੱਚ ਪੜ੍ਹਦੇ ਸਨ। ਫਿਰ ਪਹਿਲੇ ਦਿਨ ਵਾਲੇ ਸਵਾਲ ਪੁੱਛੇ। ਮੈਂ ਪਹਿਲੇ ਦਿਨ ਵਾਲੇ ਹੀ ਜਵਾਬ ਦੇ ਦਿੱਤੇ। ਆਪਣੇ ਮਿੱਤਰ ਦੇ ਕਹਿਣ ਅਨੁਸਾਰ ਮੈਂ ਭਾਰਤ ਤੋਂ ਸੁੰਦਰ ਮੁਰਾਦਾਬਾਦੀ ਬਰਤਨ ਤੇ ਫੁਲਕਾਰੀਆਂ ਵੀ ਲੈ ਕੇ ਆਇਆ ਹੋਇਆ ਸਾਂ। ਲੋਕਾਂ ਦੀ ਭੀੜ ਜੁੜੀ ਹੋਈ ਸੀ, ਮੈਂ ਇੱਕ-ਇੱਕ ਕੱਪੜਾ ਕੱਢ ਕੇ ਲੋਕਾਂ ਨੂੰ ਵਿਖਾਉਣ ਲੱਗਾ ਤੇ ਕਿਹਾ ਕਿ ਮੈਂ ਤਾਂ ਕਲਾ ਦੀਆਂ ਸੁੰਦਰ ਚੀਜ਼ਾਂ ਦਾ ਵਪਾਰੀ ਹਾਂ। ਲੋਕਾਂ ਦੀ ਦਿਲਚਸਪੀ ਵੇਖ ਕੇ ਮਹਿਕਮੇ ਵਾਲਿਆਂ ਹੋਰ ਕੋਈ ਅੜਿੱਕਾ ਨਾ ਡਾਹਿਆ ਤੇ ਅਖ਼ੀਰ 5 ਅਪ੍ਰੈਲ 1909 ਨੂੰ ਮੈਨੂੰ ਅਮਰੀਕਾ ਉਤਰਨ ਦੀ ਆਗਿਆ ਮਿਲ ਗਈ। ਬਾਬੂ ਹਰਨਾਮ ਸਿੰਘ ਮੇਰੇ ਦੋਸਤ ਤੇ ਚੰਗੇ ਜਾਣੂ ਸਨ। ਸੋ ਰਾਤ ਉਹਨਾਂ ਕੋਲ ਹੀ ਰਿਹਾ।



ਬਾਬੂ ਹਰਨਾਮ ਸਿੰਘ ਇੱਕ ਉੱਚ ਕੋਟੀ ਦੇ ਦੇਸ਼-ਭਗਤ ਸਨ। ਉਹਨਾਂ ਨੇ 1906-7 ਦੇ ਐਜ਼ੀਟੇਸ਼ਨ ਬਾਰੇ ਕਈ ਗੱਲਾਂ ਪੁੱਛੀਆਂ।

**1906-7 ਦਾ ਜ਼ਮੀਨੀ ਐਜ਼ੀਟੇਸ਼ਨ :-** 1906-7 ਦਾ ਜ਼ਮੀਨੀ ਐਜ਼ੀਟੇਸ਼ਨ ਜਿਹੜਾ ਕਿ ਸੰਦਲ, ਦੁਲਾਬਾਰ, ਸਾਹੀਵਾਲ ਅਤੇ ਨੀਲੀਬਾਰ ਦੇ ਆਬਾਦ ਹੋ ਜਾਣ ਪਿੱਛੋਂ ਅੰਗਰੇਜ਼ਾਂ ਦੀ ਬਦਨੀਤੀ ਕਾਰਨ ਸਾਰੇ ਪੰਜਾਬ ਵਿੱਚ ਫੈਲਿਆ, ਉਸ ਬਾਰੇ ਕੁਝ ਕਹਿਣਾ ਜ਼ਰੂਰੀ ਹੈ। ਜਦ ਅੰਗਰੇਜ਼ਾਂ ਨੇ ਕਿਸਾਨਾਂ ਤੋਂ ਇਹ ਬੰਜਰ ਜ਼ਮੀਨਾਂ ਆਬਾਦ ਕਰਵਾ ਲਈਆਂ ਅਤੇ ਜ਼ਮੀਨ ਆਮਦਨ ਦੇਣ ਲੱਗੀ ਤਦ ਅੰਗਰੇਜ਼ ਦੀ ਨੀਅਤ ਫਿਰ ਗਈ। ਫਿਰ ਕਾਨੂੰਨ ਬਣਾ ਦਿੱਤਾ ਕਿ ਕੋਈ ਆਬਾਦਕਾਰ ਬਗੈਰ ਸਰਕਾਰੀ ਆਗਿਆ ਦੇ ਆਪਣੀ ਜ਼ਮੀਨ ਦੇ ਵਿੱਚੋਂ ਰੁੱਖ ਨਹੀਂ ਵੱਢ ਸਕਦਾ। ਜਿਸਦਾ ਮਤਲਬ ਸੀ ਕਿ ਜ਼ਮੀਨ ਮਾਲਕ ਆਬਾਦਕਾਰ ਕਿਸਾਨ ਨਹੀਂ ਬਲਕਿ ਸਰਕਾਰ ਹੈ। ਅੰਗਰੇਜ਼ ਦੀ ਨੀਅਤ ਸੀ ਕਿ ਇਸ ਕਾਨੂੰਨ ਰਾਹੀਂ ਅਬਾਦਕਾਰਾਂ ਨੂੰ ਕਮਜ਼ੋਰ ਕਰਕੇ ਇੱਥੇ ਅੰਗਰੇਜ ਜ਼ਿਮੀਂਦਾਰ ਇਹਨਾਂ ਦੇ ਉੱਪਰ ਲਿਆ ਬਿਠਾਏ ਜਾਣ ਅਤੇ ਆਬਾਦਕਾਰ ਮੁਜ਼ਾਰੇ ਬਣਾ ਕੇ ਇਹਨਾਂ ਦੇ ਹੇਠ ਰੱਖੇ ਜਾਣ। ਇਸ ਤਰ੍ਹਾਂ ਇਸ ਜ਼ਮੀਨ ਦੀ ਆਮਦਨੀ ਦਾ ਫਾਇਦਾ ਉਠਾਇਆ ਜਾਵੇ। ਕੁਝ ਪੜ੍ਹੇ ਲਿਖੇ ਨੌਜਵਾਨਾਂ ਨੇ ਇਸ ਕਾਨੂੰਨ ਨੂੰ ਚੈਲਿੰਜ ਮੰਨਿਆ ਅਤੇ ਅੰਗਰੇਜ਼ਾਂ ਦੀ ਨੀਅਤ ਦਾ ਅੰਦਾਜ਼ਾ ਲਾਇਆ। ਭਾਰਤ ਮਾਤਾ ਸੁਸਾਇਟੀ ਬਣਾਈ ਗਈ ਜਿਸ ਦੇ ਆਗੂ ਲਾਲਾ ਲਾਜਪਤ ਰਾਏ, ਸੂਫੀ ਅੰਬਾ ਪ੍ਰਸ਼ਾਦ, ਸ: ਅਜੀਤ ਸਿੰਘ ਤੇ ਉਹਨਾਂ ਦੇ ਹੋਰ ਸਾਥੀ ਸਨ। ਉਹਨਾਂ ਨੇ ਇਹ ਅੰਦੋਲਨ ਆਪਣੇ ਹੱਥਾਂ ਵਿੱਚ ਲਿਆ। ਇਸ ਦਾ ਖ਼ਾਸਾ ਕਾਨੂੰਨੀ ਤੇ ਸੁਧਾਰਵਾਦੀ ਸੀ। ਪਰ ਉਹਨੀਂ ਦਿਨੀਂ ਕਾਨੂੰਨੀ ਅੰਦੋਲਨ ਵੀ ਮਹੱਤਤਾ ਰੱਖਦਾ ਸੀ। ਇਸ ਲਹਿਰ ਦਾ ਅਸਰ ਸਾਰੇ ਪੰਜਾਬ ਵਿੱਚ ਹੋਇਆ। ਕਿਉਂਕਿ ਬਾਰ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ ਕਿਸਾਨ ਆ ਕੇ ਆਬਾਦ ਹੋਏ ਸਨ।

ਜਦ ਐਜ਼ੀਟੇਸ਼ਨ ਪੂਰੇ ਜ਼ੋਰਾਂ ਤੇ ਸੀ ਤਾਂ ਲਾਇਲਪੁਰ ਦੇ ਨੇੜੇ ਲੋਕਾਂ ਨੇ ਜੋਸ਼ ਵਿੱਚ ਆ ਕੇ ਰੇਲ ਦੀਆਂ ਪਟੜੀਆਂ ਉਖਾੜ ਦਿੱਤੀਆਂ। ਪਿੰਡਾਂ ਵਿੱਚ 'ਪਗੜੀ ਸੰਭਾਲ ਜੱਟਾ" ਜਹੇ ਗੀਤ ਤੇ ਸਾਹਿਤ ਨੇ ਅਸਰ ਪਾਇਆ। ਅੰਗਰੇਜ਼ਾਂ ਵਿਰੁੱਧ ਜਦ ਕਾਫ਼ੀ ਘਿਰਣਾ ਵਧਣ ਲੱਗੀ ਤਾਂ ਉਹਨਾਂ ਇਹ ਕਾਨੂੰਨ ਵਾਪਸ ਲੈ ਲਿਆ। ਪਰ ਦੁੱਖ ਦੀ ਗੱਲ ਇਹ ਹੈ ਕਿ ਸੂਫੀ ਅੰਬਾ ਪ੍ਰਸ਼ਾਦ ਤੇ ਸ: ਅਜੀਤ ਸਿੰਘ (ਸ: ਭਗਤ ਸਿੰਘ ਦੇ ਚਾਚਾ ਜੀ) ਜਿਨ੍ਹਾਂ ਨੇ ਸਾਰੀ ਉਮਰ ਜਲਾਵਤਨੀ ਦੀ ਹਾਲਤ ਵਿੱਚ ਬਿਤਾਈ, ਜਿਨ੍ਹਾਂ ਨੇ ਅੰਗਰੇਜ਼ ਸਾਹਮਣੇ ਦੇਸ਼ ਤੇ ਕੌਮ ਦਾ ਸਿਰ ਉੱਚਾ ਰੱਖਿਆ, ਇੱਕ ਵਾਰੀ ਵੀ ਅੰਗਰੇਜ਼ ਤੋਂ ਨਰਮੀ ਦੀ ਮੰਗ ਨਾ ਕੀਤੀ, ਉਹਨਾਂ ਦਾ ਹਿੰਦ ਦੇ ਇਤਿਹਾਸ ਵਿੱਚ ਕਾਂਗਰਸ ਨੇ ਕੋਈ ਜ਼ਿਕਰ ਨਹੀਂ ਕੀਤਾ ਅਤੇ ਨਾ ਹੀ ਉਹਨਾਂ ਦੀ ਕੋਈ ਯਾਦਗਾਰ ਬਣਾਈ ਹੈ। ਉਹਨਾਂ ਦਾ ਨਾਂ ਤੱਕ ਵੀ ਨੌਜਵਾਨਾਂ ਸਾਹਮਣੇ ਨਹੀਂ ਆਇਆ।

ਬਾਬੂ ਹਰਨਾਮ ਸਿੰਘ ਹੋਰਾਂ ਨੂੰ, ਜੋ ਵੀ ਮੈਂ ਇਸ ਐਜ਼ੀਟੇਸ਼ਨ ਬਾਰੇ ਜਾਣਦਾ ਸਾਂ, ਦੱਸਿਆ ਤੇ ਉਹ ਬੜੇ ਖੁਸ਼ ਹੋਏ। ਜ਼ਿਆਦਾ ਤਾਂ ਨਹੀਂ ਪਰ ਕੁਝ ਨਾ ਕੁਝ ਕੰਮ ਮੈਂ ਪਿੰਡਾਂ ਵਿੱਚ ਕੀਤਾ ਸੀ ਤੇ ਉਸ ਦੇ ਨਾਲ ਹੀ ਜੋ ਸਾਹਿਤ ਨਿਕਲਦਾ ਉਹ ਪੜ੍ਹਦਾ ਵੰਡਦਾ ਤੇ ਦੂਸਰਿਆਂ ਨੂੰ ਸੁਣਾਉਂਦਾ।

## 5. ਲੱਕੜੀ ਦੇ ਕਾਰਖਾਨੇ ਵਿੱਚ ਕੰਮ

ਅਗਲੇ ਦਿਨ ਅਸੀਂ ਦੋਵੇਂ ਸਿਆਟਲ ਤੋਂ ਉਰੇਗਨ ਸਟੇਟ ਪੋਰਟਲੈਂਡ ਵੱਲ ਤੁਰ ਪਏ। ਕਿਉਂਕਿ ਪੋਰਟਲੈਂਡ ਤੋਂ ਤਿੰਨ ਮੀਲ ਦੂਰ ਕੋਲੰਬੀਆ ਦਰਿਆ ਦੇ ਕੰਢੇ ਇੱਕ ਲੱਕੜੀ ਦੀ ਨਵੀਂ ਮਿੱਲ ਬਣਦੀ ਸੀ, ਜਿਸ ਦਾ ਨਾਂ ਮਨਾਰਕ ਮਿੱਲ ਸੀ। ਮੇਰੇ ਦੋਸਤ ਉਸੇ ਵਿੱਚ ਕੰਮ ਕਰਦੇ ਸਨ। ਕੰਮ ਬੜਾ ਸਖ਼ਤ ਸੀ। ਮਜ਼ਦੂਰੀ ਦੋ ਢਾਈ ਡਾਲਰ ਮਿਲਦੀ ਸੀ। ਕੋਈ 200 ਦੇ ਕਰੀਬ ਪੰਜਾਬੀ ਇੱਥੇ ਕੰਮ ਕਰਦੇ ਸਨ।

ਅਗਲੇ ਦਿਨ ਮੈਨੂੰ ਕੰਮ ਮਿਲ ਗਿਆ। ਰੇਹੜੀ ਰਾਹੀਂ ਪੱਥਰੀ ਸੀਮਿੰਟ ਨਾਲ ਰਲੀ ਹੋਈ ਰੇਤ ਛੱਤ ਉੱਪਰ ਧਿੱਕ ਕੇ ਚੜ੍ਹਾਉਣ ਦਾ ਕੰਮ ਸੀ, ਕਿਉਂਕਿ ਨਵੀਂ ਛੱਤ ਬਣ ਰਹੀ ਸੀ। ਮੇਰਾ ਹਰਾਮਖੋਰ ਸਰੀਰ ਮੁਸ਼ਕਿਲ ਨਾਲ ਬਾਰਾਂ ਵਜੇ ਤੱਕ ਕੰਮ ਕਰ ਸਕਿਆ। ਜਦ 12 ਵਜੇ ਰੋਟੀ ਦੀ ਛੁੱਟੀ ਹੋਈ ਤਾਂ ਮੈਂ ਬਹੁਤ ਥੱਕ ਚੁੱਕਿਆ ਸਾਂ। ਮੇਰੇ ਦੋਸਤ ਨੇ ਮਿੱਲ ਸੁਪਰੀਟੈਂਡੰਟ ਨਾਲ ਗੱਲ ਕਰਕੇ 1 ਹਫਤੇ ਲਈ ਅੱਧਾ ਦਿਨ ਕੰਮ ਕਰਨ ਦੀ ਮਨਜ਼ੂਰੀ ਲੈ ਦਿੱਤੀ। ਹਫ਼ਤੇ ਵਿੱਚ ਮੈਂ ਕੰਮ ਕਰਨ ਦਾ ਕੁਝ ਆਦੀ ਹੋ ਗਿਆ ਤੇ ਦਸ ਘੰਟੇ ਪੂਰੇ ਕਰਨ ਲੱਗਾ। ਇੱਕ ਮਹੀਨੇ ਪਿੱਛੋਂ ਥਕਾਵਟ ਨੇ ਮੇਰਾ ਪਿੱਛਾ ਛੱਡ ਦਿੱਤਾ ਤੇ ਦਸ ਘੰਟੇ ਤੋਂ ਇਲਾਵਾ ਦੋ ਘੰਟੇ ਓਵਰ ਟਾਈਮ ਵੀ ਲਾਉਣ ਲੱਗ ਪਿਆ। ਇਸ ਤਰ੍ਹਾਂ ਅਮਰੀਕਾ ਦੀ ਮਿਹਨਤਕਸ਼ ਜ਼ਿੰਦਗੀ ਨੇ ਮੇਰੀ ਹਰਾਮਖੋਰ ਜ਼ਿੰਦਗੀ ਦਾ ਖਾਤਮਾ ਕਰ ਦਿੱਤਾ।

ਜਦ ਮੈਂ ਅਪ੍ਰੈਲ 1909 ਵਿੱਚ ਅਮਰੀਕਾ ਪਹੁੰਚਿਆ ਸਾਂ ਤਾਂ 1907-8 ਵਾਲਾ ਅਮਰੀਕਾ ਦਾ ਮੰਦਵਾੜਾ ਖ਼ਤਮ ਹੋ ਚੁੱਕਿਆ ਸੀ। ਇਸ ਮੰਦਵਾੜੇ ਦਾ ਕਾਰਨ ਅਮਰੀਕਾ ਦੀਆਂ ਚੋਣਾਂ ਹੁੰਦੀਆਂ ਸਨ। ਕਿਉਂਕਿ ਚੋਣਾਂ ਦੇ ਸਾਲ ਕੰਪਨੀਆਂ ਆਪਣਾ ਪੁਰਾਣੇ ਮਾਲ ਦਾ ਸਟਾਕ ਖਤਮ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਤੇ ਨਵਾਂ ਮਾਲ ਘੱਟ ਤਿਆਰ ਕਰਦੀਆਂ ਹਨ। ਇਸ ਲਈ ਮਜ਼ਦੂਰ ਬੇਕਾਰ ਹੋ ਜਾਂਦੇ ਹਨ।

ਇੱਕ ਹੋਰ ਗੱਲ ਚੇਤੇ ਰੱਖਣ ਵਾਲੀ ਹੈ ਕਿ ਮੁਨਾਫ਼ਾਖੋਰ ਦਾ ਦੇਸ਼, ਕੌਮ ਜਾਂ ਪ੍ਰਮਾਤਮਾ ਕਿਸੇ ਨਾਲ ਵੀ ਪਿਆਰ ਨਹੀਂ ਹੁੰਦਾ। ਉਸ ਦਾ ਦੇਸ਼, ਕੌਮ ਤੇ ਰੱਬ ਸਭ ਕੁਝ ਰੁਪਿਆ ਹੀ ਹੁੰਦਾ ਹੈ। ਜਿਸ ਢੰਗ ਨਾਲ ਵੀ ਰੁਪਿਆ ਕਮਾਇਆ ਜਾ ਸਕਦਾ ਹੋਵੇ ਉਹ ਆਪਣੀ ਲਾਲਸਾ ਪੂਰੀ ਕਰਨ ਨੂੰ ਕੋਈ ਪਾਪ ਨਹੀਂ ਸਮਝਦਾ। ਸੋ ਮੰਦਵਾੜੇ ਵਿੱਚ ਵੀ ਬੇਕਾਰ ਮਜ਼ਦੂਰਾਂ ਨੂੰ ਘੱਟ ਮਜ਼ਦੂਰੀ ਤੇ ਰੱਖ ਕੇ ਨਾਜਾਇਜ਼ ਫਾਇਦਾ ਉਠਾਉਂਦਾ ਹੈ।

## 6. ਅਮਰੀਕਾ ਵਿੱਚ ਵਿਦੇਸ਼ੀ ਮਜ਼ਦੂਰਾਂ ਤੇ ਹਮਲੇ

ਅਮਰੀਕਨ ਮਜ਼ਦੂਰਾਂ ਦਾ ਰਹਿਣ ਸਹਿਣ ਵਿਦੇਸ਼ੀ ਮਜ਼ਦੂਰਾਂ ਨਾਲੋਂ ਉੱਚਾ ਸੀ। ਇਸ ਲਈ ਉਹ ਥੋੜ੍ਹੀ ਤਨਖ਼ਾਹ ਤੇ ਕੰਮ ਕਰਨ ਲਈ ਤਿਆਰ ਨਾ ਹੁੰਦੇ। ਨਾਲੇ ਉਹਨਾਂ ਨੂੰ ਬੇਕਾਰੀ ਅਲਾਊਂਸ ਵੀ ਮਿਲ ਜਾਂਦਾ ਸੀ। ਦੂਜੇ ਬੰਨੇ ਏਸ਼ੀਆਈ, ਭਾਵ ਜਪਾਨੀ, ਚੀਨੀ, ਹਿੰਦੁਸਤਾਨੀ, ਤੁਰਕੀ ਤੇ ਰੂਸੀ ਮਜ਼ਦੂਰ ਇਸ ਹਾਲਤ ਵਿੱਚ ਮਜਬੂਰ ਹੁੰਦੇ ਕਿ ਮੰਦਵਾੜੇ ਵਿੱਚ ਘੱਟੋ-ਘੱਟ ਉਨ੍ਹਾਂ ਦੀ ਰੋਟੀ ਹੀ ਤੁਰਦੀ ਰਹੇ। ਇਸ ਲਈ ਉਹ ਥੋੜ੍ਹੀ



ਤਨਖ਼ਾਹ ਤੇ ਵੀ ਕੰਮ ਕਰਦੇ ਰਹਿੰਦੇ ਹਨ। ਹੁਣ ਅਮਰੀਕਨ ਮਜ਼ਦੂਰ ਇਹ ਸਮਝਦੇ ਕਿ ਵਿਦੇਸ਼ੀ ਮਜ਼ਦੂਰ ਹੀ ਉਹਨਾਂ ਨੂੰ ਭੁੱਖੇ ਮਾਰਨ ਦਾ ਕਾਰਨ ਹਨ। ਉਹਨਾਂ ਨੇ ਰਾਤ ਵੇਲੇ ਹਿੰਦੀ ਮਜ਼ਦੂਰਾਂ ਤੇ ਪੰਜ ਛੇ ਜਗ੍ਹਾ ਕਈ ਵਾਰੀ ਹਮਲੇ ਕੀਤੇ ਅਤੇ ਉਨ੍ਹਾਂ ਨੂੰ ਮਾਰਿਆ ਕੁੱਟਿਆ ਤੇ ਮਾਲ ਅਸਬਾਬ ਵੀ ਲੁੱਟ ਲਿਆ। ਫਿਰ ਉਹਨਾਂ ਨੂੰ ਜ਼ਬਰਦਸਤੀ ਟਰੈਮਾਂ ਤੇ ਲੱਦ ਕੇ ਸਿਆਲ ਦੇ ਦਿਨੀਂ ਬਾਹਰ ਜੰਗਲ ਵਿੱਚ ਛੱਡ ਆਏ।

ਹਿੰਦੀਆਂ ਨੇ ਅੰਗਰੇਜ਼ੀ ਕੌਂਸਲਰ ਪਾਸ ਫਰਿਆਦਾਂ ਕੀਤੀਆਂ ਪਰ ਸਿੱਟਾ ਸਿਫ਼ਰ ਦਾ ਸਿਫ਼ਰ ਹੀ ਨਿਕਲਿਆ। ਇਹਨਾਂ ਹਮਲਿਆਂ ਵਰਗਾ ਇੱਕ ਹਮਲਾ ਅਮਰੀਕਨ ਮਜ਼ਦੂਰਾਂ ਨੇ ਜਪਾਨੀਆਂ ਤੇ ਵੀ ਕੀਤਾ। ਪਰ ਜਪਾਨੀ ਹਕੂਮਤ ਨੇ ਅਮਰੀਕਨ ਸਰਕਾਰ ਤੇ ਏਨਾ ਦਬਾ ਪਾਇਆ ਕਿ ਅਮਰੀਕਾ ਨੂੰ ਪੂਰਾ ਹਰਜਾਨਾ ਵੀ ਦੇਣਾ ਪਿਆ ਤੇ ਅੱਗੇ ਤੋਂ ਜਪਾਨੀਆਂ ਦੀ ਰੱਖਿਆ ਕਰਨ ਦੀ ਜ਼ਮਾਨਤ ਵੀ ਦਿੱਤੀ। ਵਿਦੇਸ਼ੀ ਮਜ਼ਦੂਰਾਂ ਵਿੱਚ ਸਿਰਫ਼ ਹਿੰਦੀ ਹੀ ਨਹੀਂ ਸਨ ਤੇ ਨਾ ਹੀ ਹਿੰਦੀ ਦੂਸਰੇ ਵਿਦੇਸ਼ੀ ਮਜ਼ਦੂਰਾਂ ਨਾਲੋਂ ਘੱਟ ਤਨਖਾਹ ਲੈਂਦੇ ਸਨ। ਬਲਕਿ ਜਪਾਨੀ ਤੇ ਚੀਨੀ ਹਿੰਦੀਆਂ ਨਾਲੋਂ ਘੱਟ ਮਜ਼ਦੂਰੀ ਉੱਤੇ ਕੰਮ ਤੇ ਲੱਗ ਜਾਂਦੇ ਸਨ। ਫਿਰ ਵੀ ਅਮਰੀਕਨਾਂ ਦਾ ਗੁੱਸਾ ਜ਼ਿਆਦਾ ਕਰਕੇ ਹਿੰਦੀਆਂ ਤੇ ਹੀ ਨਿਕਲਦਾ ਸੀ। ਦੂਜੇ ਵਿਦੇਸ਼ੀ ਮਜ਼ਦੂਰਾਂ ਦੀ ਪਿੱਠ ਤੇ ਉਹਨਾਂ ਦਾ ਖਿਆਲ ਰੱਖਣ ਵਾਲੀਆਂ ਉਹਨਾਂ ਦੀਆਂ ਹਕੂਮਤਾਂ ਸਨ। ਜਿਵੇਂ ਉੱਪਰ ਜਪਾਨ ਦੀ ਮਿਸਾਲ ਦਿੱਤੀ ਗਈ ਹੈ। ਹਿੰਦੀ ਮਜ਼ਦੂਰ ਹੀ ਗੁਲਾਮ ਤੇ ਲਾਵਾਰਸ ਸਨ ਇਹੋ ਹੀ ਇਹਨਾਂ ਦੀ ਬੇਇੱਜ਼ਤੀ ਦਾ ਕਾਰਨ ਸੀ। (ਨੋਟ :- ਕਿਸ ਕਿਸ ਥਾਂ ਤੇ ਮਜ਼ਦੂਰਾਂ ਤੇ ਹਮਲੇ ਹੋਏ ਇਸ ਦਾ ਬਿਆਨ ਗ਼ਦਰ ਪਾਰਟੀ ਦੇ ਇਤਿਹਾਸ ਵਿੱਚੋਂ ਮਿਲ ਸਕਦਾ ਹੈ।)

ਹੁਣ ਹਿੰਦੀਆਂ ਨੂੰ ਆਪਣੀ ਬੇਇੱਜ਼ਤੀ ਦੇ ਕਾਰਨਾਂ ਬਾਰੇ ਕੋਈ ਭੁਲੇਖਾ ਨਹੀਂ ਸੀ ਤੇ ਨਾ ਹੀ ਆਪਣੀ ਗੁਲਾਮੀ ਬਾਰੇ ਕੋਈ ਸ਼ੱਕ ਰਹਿ ਗਿਆ ਸੀ।

ਮੈਂ ਪਿੱਛੇ ਜ਼ਿਕਰ ਕੀਤਾ ਹੈ ਕਿ ਜਦ ਮੈਂ 1909 ਵਿੱਚ ਅਮਰੀਕਾ ਪਹੁੰਚਿਆ ਤਾਂ ਕੰਮ ਖੁੱਲ੍ਹ ਚੁੱਕੇ ਸਨ ਤੇ ਬੇਕਾਰੀ ਦੂਰ ਹੋ ਚੁੱਕੀ ਸੀ। ਅਮਰੀਕਨ ਮਜ਼ਦੂਰ ਵੀ ਥਾਉਂ ਥਾਈਂ ਕੰਮ ਤੇ ਲੱਗੇ ਹੋਏ ਸਨ ਤੇ ਦੋ ਸਾਲ ਵਿੱਚ ਕੋਈ ਹਮਲਾ ਨਹੀਂ ਹੋਇਆ ਸੀ। ਪਰ 1911 ਦੇ ਸਿਆਲ ਵਿੱਚ ਫ਼ਿਰ ਸੈਂਟਜੋਨ ਮਿੱਲ ਜੋ ਪੋਰਟਲੈਂਡ ਤੋਂ ਤਿੰਨ ਚਾਰ ਮੀਲ ਤੇ ਸੀ ਤੇ ਜਿੱਥੇ ਪੰਡਤ ਕਾਸ਼ੀ ਰਾਮ ਦੇ ਉਹਨਾਂ ਦੇ ਦੂਸਰੇ ਸਾਥੀ ਲੱਕੜੀ ਦਾ ਕੰਮ ਕਰਦੇ ਸਨ, ਅਮਰੀਕਨ ਮਜ਼ਦੂਰਾਂ ਨੇ ਹਮਲਾ ਕਰ ਦਿੱਤਾ। ਪਹਿਲੇ ਹਮਲੇ ਵਾਂਗ ਮਾਰ ਕੁੱਟ ਤੇ ਲੁੱਟ ਖੋਹ ਕੀਤੀ ਤੇ ਬਾਹਰ ਜੰਗਲ ਵਿੱਚ ਛੱਡ ਆਏ। ਇਸ ਹਮਲੇ ਦੀ ਖਬਰ ਪੁਲਿਸ ਨੂੰ ਪਹਿਲਾਂ ਲੱਗ ਚੁੱਕੀ ਸੀ, ਪਰ ਉਹਨੇ ਰੱਖਿਆ ਦਾ ਕੋਈ ਪ੍ਰਬੰਧ ਨਾ ਕੀਤਾ। "ਮੁੱਲਾਂ ਦੀ ਦੌੜ ਮਸੀਤਾਂ ਤੱਕ" ਦੀ ਕਹਾਵਤ ਅਨੁਸਾਰ ਹਿੰਦੀ, ਅੰਗਰੇਜ਼ ਕੌਂਸਲਰ ਪੋਰਟਲੈਂਡ ਕੋਲ ਸ਼ਿਕਾਇਤ ਲੈ ਕੇ ਗਏ। ਪਰ ਉਸ ਨੇ ਗੋਂਗਲੂਆਂ ਤੋਂ ਮਿੱਟੀ ਝਾੜਨ ਦੇ ਸਿਵਾ ਕੁਝ ਨਾ ਕੀਤਾ।

ਇਹਨਾਂ ਹਮਲਿਆਂ ਤੋਂ ਇਲਾਵਾ ਵੈਸੇ ਵੀ ਹਿੰਦੀਆਂ ਵਿਰੁੱਧ ਘਿਰਨਾ ਵਧਦੀ ਗਈ। ਟਰੈਮਾਂ ਹੋਟਲਾਂ ਤੇ ਹੋਰ ਥਾਵਾਂ ਤੇ ਹਿੰਦੀਆਂ ਨਾਲ ਘਿਰਨਾ ਕੀਤੀ ਜਾਣ ਲੱਗੀ। ਇੱਕ ਵਾਰ ਦੀ ਗੱਲ ਹੈ ਕਿ ਪ੍ਰੋਫੈਸਰ ਤੇਜਾ ਸਿੰਘ (ਸੰਤ ਤੇਜਾ ਸਿੰਘ ਮਸਤੂਆਣਾ) ਕੈਨੇਡਾ ਤੋਂ ਅਮਰੀਕਾ ਆਏ ਤਾਂ ਮੈਨੂੰ ਵੀ ਮਿਲਣ ਆਏ ਕਿਉਂਕਿ ਮੇਰੇ ਪੁਰਾਣੇ ਜਾਣੂ

ਸਨ। ਮੈਂ ਉਹਨਾਂ ਨੂੰ ਪੋਰਟਲੈਂਡ ਸ਼ਹਿਰ ਵਿਖਾਉਣ ਲਈ ਲੈ ਗਿਆ। ਉਥੇ ਹੀ ਸਾਨੂੰ ਬਾਰਾਂ ਵੱਜ ਗਏ ਤੇ ਦੁਪਹਿਰ ਦੇ ਖਾਣੇ ਦਾ ਵਕਤ ਹੋ ਗਿਆ। ਮੈਂ ਉਹਨਾਂ ਨੂੰ ਨਾਲ ਲੈ ਕੇ ਇੱਕ ਅਮਰੀਕਨ ਹੋਟਲ ਵਿੱਚ ਪੈਰ ਰੱਖਿਆ ਹੀ ਸੀ ਕਿ ਹੋਟਲ ਵਾਲਿਆਂ ਨੇ ਕਹਿ ਦਿੱਤਾ ਕਿ ਜਗ੍ਹਾ ਨਹੀਂ ਹੈ। ਅਸਾਂ ਫਿਰ ਇੱਕ ਜਪਾਨੀ ਹੋਟਲ ਵਿੱਚ ਖਾਣਾ ਖਾਧਾ।

ਕਈ ਵਾਰੀ ਗਲੀਆਂ ਬਜ਼ਾਰਾਂ ਵਿੱਚ ਬੱਚੇ ਤੱਕ ਵੀ "ਹਿੰਦੂ ਸਲੇਵ (ਹਿੰਦੂ ਗੁਲਾਮ) ਦੇ ਨਾਹਰੇ ਲਾਉਂਦੇ ਸਾਡਾ ਪਿੱਛਾ ਕਰਦੇ ਸਨ ਤੇ ਅਸੀਂ ਸ਼ਰਮ ਦੇ ਮਾਰੇ ਉਹਨਾਂ ਵੱਲ ਮੁੜ ਕੇ ਵੇਖ ਵੀ ਨਹੀਂ ਸਕਦੇ ਸਾਂ।

ਇੱਕ ਵਾਰੀ ਸਾਡੀ ਮਿੱਲ ਖਲੋ ਗਈ। ਮੈਂ ਤੇ ਮੇਰਾ ਦੋਸਤ ਇੱਕ ਹੋਰ ਮਿੱਲ ਵਿੱਚ ਕੰਮ ਪੁੱਛਣ ਆਏ ਤੇ ਦਫਤਰ ਵਿੱਚ ਜਾ ਕੇ ਮਿੱਲ ਸੁਪਰੀਟੈਂਡੈਂਟ ਨੂੰ ਮਿਲੇ ਤੇ ਕੰਮ ਪੁੱਛਿਆ। ਉਸ ਨੇ ਬੜੇ ਆਦਰ ਨਾਲ ਕੁਰਸੀਆਂ ਤੇ ਬੈਠਣ ਲਈ ਕਿਹਾ। ਅਸੀਂ ਬੈਠ ਗਏ ਤੇ ਕੰਮ ਪੁੱਛਿਆ। ਉਸ ਨੇ ਜਵਾਬ ਦਿੱਤਾ "ਕੰਮ ਤਾਂ ਬਹੁਤ ਹੈ ਪਰ ਤੁਹਾਡੇ ਲਈ ਨਹੀਂ।" ਅਸੀਂ ਪੁੱਛਿਆ ਕਿਉਂ ? ਉਸਨੇ ਜਵਾਬ ਦਿੱਤਾ, "ਮੇਰਾ ਤਾਂ ਦਿਲ ਚਾਹੁੰਦਾ ਹੈ ਕਿ ਮੈਂ ਤੁਹਾਨੂੰ ਦੋਹਾਂ ਨੂੰ ਗੋਲੀ ਮਾਰ ਦਿਆਂ।" ਅਸੀਂ ਹੈਰਾਨੀ ਨਾਲ ਪੁੱਛਿਆ, "ਅਸਾਂ ਕੀ ਪਾਪ ਕੀਤਾ ਹੈ ?" ਉਸਨੇ ਸਵਾਲ ਕੀਤਾ, "ਤੁਹਾਡੀ ਆਬਾਦੀ ਕਿੰਨੀ ਹੈ ?" ਅਸਾਂ ਜਵਾਬ ਦਿੱਤਾ, "ਤੀਹ ਕਰੋੜ!" ਉਹ ਕਹਿਣ ਲੱਗਾ, "ਇਹ ਤੀਹ ਕਰੋੜ ਭੇਡਾਂ ਹਨ ਜਾਂ ਆਦਮੀ ?" ਅਸਾਂ ਕਿਹਾ "ਆਦਮੀ।" ਉਹਨੇ ਕਿਹਾ, "ਜੇ ਤੁਸੀਂ 30 ਕਰੋੜ ਆਦਮੀ ਹੁੰਦੇ ਤਾਂ ਗੁਲਾਮ ਕਿਸ ਤਰ੍ਹਾਂ ਰਹਿੰਦੇ ? ਜਾਉ ਮੈਂ ਤੁਹਾਨੂੰ ਦੋਹਾਂ ਨੂੰ ਇੱਕ-ਇੱਕ ਬੰਦੂਕ ਦੇਂਦਾ ਹਾਂ, ਪਹਿਲਾਂ ਆਪਣੇ ਦੇਸ਼ ਨੂੰ ਆਜ਼ਾਦ ਕਰਾਓ। ਆਜ਼ਾਦ ਕਰਾ ਕੇ ਜਦ ਤੁਸੀਂ ਅਮਰੀਕਾ ਆਉਗੇ ਤਾਂ ਮੈਂ ਸਭ ਤੋਂ ਅੱਗੇ ਹੋ ਕੇ ਤੁਹਾਨੂੰ ਜੀ ਆਇਆਂ ਨੂੰ ਆਖਾਂਗਾ।" ਅਸੀਂ ਸ਼ਰਮਿੰਦੇ ਹੋ ਕੇ ਵਾਪਸ ਆ ਗਏ। ਹੋਰ ਵੀ ਨਿਰਾਦਰੀ ਦੀਆਂ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਸੰਖੇਪ ਤੌਰ 'ਤੇ ਇੱਥੇ ਹੀ ਛੱਡਦਾ ਹਾਂ।

ਏਥੇ ਸਵਾਲ ਪੈਦਾ ਹੁੰਦਾ ਹੈ ਕਿ ਅਮਰੀਕਾ ਵਿੱਚ ਅਮਰੀਕਨ, ਅੰਗਰੇਜ਼ਾਂ ਦੇ ਵਿਰੁੱਧ ਕਿਉਂ ਅਜਿਹੀਆਂ ਗੱਲਾਂ ਕਰਦੇ ਸਨ ? ਉਸ ਦਾ ਜਵਾਬ ਇਹ ਹੈ ਕਿ ਅਮਰੀਕਾ ਦੀ ਵਸੋਂ ਵੱਖ-ਵੱਖ ਯੂਰਪੀ ਮੁਲਕਾਂ ਤੇ ਕੌਮਾਂ ਤੋਂ ਗਈ ਹੋਈ ਸੀ। ਜਿਨ੍ਹਾਂ ਦੇ ਮੁਫਾਦ ਆਪੋ ਵਿੱਚ ਟਕਰਾਉਂਦੇ ਸਨ। ਮਿਸਾਲ ਵਜੋਂ ਜਰਮਨ ਫਰਾਂਸਿਸੀ ਆਦਿ। ਅਮਰੀਕਾ ਦੀ ਸਰਮਾਏਦਾਰੀ ਵੀ ਹਿੰਦੁਸਤਾਨ ਦੀ ਮੰਡੀ ਤੇ ਅੱਖ ਰੱਖਦੀ ਸੀ। ਇਹੋ ਕਾਰਨ ਹੈ ਕਿ ਪਹਿਲੇ ਪਹਿਲ ਅਮਰੀਕਨ ਸਰਕਾਰ ਨੇ ਗ਼ਦਰ ਪਾਰਟੀ ਦੇ ਕੰਮ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਦ ਕਿ ਅੰਗਰੇਜ਼ਾਂ ਨੇ ਉਹਨਾਂ ਤੇ ਦਬਾਅ ਨਹੀਂ ਪਾਇਆ।

ਅਮਰੀਕਾ ਜਾਣ ਵਾਲੇ ਪੰਜਾਬੀਆਂ ਵਿੱਚ ਲਗਭਗ 40 ਫੀ ਸਦੀ ਪੁਰਾਣੇ ਫੌਜੀ ਸਨ ਤੇ ਅਜੇਹੇ ਵੀ ਸਨ ਜਿਹੜੇ ਸ਼ੰਘਾਈ ਦੀ ਪੁਲੀਸ, ਹਾਂਗਕਾਂਗ ਦੇ ਤੋਪਖਾਨੇ ਤੇ ਸਿੰਘਾਪੁਰ ਦੀ ਪਲਟਨ ਵਿੱਚ ਵੀ ਰਹਿ ਚੁੱਕੇ ਸਨ, ਜਿਨ੍ਹਾਂ ਨੇ ਚੀਨ ਦਾ ਇਨਕਲਾਬ (1911 ਵਾਲਾ) ਆਪਣੀ ਅੱਖੀਂ ਦੇਖਿਆ ਸੀ ਜਿਵੇਂ ਭਾਈ ਨਿਧਾਨ ਸਿੰਘ ਚੁੱਘਾ ਤੇ ਉਹਨਾਂ ਦੇ ਸਾਥੀ ਮਾਸਟਰ ਊਧਮ ਸਿੰਘ ਕਸੇਲ ਜੋ ਹਾਂਗਕਾਂਗ ਦੇ ਤੋਪਖਾਨੇ ਵਿੱਚ ਸਨ। ਡਾਕਟਰ ਮਥਰਾ ਸਿੰਘ ਜਿਨ੍ਹਾਂ ਨੇ ਚੀਨ ਦੇ ਇਨਕਲਾਬ ਵਿੱਚ ਵੀ ਹਿੱਸਾ ਲਿਆ ਤੇ ਗ਼ਦਰ ਪਾਰਟੀ ਦੇ ਝੰਡੇ ਥੱਲੇ ਵੀ ਸ਼ਾਨਦਾਰ ਕੰਮ ਕੀਤਾ।



ਪਹਿਲੇ 1907-8 ਦੇ ਹਮਲਿਆਂ ਵਿੱਚ ਹਿੰਦੀਆਂ ਉੱਤੇ ਆਖਰੀ ਹਮਲਾ ਡੈਕੋਮਾ ਕੈਲੀਫੋਰਨੀਆਂ ਦੇ ਇੱਕ ਕਸਬੇ ਵਿੱਚ ਹੋਇਆ ਸੀ, ਜਿੱਥੇ ਰੇਲਵੇ ਲਾਈਨ ਦੇ ਅਮਰੀਕਨ ਮਜ਼ਦੂਰਾਂ ਨੇ ਹੜਤਾਲ ਕੀਤੀ ਹੋਈ ਸੀ। ਮਜ਼ਦੂਰਾਂ ਨੂੰ ਕੰਮ ਦਿਵਾਉਣ ਵਾਲੀ ਏਜੰਸੀ ਨੇ ਬਗ਼ੈਰ ਦੱਸਿਆਂ ਪੰਜਾਬੀਆਂ ਨੂੰ ਉਥੇ ਕੰਮ ਕਰਨ ਲਈ ਭੇਜ ਦਿੱਤਾ। ਇਸ 'ਗੈਂਗ' (ਜਥੇ) ਵਿੱਚ ਸਾਰੇ ਫੌਜੀ ਸਨ, ਜਿਨ੍ਹਾਂ ਆਪਣੇ ਪਾਸ ਰਾਈਫਲਾਂ ਵੀ ਖਰੀਦ ਕੇ ਰੱਖੀਆਂ ਹੋਈਆਂ ਸਨ। ਜਦ ਕਸਬੇ ਦੇ ਕਸਬੇ ਨੇ ਹੀ ਦਿਨ ਵੇਲੇ ਇਹਨਾਂ ਤੇ ਹਮਲਾ ਕਰ ਦਿੱਤਾ ਤਾਂ ਇਹ ਰੇਲਵੇ ਲਾਈਨ ਦਾ ਆੜ ਲੈ ਕੇ ਬੈਠ ਗਏ ਤੇ ਜਦੋਂ ਉਹ ਲੋਕ ਨੇੜੇ ਆਏ ਤਾਂ ਉਹਨਾਂ ਨੇ ਰਾਈਫਲਾਂ ਦੇ ਮੂੰਹ ਉੱਪਰ ਕਰਕੇ ਗੋਲੀਆਂ ਚਲਾਈਆਂ। ਸਭ ਅਮਰੀਕਨ ਦੌੜ ਗਏ ਤੇ ਦੁਬਾਰਾ ਇਹਨਾਂ ਤੇ ਹਮਲਾ ਕਰਨ ਦੀ ਹਿੰਮਤ ਨਾ ਪਈ।

ਸੈਂਟਜੋਨ ਦੇ 1911 ਦੇ ਹਮਲੇ ਨੇ ਉਰੇਗੋਨ ਤੇ ਵਾਸ਼ਿੰਗਟਨ ਸਟੇਟ ਦੇ ਹਿੰਦੀ ਮਜ਼ਦੂਰਾਂ ਨੂੰ ਜਗਾ ਦਿੱਤਾ। ਪੋਰਟਲੈਂਡ ਦੇ ਆਲੇ-ਦੁਆਲੇ ਦੇ ਕਾਰਖਾਨਿਆਂ ਦੇ ਹਿੰਦੀ ਆਪਣੀ ਗੁਲਾਮੀ ਨੂੰ ਬੁਰੀ ਤਰ੍ਹਾਂ ਮਹਿਸੂਸ ਕਰਨ ਲੱਗੇ। ਇਸ ਲਈ ਪੋਰਟਲੈਂਡ ਦੇ ਨੇੜੇ ਨੇੜੇ ਦੇ ਕਾਰਖਾਨਿਆਂ ਦੇ ਹਿੰਦੀ ਪ੍ਰੋਗਰਾਮ ਅਨੁਸਾਰ ਐਤਵਾਰ ਦੇ ਦਿਨ ਵਾਰੀ-ਵਾਰੀ ਮੀਟਿੰਗਾਂ ਕਰਨ ਲੱਗੇ। ਇੱਕ ਐਤਵਾਰ ਇੱਕ ਕਾਰਖਾਨੇ ਵਿੱਚ ਤੇ ਦੂਜੇ ਐਤਵਾਰ ਦੂਜੇ ਕਾਰਖਾਨੇ ਵਿੱਚ। ਇਹਨਾਂ ਮੀਟਿੰਗਾਂ ਵਿੱਚ ਅਮਰੀਕਾ ਵਿੱਚ ਹੋ ਰਹੀ ਬੇਇੱਜ਼ਤੀ ਤੇ ਉਹਨਾਂ ਦੇ ਕਾਰਨਾਂ ਤੇ ਵਿਚਾਰ ਹੁੰਦਾ। (ਨੋਟ :- ਪੋਰਟਲੈਂਡ ਦੇ ਨੇੜੇ-ਨੇੜੇ ਦੇ ਕਾਰਖਾਨਿਆਂ ਦੇ ਨਾਂ ਗ਼ਦਰ ਪਾਰਟੀ ਦੇ ਇਤਿਹਾਸ ਵਿੱਚ ਦਿੱਤੇ ਗਏ ਹਨ)।

ਵਿਚਾਰ ਵਟਾਂਦਰੇ ਨਾਲ ਹਿੰਦੀਆਂ ਦੀ ਸੂਝ ਵਧਣ ਲੱਗੀ ਤੇ ਉਹ ਇੱਕ ਦੂਜੇ ਦੇ ਨੇੜੇ ਆਉਣ ਲੱਗੇ। ਉਹਨਾਂ ਦਾ ਚਾਲ ਚੱਲਣ ਵੀ ਕਾਫੀ ਸੁਧਰਨ ਲੱਗਾ। ਜੋ ਹਿੰਦੀ ਸ਼ਰਾਬ ਦੇ ਆਦੀ ਸਨ ਉਹ ਸ਼ਰਾਬ ਪੀਣ ਤੋਂ ਪ੍ਰਹੇਜ਼ ਕਰਨ ਲੱਗੇ ਤੇ ਸ਼ਰਾਬਖਾਨਿਆਂ ਵਿੱਚ ਜਾ ਕੇ ਸ਼ਰਾਬ ਪੀਣਾ ਤਾਂ ਬਿਲਕੁਲ ਹੀ ਛੱਡ ਦਿੱਤਾ। ਜਿੱਥੇ ਪਹਿਲਾਂ ਰਿਸ਼ਵਤ ਦੇ ਕੇ ਵੀ ਇੱਕ ਦੂਜੇ ਦੀ ਥਾਂ ਮੁਕਾਬਲੇ ਤੇ ਲੱਗ ਜਾਂਦੇ, ਉਥੇ ਹੁਣ ਕਾਰਖਾਨੇਦਾਰ ਜੇ ਕਿਸੇ ਨੂੰ ਨਜਾਇਜ਼ ਤੌਰ 'ਤੇ ਕੰਮ ਤੋਂ ਹਟਾ ਦੇਂਦਾ ਤਾਂ ਸਾਰੇ ਉਹਦੀ ਮਦਦ ਕਰਦੇ, ਬਲਕਿ ਬੇਕਾਰੀ ਦੀ ਹਾਲਤ ਵਿੱਚ ਸਾਂਝੇ ਲੰਗਰ ਤੋਂ ਉਦੋਂ ਤੱਕ ਮੁਫ਼ਤ ਰੋਟੀ ਵੀ ਖੁਆਈ ਜਾਂਦੀ ਜਦ ਤੱਕ ਕਿ ਕੰਮ ਨਾ ਮਿਲ ਜਾਂਦਾ। ਹੁਣ ਇਹ ਹਮਦਰਦੀ ਸਿਰਫ ਹਿੰਦੀਆਂ ਦੀ ਆਪੋ ਵਿੱਚ ਹੀ ਸੀਮਤ ਨਹੀਂ ਸੀ ਬਲਕਿ ਜੇ ਕਿਸੇ ਦੂਸਰੇ ਦੇਸ਼ ਦੇ ਮਜ਼ਦੂਰ ਨੂੰ ਕਾਰਖਾਨੇਦਾਰ ਨਾਜਾਇਜ਼ ਤੌਰ 'ਤੇ ਦਬਾਉਣਾ ਚਾਹੁੰਦੇ ਜਾਂ ਤਨਖ਼ਾਹ ਘਟਾਉਣ ਦੀ ਧਮਕੀ ਦੇਂਦੇ ਤਾਂ ਹਿੰਦੀ ਉਹਦੀ ਮਦਦ ਕਰਦੇ।

ਹੁਣ ਦੂਜੇ ਵਿਦੇਸ਼ੀ ਮਜ਼ਦੂਰਾਂ ਦੇ ਦਿਲ ਵਿੱਚ ਵੀ ਹਿੰਦੀਆਂ ਲਈ ਕਾਫ਼ੀ ਹਮਦਰਦੀ ਪੈਦਾ ਹੋ ਗਈ। ਜਾਪਾਨੀ, ਚੀਨੀ, ਤੁਰਕੀ, ਰੂਸੀ, ਆਇਰਸ਼ ਭਾਵ ਹਰ ਦੇਸ਼ ਦੇ ਮਜ਼ਦੂਰ ਇਕੱਠੇ ਕਾਰਖਾਨਿਆਂ ਵਿੱਚ ਕੰਮ ਕਰਦੇ ਸਨ ਤੇ ਇਹਨਾਂ ਦੇਸ਼ਾਂ ਵਿੱਚੋਂ ਕਈਆਂ ਵਿੱਚ ਆਜ਼ਾਦੀ ਦੀ ਲੜਾਈ ਚੱਲ ਰਹੀ ਸੀ। ਜਦ ਵੀ ਕਿਤੇ ਪੰਜ ਮਿੰਟ ਲਈ ਮਿੱਲ ਖਲੋ ਜਾਂਦੀ ਤਾਂ ਅਖਬਾਰਾਂ ਤੇ ਚਿੱਠੀਆਂ ਰਾਹੀਂ ਜੋ ਖ਼ਬਰਾਂ ਆਉਂਦੀਆਂ ਉਹ ਇੱਕ ਦੂਸਰੇ ਨੂੰ ਦੱਸਦੇ ਤੇ ਵਿਚਾਰ ਵਟਾਂਦਰਾ ਕਰਦੇ। ਟੁੱਟੀ-ਫੁੱਟੀ ਅੰਗਰੇਜ਼ੀ-ਹਿੰਦੁਸਤਾਨੀ ਤੇ ਦੂਸਰੇ ਸਭ ਵਿਦੇਸ਼ੀ ਮਜ਼ਦੂਰ-ਸਭ ਆਪੋ ਵਿੱਚ ਸਮਝ ਲੈਂਦੇ ਸਨ। ਇਸ ਵਿਚਾਰ ਵਟਾਂਦਰੇ ਨੇ ਹਿੰਦੀਆਂ ਦੀ ਸੂਝ ਵਿੱਚ ਕਾਫੀ ਵਾਧਾ ਕੀਤਾ।

1911 ਦੇ ਹਮਲੇ ਪਿੱਛੋਂ ਫਿਰ ਦੂਸਰਾ ਹਮਲਾ ਨਹੀਂ ਹੋਇਆ। ਮੇਰਾ ਵਿਚਾਰ ਹੈ ਕਿ ਫਿਰ ਹਮਲਾ ਨਾ ਹੋਣ ਦਾ ਕਾਰਨ ਹਿੰਦੀਆਂ ਦੀ ਜਾਗਰਿਤੀ ਸੀ। ਕਿਉਂਕਿ ਹੁਣ ਹਿੰਦੀ ਦੂਜੇ ਦੇਸ਼ਾਂ ਦੇ ਮਜ਼ਦੂਰਾਂ ਨਾਲ ਹਮਦਰਦੀ ਵੀ ਕਰਦੇ ਸਨ ਤੇ ਹਰ ਤਰ੍ਹਾਂ ਦੀ ਜਾਇਜ਼ ਮਦਦ ਵੀ ਦੇਂਦੇ ਸਨ। ਇਸ ਤੋਂ ਇਲਾਵਾ ਡਿਕੋਮਾ ਦੇ ਸਾਕੇ ਨੇ ਵੀ ਹਿੰਦੀਆਂ ਦੀ ਜੁਅਰਤ ਵਧਾ ਦਿੱਤੀ ਤੇ ਹਰ ਥਾਂ ਹਿੰਦੀ ਆਪਣੇ ਪਾਸ ਪਸਤੌਲ ਤੇ ਰਾਈਫਲਾਂ ਰੱਖਣ ਲੱਗ ਪਏ।

**ਕੈਨੇਡਾ ਦੀ ਕਾਨੂੰਨੀ ਲੜਾਈ** :- ਕੈਨੇਡਾ ਵਿੱਚ ਰਹਿੰਦੇ ਹਿੰਦੀਆਂ ਉੱਤੇ ਸਰਕਾਰ ਨੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ। ਸਭ ਤੋਂ ਪਹਿਲਾਂ ਗੁਰਦਵਾਰਾ ਕਮੇਟੀ ਵੈਨਕੂਵਰ (ਕੈਨੇਡਾ) ਨੇ ਸ਼ਹਿਰੀ ਹੱਕਾਂ ਲਈ ਘੋਲ ਸ਼ੁਰੂ ਕੀਤਾ। ਸਰਦਾਰ ਭਾਗ ਸਿੰਘ ਭਿੱਖੀਵਿੰਡ ਇਸ ਕਮੇਟੀ ਦੇ ਪ੍ਰਧਾਨ ਅਤੇ ਭਾਈ ਬਲਵੰਤ ਸਿੰਘ ਜੀ ਮੁੱਖ ਸਕੱਤਰ ਤੇ ਗਰੰਥੀ ਵੀ ਸਨ। ਭਾਈ ਸੇਵਾ ਸਿੰਘ, ਭਾਈ ਬਤਨ ਸਿੰਘ ਵਗੈਰਾ ਮੈਂਬਰ ਸਨ। ਜਦ ਭਾਈ ਹਸਨ ਰਹੀਮ ਸ਼ਾਮਲ ਹੋ ਗਏ ਤਾਂ ਇਸਦਾ ਘੇਰਾ ਹੋਰ ਵੀ ਵਿਸ਼ਾਲ ਹੋ ਗਿਆ। ਕੈਨੇਡਾ ਦੇ ਹਿੰਦੀਆਂ ਨੇ ਸ਼ਹਿਰੀ ਹੱਕਾਂ ਲਈ ਇੱਕ ਇਤਿਹਾਸਕ ਲੜਾਈ ਲੜੀ ਜਿਸ ਵਿੱਚ ਆਪਣੇ ਗਾੜ੍ਹੇ ਪਸੀਨੇ ਦੇ ਕਮਾਏ ਲੱਖਾਂ ਰੁਪਏ ਖ਼ਰਚ ਕਰ ਕੇ ਵੀ ਉਹ ਸਫਲ ਨਾ ਹੋਏ।

ਦੂਜੇ ਬੰਨੇ ਕੈਲੀਫੋਰਨੀਆਂ ਵਿੱਚ ਜੋ ਜਾਗਿਰਤੀ ਪੈਦਾ ਹੋਈ ਉਸਦੇ ਕੰਮ ਨੂੰ ਜਿਨ੍ਹਾਂ ਆਗੂਆਂ ਨੇ ਹੱਥ ਵਿੱਚ ਲਿਆ, ਉਹ ਸਨ ਪ੍ਰੋਫੈਸਰ ਤੇਜਾ ਸਿੰਘ (ਸੰਤ ਤੇਜਾ ਸਿੰਘ ਮਸਤੂਆਣਾ), ਲਾਲਾ ਹਰਦਿਆਲ, ਭਾਈ ਪਰਮਾਨੰਦ (ਲਾਹੌਰ) ਤੇ ਤਾਰਕ ਨਾਥ ਵਗੈਰਾ। ਇਹਨਾਂ ਸਾਰਿਆਂ ਦਾ ਖ਼ਿਆਲ ਇੱਕੋ ਹੀ ਸੀ, ਉਹ ਇਹ ਕਿ ਦੇਸ਼ ਤੋਂ ਵਿਦਿਆਰਥੀ ਮੰਗਾਏ ਜਾਣ ਤੇ ਅਮਰੀਕਾ ਵਿੱਚ ਉਹਨਾਂ ਨੂੰ ਪੜ੍ਹਾ ਕੇ ਹਿੰਦੀਆਂ ਦੀ ਆਜ਼ਾਦੀ ਲਈ ਲੜਨ ਵਾਸਤੇ ਭੇਜਿਆ ਜਾਏ। ਭਾਈ ਜਵਾਲਾ ਸਿੰਘ ਜੀ ਨੇ ਜੋ ਚਾਰ ਵਿਦਿਆਰਥੀ ਆਪਣੇ ਵਜ਼ੀਫੇ ਤੇ ਅਮਰੀਕਾ ਪੜ੍ਹਾਉਣ ਲਈ ਮੰਗਾਏ ਉਹ ਏਸੇ ਸਕੀਮ ਅਨੁਸਾਰ ਹੀ ਮੰਗਾਏ ਗਏ ਸਨ ਜੋ ਅਖੀਰ ਫੇਲ੍ਹ ਹੋ ਗਈ। ਸੋ ਇਸ ਦਾ ਨਤੀਜਾ ਵੀ ਸਿਫ਼ਰ ਦੇ ਬਰਾਬਰ ਹੀ ਨਿਕਲਿਆ (**ਨੋਟ** - ਕੈਨੇਡਾ ਤੇ ਕੈਲੇਫੋਰਨੀਆਂ ਦਾ ਹਾਲ ਗ਼ਦਰ ਪਾਰਟੀ ਦੇ ਇਤਿਹਾਸ ਵਿੱਚ ਮਿਲਦਾ ਹੈ।) ਕੈਨੇਡਾ ਤੇ ਕੈਲੀਫੋਰਨੀਆਂ ਦੀਆਂ ਸਕੀਮਾਂ ਦਾ ਜੋ ਨਤੀਜਾ ਨਿਕਲਿਆ ਉਸਦਾ ਪੋਰਟਲੈਂਡ ਤੇ ਵਾਸ਼ਿੰਗਟਨ ਸਟੇਟ ਦੇ ਜਾਗਰਤ ਹਿੰਦੀਆਂ ਤੇ ਬਹੁਤ ਅਸਰ ਹੋਇਆ। ਉਹ ਇਸ ਨਤੀਜੇ ਤੇ ਪਹੁੰਚੇ ਕਿ ਸਿੱਧੀ ਕੁਰਬਾਨੀ ਤੇ ਹਥਿਆਰਬੰਦ ਇਨਕਲਾਬ ਦੇ ਬਗੈਰ ਹੋਰ ਕੋਈ ਰਸਤਾ ਨਹੀਂ।

## 7. ਹਿੰਦੀ ਐਸੋਸੀਏਸ਼ਨ ਦਾ ਬਣਨਾ

ਇਸ ਦੌਰਾਨ 1912 ਦੇ ਸ਼ੁਰੂ ਵਿੱਚ ਬਾਬੂ ਹਰਨਾਮ ਸਿੰਘ ਕਹਿਰੀ ਸਹਿਰੀ ਤੇ ਜੀ. ਡੀ. ਕੁਮਾਰ ਜਿਨ੍ਹਾਂ ਦਾ ਅੱਡਾ ਕੈਨੇਡਾ ਤੇ ਪੋਰਟਲੈਂਡ ਵਿਚਾਲੇ ਸੀਆਟਲ ਵਿੱਚ ਸੀ, ਪੋਰਟਲੈਂਡ ਆਏ। ਇਹਨਾਂ ਦਾ ਪਰਚਾਰ ਸਮਾਜ ਸੁਧਾਰ ਤੇ ਆਧਾਰਤ ਸੀ ਜਾਂ ਕਦੇ-ਕਦੇ ਕੋਈ ਅਖ਼ਬਾਰ ਪਰਚਾ ਕੱਢ ਦੇਂਦੇ ਸਨ। ਪਰ ਅਜੇ ਕੋਈ ਲਹਿਰ ਨਹੀਂ ਖੜ੍ਹੀ



ਕਰ ਸਕੇ ਸਨ। ਇਹੀ ਨਹੀਂ ਬਲਕਿ ਪੁਰਾਣੇ ਦੇਸ਼ ਭਗਤ ਜਿਵੇਂ ਕਿਸ਼ਨ ਜੀ ਵਰਮਾ, ਮੈਡਮ ਕਾਮਾ, ਲਾਲਾ ਹਰਦਿਆਲ, ਤਾਰਕ ਨਾਥ, ਸਰਦਾਰ ਅਜੀਤ ਸਿੰਘ ਵੀ ਕੋਈ ਮੂਵਮੈਂਟ (ਲਹਿਰ) ਖੜ੍ਹੀ ਨਹੀਂ ਕਰ ਸਕੇ ਸਨ। ਜਦ ਇਹ ਦੋਵੇਂ (ਬਾਬੂ ਹਰਨਾਮ ਸਿੰਘ ਤੇ ਸ੍ਰੀ ਜੀ. ਡੀ. ਕੁਮਾਰ) ਪੋਰਟਲੈਂਡ ਦੇ ਨੇੜੇ ਕਾਰਖਾਨਿਆਂ ਦੇ ਹਿੰਦੀਆਂ ਨੂੰ ਮਿਲੇ, ਇਹਨਾਂ ਨੂੰ ਪਤਾ ਲੱਗਾ ਕਿ ਇੱਥੋਂ ਦੇ ਹਿੰਦੀ ਕਿਸੇ ਸੁਧਾਰਵਾਦੀ ਜਿਹੇ ਪ੍ਰੋਗਰਾਮ ਨਾਲ ਸਹਿਮਤ ਨਹੀਂ। ਪ੍ਰੋਗਰਾਮ ਅਨੁਸਾਰ ਐਤਵਾਰ ਨੂੰ ਆਲੇ-ਦੁਆਲੇ ਦੇ ਕਾਰਖਾਨਿਆਂ ਦੇ ਹਿੰਦੀ ਪੋਰਟਲੈਂਡ ਵਿੱਚ ਇਕੱਠੇ ਹੋਏ।

ਵਿਚਾਰ ਵਟਾਂਦਰਾ ਖੁੱਲ੍ਹੇ ਤੌਰ 'ਤੇ ਹੋਇਆ। ਬਾਬੂ ਹਰਨਾਮ ਸਿੰਘ ਤੇ ਸ੍ਰੀ ਜੀ. ਡੀ. ਕੁਮਾਰ ਵੀ ਪੋਰਟਲੈਂਡ ਵਾਲਿਆਂ ਨਾਲ ਸਹਿਮਤ ਹੋ ਗਏ ਤੇ ਫੈਸਲਾ ਹੋਇਆ ਕਿ ਇੱਕ ਇਨਕਲਾਬੀ ਸੋਸਾਇਟੀ ਕਾਇਮ ਕੀਤੀ ਜਾਵੇ ਜਿਸਦਾ ਨਾਂ "ਹਿੰਦੁਸਤਾਨ ਐਸੋਸੀਏਸ਼ਨ ਆਫ਼ ਪੈਸੀਫਿਕ ਕੋਸਟ" ਰੱਖਿਆ ਜਾਵੇ। ਇਸਦਾ ਦਫਤਰ ਪੋਰਟਲੈਂਡ ਵਿੱਚ ਹੋਵੇ। ਪਾਰਟੀ ਦਾ ਇੱਕ ਅਖ਼ਬਾਰ ਹੋਵੇ ਜਿਸਦਾ ਨਾਂ 'ਹਿੰਦੁਸਤਾਨ' ਰੱਖਿਆ ਜਾਵੇ। ਇੱਕ ਅਖ਼ਬਾਰ ਉਰਦੂ ਵਿੱਚ ਕੱਢਿਆ ਜਾਵੇ। ਇਸ ਅਖ਼ਬਾਰ ਦਾ ਉਦੇਸ਼ ਹਿੰਦੁਸਤਾਨ ਨੂੰ ਆਜ਼ਾਦੀ ਦੇ ਹੱਕ ਵਿੱਚ ਗੁਲਾਮੀ ਦੇ ਵਿਰੁੱਧ ਇਨਕਲਾਬ ਲਈ ਤਿਆਰ ਕਰਨਾ ਮਿਥਿਆ ਗਿਆ। ਇਹ ਫੈਸਲੇ ਸਰਵਸੰਮਤੀ ਨਾਲ ਲਏ ਗਏ ਤੇ ਪਿੱਛੋਂ ਅਹੁਦੇਦਾਰਾਂ ਦੀ ਚੋਣ ਹੋਈ। ਸੋਹਣ ਸਿੰਘ ਭਕਨਾ ਪ੍ਰਧਾਨ, ਜੀ. ਡੀ. ਕੁਮਾਰ ਮੁੱਖ ਸਕੱਤਰ ਤੇ ਪੰਡਤ ਕਾਂਸ਼ੀ ਰਾਮ ਖਜ਼ਾਨਚੀ ਸਰਵ-ਸੰਮਤੀ ਨਾਲ ਚੁਣੇ ਗਏ।

ਇੰਤਜਾਮੀਆਂ ਕਮੇਟੀ ਵਿੱਚ ਹਰਨਾਮ ਸਿੰਘ ਟੁੰਡੀਲਾਟ, ਊਧਮ ਸਿੰਘ 'ਕਸੇਲ' ਰਾਮ ਰੱਖਾ ਤੇ ਦੋ ਹੋਰ ਸਾਥੀ ਲਏ ਗਏ। ਕੁਝ ਹੋਰ ਮੈਂਬਰ ਵੀ ਭਰਤੀ ਹੋਏ। ਇਸ ਪਾਰਟੀ ਦੀਆਂ ਅਜੇ ਤਿੰਨ ਕੁ ਮੀਟਿੰਗਾਂ ਹੋਈਆਂ ਤੇ ਅਖ਼ਬਾਰ ਕੱਢਣ ਦੀ ਅਜੇ ਤਿਆਰੀ ਹੋ ਰਹੀ ਸੀ ਕਿ ਜੀ. ਡੀ. ਕੁਮਾਰ ਪੇਟ ਦੀ ਬੀਮਾਰੀ ਨਾਲ ਪੈ ਗਏ ਤੇ ਛੇਤੀ ਤੰਦਰੁਸਤ ਨਾ ਹੋ ਸਕੇ। ਇਹਨਾਂ ਦੀ ਬੀਮਾਰੀ ਦੌਰਾਨ ਹੀ ਮੈਂ ਤੇ ਭਾਈ ਊਧਮ ਸਿੰਘ ਕੁਝ ਦਿਨਾਂ ਲਈ ਅਸਟਰੀਆ ਮਿੱਲ (ਵਾਸ਼ਿੰਗਟਨ ਸਟੇਟ) ਵਿੱਚ ਕੰਮ ਕਰਨ ਚਲੇ ਗਏ ਤੇ ਕਈ ਦਿਨ ਉਥੇ ਰਹੇ। ਇਸ ਮਿੱਲ ਵਿੱਚ 120 ਹਿੰਦੀ ਕੰਮ ਕਰਦੇ ਸਨ। ਕਈ ਦਿਨਾਂ ਦੇ ਵਿਚਾਰ ਵਟਾਂਦਰੇ ਪਿੱਛੋਂ ਉਥੇ ਵੀ 'ਹਿੰਦੁਸਤਾਨ ਐਸੋਸੀਏਸ਼ਨ ਆਫ਼ ਪੈਸੀਫਿਕ ਕੋਸਟ' ਦੀ ਸ਼ਾਖ ਦੇ ਪ੍ਰਧਾਨ ਭਾਈ ਕੇਸਰ ਸਿੰਘ ਠਠਗੜ੍ਹ, ਮੁੱਖ ਸਕੱਤਰ ਮੁਨਸ਼ੀ ਕਰੀਮ ਬਖਸ਼ ਤੇ ਖਜਾਨਚੀ ਮੁਨਸ਼ੀ ਰਾਮ ਮਿਥੇ ਗਏ। ਮੈਂਬਰ ਵੀ ਕਾਫੀ ਭਰਤੀ ਹੋਏ। ਉਹਨੀਂ ਦਿਨੀਂ ਕਰਤਾਰ ਸਿੰਘ ਸਰਾਭਾ ਵੀ ਆਪਣੇ ਪਿੰਡ ਵਾਲੇ ਰੁਲੀਆ ਸਿੰਘ ਕੋਲ ਆਇਆ ਹੋਇਆ ਸੀ ਤੇ ਇੱਥੇ ਹੀ ਮਿੱਲ ਵਿੱਚ ਕੰਮ ਕਰਦਾ ਸੀ। (ਨੋਟ-ਰੁਲੀਆ ਸਿੰਘ ਗ਼ਦਰ ਪਾਰਟੀ ਦੇ ਸ਼ਹੀਦਾਂ ਵਿੱਚ ਜਾ ਮਿਲਿਆ ਜਦ ਉਸਨੇ ਅੰਡੇਮਾਨ ਜ਼ੇਲ੍ਹ ਵਿੱਚ ਆਪਣੀ ਜਾਨ ਦੇ ਦਿੱਤੀ।)

ਜੀ. ਡੀ. ਕੁਮਾਰ ਦੀ ਬੀਮਾਰੀ ਕਾਰਨ ਅਖ਼ਬਾਰ ਨਾ ਨਿਕਲ ਸਕਿਆ ਤੇ ਨਾ ਹੀ ਦਫਤਰ ਚੱਲ ਸਕਿਆ। ਕਿਉਂਕਿ ਅਸੀਂ ਸਾਰੇ ਅਜੇ ਤੱਕ ਆਪਣੇ ਆਪਣੇ ਕੰਮੀਂ ਲੱਗੇ ਹੋਏ ਸਾਂ। ਇਹਨੀਂ ਦਿਨੀਂ ਲਾਲਾ ਠਾਕਰਦਾਸ (ਧੂਰੀ) ਕੈਲੀਫੋਰਨੀਆਂ ਤੋਂ ਪੰਡਤ ਕਾਂਸ਼ੀ ਰਾਮ ਦੇ ਕਾਰਖਾਨੇ ਸੇਂਟ ਜੋਨ ਵਿੱਚ ਆ ਗਏ ਸਨ ਤੇ ਉਥੇ ਕੰਮ ਕਰਦੇ ਸਨ। ਉਹਨਾਂ ਸਲਾਹ ਦਿੱਤੀ ਕਿ ਅੱਜ ਕੱਲ੍ਹ ਲਾਲਾ ਹਰਦਿਆਲ ਸਾਨਫਰਾਂਸਿਸਕੋ ਵਿੱਚ ਹਨ

ਤੇ ਵਿਦਿਆਰਥੀਆਂ ਨੂੰ ਲੈਕਚਰ ਦੇਣ ਤੋਂ ਸਿਵਾ ਉਨ੍ਹਾਂ ਕੋਲ ਇਹਨੀਂ ਦਿਨੀਂ ਹੋਰ ਕੋਈ ਕੰਮ ਨਹੀਂ, ਉਹਨਾਂ ਨੂੰ ਬੁਲਾਇਆ ਜਾਏ। ਉਮੀਦ ਹੈ ਕਿ ਉਹ ਆ ਜਾਣਗੇ ਤੇ ਦਫ਼ਤਰ ਸਮੇਤ ਅਖ਼ਬਾਰ ਉਹਨਾਂ ਦੇ ਹਵਾਲੇ ਕਰ ਦਿੱਤਾ ਜਾਏ। ਉਹ ਇਸ ਕੰਮ ਨੂੰ ਭਲੀ ਭਾਂਤ ਚਲਾ ਸਕਣਗੇ। ਪਾਰਟੀ ਦੀ ਮੀਟਿੰਗ ਸੱਦੀ ਗਈ। ਸਰਵਸੰਮਤੀ ਨਾਲ ਤਜਵੀਜ਼ ਪਾਸ ਹੋਈ। ਪੰਡਤ ਕਾਂਸ਼ੀ ਰਾਮ ਨੂੰ ਲਾਲਾ ਹਰਦਿਆਲ ਨਾਲ ਚਿੱਠੀ ਪੱਤਰ ਕਰਨ ਦਾ ਕੰਮ ਸੌਂਪਿਆ ਗਿਆ। ਲਾਲਾ ਹਰਦਿਆਲ ਨੇ ਜਵਾਬ ਵਿੱਚ ਲਿਖਿਆ ਕਿ ਉਹ ਦਸੰਬਰ ਦੇ ਆਖਰੀ ਹਫਤੇ ਵਿੱਚ ਆਉਣਗੇ। ਪਰ ਫਿਰ ਦੂਸਰੀ ਚਿੱਠੀ ਵਿੱਚ ਲਿਖ ਭੇਜਿਆ ਕਿ ਉਹ ਕਿਸੇ ਜ਼ਰੂਰੀ ਕੰਮ ਦੀ ਵਜ੍ਹਾ ਕਰਕੇ ਦਸੰਬਰ ਵਿੱਚ ਨਹੀਂ ਆ ਸਕਣਗੇ। ਹੋ ਸਕਦਾ ਹੈ ਕਿ ਮਾਰਚ 1913 ਵਿੱਚ ਆ ਸਕਣ।

**ਸੈਂਟ ਜੋਨ ਵਿੱਚ ਮੀਟਿੰਗ :-** ਮਾਰਚ 1913 ਦੇ ਦੂਜੇ ਹਫ਼ਤੇ ਉਹ ਭਾਈ ਪਰਮਾਨੰਦ ਦੇ ਨਾਲ ਆਏ। ਪੰਡਤ ਕਾਂਸ਼ੀ ਰਾਮ ਨੇ ਪੋਰਟਲੈਂਡ ਦੁਆਲੇ ਸਭ ਕਾਰਖਾਨਿਆਂ ਨੂੰ ਟੈਲੀਫੋਨ ਤੇ ਮੀਟਿੰਗ ਦੀ ਖ਼ਬਰ ਦੇ ਦਿੱਤੀ ਅਤੇ ਅਗਲੇ ਦਿਨ ਐਤਵਾਰ ਨੂੰ ਸੈਂਟ ਜੋਨ ਵਿੱਚ ਮੀਟਿੰਗ ਹੋਈ। (ਨੋਟ - ਅਮਰੀਕਾ ਵਿੱਚ ਭਾਈ ਪਰਮਾਨੰਦ ਦਵਾਈਆਂ ਦਾ ਕੋਰਸ ਕਰਨ ਲੱਗੇ ਸੀ, ਕੋਰਸ ਕਰ ਚੁੱਕੇ ਸਨ। ਹੁਣ ਉਹ ਇੰਗਲੈਂਡ ਰਾਹੀਂ ਹਿੰਦੁਸਤਾਨ ਆਉਣਾ ਚਾਹੁੰਦੇ ਸਨ, ਇਸ ਲਈ ਉਹ ਵੀ ਨਾਲ ਆ ਗਏ।)

ਸਭ ਤੋਂ ਪਹਿਲਾਂ ਪਰਮਾਨੰਦ (ਲਾਹੌਰ) ਨੂੰ ਵਕਤ ਦਿੱਤਾ ਗਿਆ। ਉਨ੍ਹਾਂ ਨੇ ਆਪਣੀ ਤਕਰੀਰ ਵਿੱਚ ਵਿਦਿਆਰਥੀਆਂ ਨੂੰ ਮੰਗਵਾਉਣ ਤੇ ਅਮਰੀਕਾ ਵਿੱਚ ਪੜ੍ਹਾ ਕੇ ਉਹਨਾਂ ਰਾਹੀਂ ਕੰਮ ਕਰਨ ਤੇ ਜ਼ੋਰ ਦਿੱਤਾ। ਇਸ ਤੇ ਦੂਸਰੇ ਸਾਥੀਆਂ ਨੇ ਵੀ ਆਪਣੇ ਵਿਚਾਰ ਦੱਸੇ ਤੇ ਭਾਈ ਪਰਮਾਨੰਦ ਦੀ ਸਲਾਹ ਨੂੰ ਇਸ ਲਈ ਰੱਦ ਕਰ ਦਿੱਤਾ ਗਿਆ ਕਿ ਕੀ ਯਕੀਨ ਹੋ ਸਕਦਾ ਹੈ ਕਿ ਇਹ ਵਿਦਿਆਰਥੀ ਸੱਚਮੁੱਚ ਹੀ ਦੇਸ਼ ਲਈ ਕੁਰਬਾਨੀ ਕਰਨਗੇ।

ਸਭ ਤੋਂ ਪਿੱਛੋਂ ਲਾਲਾ ਹਰਦਿਆਲ ਨੂੰ ਵਕਤ ਦਿੱਤਾ ਗਿਆ। ਉਹ ਸਾਰੀਆਂ ਦਲੀਲਾਂ ਨੂੰ ਸਾਹਮਣੇ ਰੱਖਦੇ ਹੋਏ ਭਾਈ ਪਰਮਾਨੰਦ ਦੀ ਬਜਾਏ ਸਾਡੇ ਨਾਲ ਸਹਿਮਤ ਹੋਏ। ਇਹ ਠੀਕ ਹੈ ਕਿ ਲਾਲਾ ਹਰਦਿਆਲ ਉੱਪਰ ਕਿਸੇ ਹੱਦ ਤੱਕ ਭਾਈ ਪਰਮਾਨੰਦ ਦਾ ਪ੍ਰਭਾਵ ਸੀ ਪਰ ਉਹਨਾਂ ਦੀ ਬੁੱਧੀ ਬਹੁਤ ਤੇਜ਼ ਸੀ। ਸੋ ਜਦ ਉਹਨਾਂ ਸਾਰਿਆਂ ਦੇ ਵਿਚਾਰ ਸੁਣੇ ਤਾਂ ਸਾਡੇ ਨਾਲ ਸਹਿਮਤ ਹੋ ਗਏ। (ਨੋਟ-1. ਨਾਵਾਕਫੀ ਕਰਕੇ ਜਾਂ ਹੋਰ ਕਾਰਨਾਂ ਕਰਕੇ ਕਈ ਲੋਕ ਇਹ ਕਹਿੰਦੇ ਹਨ ਕਿ ਲਾਲਾ ਹੀ ਗਦਰ ਪਾਰਟੀ ਦੇ ਬਾਨੀ ਸਨ। ਉਹਨਾਂ ਨੂੰ ਇਤਿਹਾਸ ਗਹੁ ਨਾਲ ਪੜ੍ਹਨਾ ਚਾਹੀਦਾ ਹੈ। 2. ਬਾਅਦ ਵਿੱਚ ਦੇਸ਼ ਭਗਤਾਂ ਦੀ ਦਲੀਲ ਠੀਕ ਸਿੱਧ ਹੋਈ। ਜਵਾਲਾ ਸਿੰਘ ਜੀ ਨੇ ਜਿੰਨੇ ਵਿਦਿਆਰਥੀ ਆਪਣੇ ਵਜੀਫਿਆਂ ਤੇ ਮੰਗਾਏ ਸਨ ਉਹਨਾਂ ਵਿੱਚੋਂ ਇੱਕ ਵੀ ਦੇਸ਼ ਲਈ ਕੁਰਬਾਨੀ ਕਰਨ ਵਾਲਾ ਨਾ ਨਿਕਲਿਆ।)

ਹੇਠ ਲਿਖੇ ਫੈਸਲੇ ਸਰਬ-ਸੰਮਤੀ ਨਾਲ ਲਏ ਗਏ :-

(1) ਹਿੰਦੁਸਤਾਨ ਐਸੋਸੀਏਸ਼ਨ ਆਫ਼ ਪੈਸੀਫਿਕ ਕੋਸਟ ਦੇ ਨਾਂ ਵਿੱਚ ਥੋੜ੍ਹੀ ਤਬਦੀਲੀ ਕਰਕੇ ਨਵਾਂ ਨਾਂ ਹਿੰਦੀ ਐਸੋਸੀਏਸ਼ਨ ਆਫ਼ ਪੈਸੀਫਿਕ ਕੋਸਟ ਰੱਖਿਆ



ਗਿਆ।

(2) ਪਾਰਟੀ ਦਾ ਉਦੇਸ਼ ਹਥਿਆਰਬੰਦ ਇਨਕਲਾਬ ਰਾਹੀਂ ਹਿੰਦੁਸਤਾਨ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣਾ ਤੇ ਆਜ਼ਾਦੀ ਪਿੱਛੋਂ ਆਜ਼ਾਦੀ ਤੇ ਬਰਾਬਰੀ ਦੇ ਅਧਾਰ ਤੇ ਲੋਕ ਰਾਜ ਸਥਾਪਤ ਕਰਨਾ ਹੋਵੇਗਾ।

(3) ਪਾਰਟੀ ਦਾ ਇੱਕ ਹਫ਼ਤਾਵਾਰ ਅਖ਼ਬਾਰ ਹਿੰਦੀ ਜ਼ਬਾਨਾਂ ਵਿੱਚ ਨਿਕਲੇਗਾ ਜਿਸ ਦਾ ਨਾਂ 1857 ਦੀ ਯਾਦ ਵਿੱਚ 'ਗਦਰ' ਅਖ਼ਬਾਰ ਹੋਵੇਗਾ।

(4) ਪਾਰਟੀ ਦਾ ਦਫ਼ਤਰ ਸਾਨਫਰਾਂਸਿਸਕੋ (ਕੈਲੀਫੋਰਨੀਆਂ) ਵਿੱਚ ਹੋਵੇਗਾ।

(5) ਜਥੇਬੰਦੀ ਦੀ ਚੋਣ ਹਰ ਸਾਲ ਹੋਇਆ ਕਰੇਗੀ।

(6) ਹਰ ਇੱਕ ਕਾਰਖ਼ਾਨੇ ਜਾਂ ਖੇਤਾਂ ਵਿੱਚ ਕੰਮ ਕਰਨ ਵਾਲੀ ਹਿੰਦੀ ਮਜ਼ਦੂਰਾਂ ਦੀ ਹਰ ਟੋਲੀ ਵਿੱਚ ਇੱਕ ਸਥਾਨਕ ਕਮੇਟੀ ਹੋਵੇਗੀ ਜੋ ਸਿੱਧੀ ਇੰਤਜਾਮੀਆਂ ਕਮੇਟੀ ਨਾਲ ਸਬੰਧਤ ਹੋਵੇਗੀ।

(7) ਸਥਾਨਕ ਕਮੇਟੀਆਂ ਦੇ ਚੁਣੇ ਹੋਏ ਪ੍ਰਤੀਨਿਧੀਆਂ ਦੀ ਇੱਕ ਕੇਂਦਰੀ ਕਮੇਟੀ ਹੋਵੇਗੀ ਜੋ ਦਫਤਰ, ਅਖ਼ਬਾਰ ਤੇ ਦੂਸਰੇ ਖੁੱਲ੍ਹੇ ਕੰਮਾਂ ਨੂੰ ਚਲਾਵੇਗੀ।

(8) ਇੰਤਜ਼ਾਮੀਆਂ ਕਮੇਟੀ ਆਪਣੇ ਵਿੱਚੋਂ ਤਿੰਨ ਮੈਂਬਰਾਂ ਦਾ ਇੱਕ ਕਮਿਸ਼ਨ ਚੁਣੇਗੀ ਜਿਸ ਦੇ ਹੱਥਾਂ ਵਿੱਚ ਪਾਰਟੀ ਦਾ ਖੁਫ਼ੀਆ ਕੰਮ ਤੇ ਹੋਰ ਖੁਫੀਆ ਜ਼ਿੰਮੇਵਾਰੀਆਂ ਹੋਣਗੀਆਂ।

(9) ਹਰ ਮੈਂਬਰ ਘੱਟੋ-ਘੱਟ ਇੱਕ ਡਾਲਰ ਮਹੀਨਾ ਚੰਦਾ ਦਿਆ ਕਰੇਗਾ।

(10) ਪਾਰਟੀ ਦੇ ਹਰ ਸਿਪਾਹੀ ਦਾ ਇਹ ਫ਼ਰਜ਼ ਹੋਵੇਗਾ ਕਿ ਉਹ ਚਾਹੇ ਦੁਨੀਆਂ ਦੇ ਕਿਸੇ ਕੋਨੇ ਵਿੱਚ ਹੋਵੇ, ਜੇ ਉਥੇ ਆਜ਼ਾਦੀ ਦੀ ਲੜਾਈ ਸ਼ੁਰੂ ਹੋਵੇ ਤਾਂ ਗੁਲਾਮੀ ਦੇ ਵਿਰੁੱਧ ਤੇ ਆਜ਼ਾਦੀ ਦੇ ਹੱਕ ਵਿੱਚ ਹਿੱਸਾ ਲਵੇ।

(12) ਪਾਰਟੀ ਦੇ ਦਫ਼ਤਰ, ਪ੍ਰੈੱਸ, ਅਖ਼ਬਾਰ ਜਾਂ ਪਿੰਡਾਂ ਵਿੱਚ ਕੰਮ ਕਰਨ ਵਾਲੇ ਕਿਸੇ ਮੈਂਬਰ ਨੂੰ ਤਨਖਾਹ ਨਹੀਂ ਮਿਲੇਗੀ। ਬਰਾਬਰੀ ਦੇ ਆਧਾਰ ਤੇ ਰੋਟੀ ਕੱਪੜਾ ਪਾਰਟੀ ਦੇ ਸਾਂਝੇ ਲੰਗਰ ਤੇ ਸਟੋਰ ਤੋਂ ਮਿਲੇਗਾ।

(13) ਅਖ਼ਬਾਰ ਦਾ ਕੋਈ ਚੰਦਾ ਨਹੀਂ ਹੋਵੇਗਾ। ਅਖ਼ਬਾਰ ਮੁਫਤ ਵੰਡਿਆ ਜਾਵੇਗਾ।

ਇਸ ਤੋਂ ਪਿੱਛੋਂ ਹੇਠ ਲਿਖੀ ਚੋਣ ਸਰਵ-ਸੰਮਤੀ ਨਾਲ ਹੋਈ :-

ਪ੍ਰਧਾਨ - ਸੋਹਣ ਸਿੰਘ ਭਕਨਾ

ਮੀਤ ਪ੍ਰਧਾਨ - ਭਾਈ ਕੇਸਰ ਸਿੰਘ ਠਠਗੜ੍ਹ

ਜਨਰਲ ਸਕੱਤਰ - ਲਾਲਾ ਹਰਦਿਆਲ

ਜੁਆਇੰਟ ਸਕੱਤਰ - ਠਾਕਰ ਦਾਸ

ਖਜ਼ਾਨਚੀ - ਪੰਡਤ ਕਾਂਸ਼ੀ ਰਾਮ

**ਇੰਤਜ਼ਾਮੀਆਂ ਕਮੇਟੀ ਦੇ ਮੈਂਬਰ :-**

1. ਭਾਈ ਕੇਸਰ ਸਿੰਘ
2. ਮੁਨਸ਼ੀ ਕਰੀਮ ਬਖ਼ਸ਼ ਆਸਟੋਰੀਆ ਮਿੱਲ (ਵਾਸ਼ਿੰਗਟਨ ਸਟੇਟ)
3. ਮੁਨਸ਼ੀ ਰਾਮ

4. ਊਧਮ ਸਿੰਘ ਕਸੇਲ
5. ਈਸ਼ਰ ਸਿੰਘ ਮਰਹਾਨਾ          ਮਨਾਰਕ ਮਿੱਲ ਤੋਂ
6. ਸੋਹਣ ਸਿੰਘ ਭਕਨਾ

7. ਹਰਨਾਮ ਸਿੰਘ ਟੁੰਡੀਲਾਟ
8. ਅਮਰ ਸਿੰਘ ਕੋਟਲਾ ਨੌਧ ਸਿੰਘ ਬੈਰਡਵਿਲ ਤੋਂ

9. ਪੰਡਤ ਕਾਂਸ਼ੀ ਰਾਮ
10. ਰਾਮ ਰੱਖਾ          ਸੈਂਟ ਜੋਨ ਤੋਂ
11. ਠਾਕਰ ਦਾਸ
12. ਕਿਸ਼ਨ ਸਿੰਘ          ਵਿਆਨਾ ਮਿੱਲ ਤੋਂ
13. ਇੱਕ ਮੈਂਬਰ          ਲਿੰਕਨ ਤੋਂ
14. ਅਮਰ ਸਿੰਘ          ਪੋਰਟਲੈਂਡ ਤੋਂ

(ਨੋਟ – ਅਮਰ ਸਿੰਘ ਪੋਰਟਲੈਂਡ ਵਾਲਾ ਪਿੱਛੋਂ ਮੁਖਬਰ ਬਣ ਗਿਆ ਤੇ ਸਰਕਾਰੀ ਗਵਾਹ ਬਣ ਗਿਆ।)

ਇੰਤਜ਼ਾਮੀਆਂ ਕਮੇਟੀ ਤੇ ਅਹੁਦੇਦਾਰਾਂ ਦੀ ਚੋਣ ਪਿੱਛੋਂ ਫੈਸਲਾ ਹੋਇਆ ਕਿ ਖੁਫੀਆ ਕੰਮ ਲਈ ਤਿੰਨ ਮੈਂਬਰਾਂ ਦਾ ਇੱਕ ਖੁਫੀਆ ਕਮਿਸ਼ਨ ਬਣਾਇਆ ਜਾਵੇ ਜਿਸ ਦੇ ਹੱਥਾਂ ਵਿੱਚ ਪਾਰਟੀ ਦੇ ਖ਼ੁਫੀਆ ਕੰਮਾਂ ਦੀ ਜ਼ਿੰਮੇਵਾਰੀ ਹੋਵੇ। ਕਮਿਸ਼ਨ ਦੇ ਮੈਂਬਰ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਤੇ ਪੰਡਤ ਕਾਂਸ਼ੀ ਰਾਮ ਚੁਣੇ ਗਏ।

ਇਹ ਗ਼ਦਰ ਪਾਰਟੀ ਸਹੀ ਅਰਥਾਂ ਵਿੱਚ ਲੋਕਤੰਤਰ ਦੇ ਅਸੂਲਾਂ ਤੇ ਬਣੀ ਹੋਈ ਪਾਰਟੀ ਸੀ, ਜਿਸ ਵਿੱਚ ਸਥਾਨਕ ਕਮੇਟੀਆਂ ਨੂੰ ਪੂਰੀ ਪ੍ਰਤੀਨਿਧਤਾ ਮਿਲਦੀ ਸੀ। ਮੇਰਾ ਅਟੱਲ ਵਿਸ਼ਵਾਸ ਹੈ ਕਿ ਅਸਲੀ ਇਨਕਲਾਬੀ ਪਾਰਟੀਆਂ ਵਿੱਚ ਅਹੁਦੇਦਾਰਾਂ ਦੀ ਚੋਣ ਗੁਣ ਕਰਮ ਦੇ ਹਿਸਾਬ ਨਾਲ ਅਤੇ ਕੁਰਬਾਨੀ ਦੀ ਭਾਵਨਾ ਦੇ ਆਧਾਰ ਤੇ ਹੁੰਦੀ ਹੈ।

ਅਸਲ ਵਿੱਚ ਮੋਟੇ-ਮੋਟੇ ਇਨਕਲਾਬੀ ਨਿਯਮ ਤਾਂ ਹਿੰਦੁਸਤਾਨ ਐਸੋਸੀਏਸ਼ਨ ਦੇ ਬਣਦਿਆਂ ਹੀ ਸਾਹਮਣੇ ਆ ਚੁੱਕੇ ਸਨ ਜਿਵੇਂ ਹਥਿਆਰਬੰਦ ਇਨਕਲਾਬ, ਆਜ਼ਾਦੀ ਤੇ ਬਰਾਬਰੀ ਦੇ ਆਧਾਰ ਤੇ ਕੌਮੀ ਜਮਹੂਰੀਅਤ ਵਗੈਰਾ, ਪਰ ਸੈਂਟ ਜੋਨ ਦੀ ਪਹਿਲੀ ਮੀਟਿੰਗ ਵਿੱਚ ਪਾਰਟੀ ਦਾ ਨਾਂ ਬਦਲ ਚੁੱਕਿਆ ਸੀ। (ਹੁਣ ਹਿੰਦੀ ਐਸੋਸੀਏਸ਼ਨ ਸੀ) ਨਾਲੇ ਹੈੱਡਕਵਾਟਰ ਤੇ ਅਖ਼ਬਾਰ ਦਾ ਨਾਂ ਵੀ ਬਦਲ ਚੁੱਕਿਆ ਸੀ। ਇਸ ਲਈ ਇਸ ਮੀਟਿੰਗ ਦੀ ਕਾਰਵਾਈ ਨੂੰ ਅਜੇ ਕੱਚਾ ਸਮਝਿਆ ਗਿਆ ਤੇ ਫੈਸਲਾ ਹੋਇਆ ਕਿ ਉਰੇਗਨ ਤੇ ਵਾਸ਼ਿੰਗਟਨ ਸਟੇਟ ਦੇ ਸਾਰੇ ਕਾਰਖਾਨਿਆਂ ਵਿੱਚ ਕਾਨਫ਼ਰੰਸਾਂ ਕੀਤੀਆਂ ਜਾਣ। ਇਸ ਖਰੜੇ ਦੇ ਵਾਧੇ-ਘਾਟੇ ਜਾਂਚ ਕੇ ਪੂਰੀ ਮਨਜ਼ੂਰੀ ਲੈ ਲਈ ਜਾਵੇ। ਇਸ ਫੈਸਲੇ ਅਨੁਸਾਰ ਸਾਰੇ ਕਾਰਖ਼ਾਨਿਆਂ ਵਿੱਚ ਕਾਨਫਰੰਸਾਂ ਕੀਤੀਆਂ ਗਈਆਂ ਤੇ ਮੈਂਬਰ ਭਰਤੀ ਕੀਤੇ ਗਏ। ਅਖੀਰੀ ਕਾਨਫਰੰਸ 21 ਅਪ੍ਰੈਲ 1913 ਨੂੰ ਲੱਕੜੀ ਦੇ ਕਾਰਖ਼ਾਨੇ ਅਸਟੋਰੀਆ ਮਿੱਲ ਵਿੱਚ ਹੋਈ, ਜਿਸ ਵਿੱਚ ਸਾਰੇ ਕਾਰਖਾਨਿਆਂ ਦੇ



ਨੁਮਾਇੰਦੇ ਹਾਜ਼ਰ ਸਨ। ਵਿਚਾਰ ਵਟਾਂਦਰੇ ਪਿੱਛੋਂ ਸੈਂਟ ਜੋਨ ਵਾਲੇ ਨਿਰਣਿਆਂ ਨੂੰ ਸਰਵ-ਸੰਮਤੀ ਨਾਲ ਪਾਸ ਕੀਤਾ ਗਿਆ। ਅਖ਼ਬਾਰ ਤੇ ਦਫ਼ਤਰ ਚਲਾਉਣ ਲਈ ਮੈਂਬਰਾਂ ਨੇ ਦਿਲ ਖੋਲ੍ਹ ਕੇ ਚੰਦੇ ਦਿੱਤੇ। ਦਸ ਹਜ਼ਾਰ ਡਾਲਰ ਨਕਦ ਤੇ ਇੱਕ ਜ਼ਮੀਨ ਦਾ ਕੀਮਤੀ ਟੁਕੜਾ ਪੰਡਤ ਕਾਂਸ਼ੀ ਰਾਮ ਨੇ ਦਿੱਤਾ।

## 8. ਗ਼ਦਰ ਅਖ਼ਬਾਰ

ਇਸ ਦੇ ਪਿੱਛੋਂ ਲਾਲਾ ਹਰਦਿਆਲ ਵਾਪਸ ਕੈਲੀਫੋਰਨੀਆਂ ਨੂੰ ਚਲੇ ਗਏ। ਪਹਿਲੀ ਨਵੰਬਰ 1913 ਤੱਕ ਨਾ ਹੀ ਦਫ਼ਤਰ ਕਾਇਮ ਹੋਇਆ ਤੇ ਨਾ ਹੀ ਅਖ਼ਬਾਰ ਨਿਕਲਿਆ। ਅਖ਼ੀਰ ਸਥਾਨਕ ਕਮੇਟੀਆਂ ਨੇ ਪ੍ਰਧਾਨ ਇੰਤਜ਼ਾਮੀਆਂ ਕਮੇਟੀ ਨੂੰ ਲਿਖਣਾ ਸ਼ੁਰੂ ਕੀਤਾ ਤੇ ਲਾ-ਪ੍ਰਵਾਹੀ ਦੀ ਵਜ੍ਹਾ ਪੁੱਛੀ। ਪ੍ਰਧਾਨ ਨੇ ਲਾਲਾ ਹਰਦਿਆਲ ਨੂੰ ਸਥਾਨਕ ਕਮੇਟੀਆਂ ਦੀ ਸ਼ਿਕਾਇਤ ਤੋਂ ਜਾਣੂ ਕਰਵਾਇਆ ਤੇ ਜ਼ੋਰ ਦਿੱਤਾ ਕਿ ਹੁਣ ਦੇਰੀ ਕਰਨ ਨਾਲ ਜਨਤਾ ਬਦਜ਼ਨ ਹੋ ਜਾਵੇਗੀ। ਜਲਦੀ ਕੰਮ ਸ਼ੁਰੂ ਹੋਣਾ ਜ਼ਰੂਰੀ ਹੈ। ਤਦ ਪਹਿਲੀ ਨਵੰਬਰ 1913 ਨੂੰ ਗ਼ਦਰ ਅਖ਼ਬਾਰ ਦਾ ਪਹਿਲਾ ਪਰਚਾ ਹੈਂਡ ਮਸ਼ੀਨ ਤੇ ਕਰਤਾਰ ਸਿੰਘ ਸਰਾਭਾ ਤੇ ਰਘਬੀਰ ਦਿਆਲ (ਯੂ. ਪੀ.) ਦੀ ਮਦਦ ਨਾਲ ਕੱਢਿਆ ਗਿਆ। ਇੱਕ ਮਕਾਨ ਕਿਰਾਏ ਤੇ ਲੈ ਕੇ ਦਫ਼ਤਰ ਖੋਲ੍ਹਿਆ ਗਿਆ ਜਿਸ ਦਾ ਨਾਂ "ਯੁਗਾਂਤਰ ਆਸ਼ਰਮ" ਰੱਖਿਆ ਗਿਆ। (ਨੋਟ-ਰਘਬੀਰ ਦਿਆਲ (ਯੂ. ਪੀ.) ਨੇ ਦੇਸ਼ ਵਿੱਚ ਆ ਕੇ ਫਿਰ ਕੋਈ ਕੰਮ ਨਹੀਂ ਕੀਤਾ।)

ਗ਼ਦਰ ਅਖ਼ਬਾਰ ਦੇ ਪਹਿਲੇ ਸਫ਼ੇ ਤੇ ਲਿਖਿਆ ਹੁੰਦਾ ਸੀ-

ਜੇ ਤਉ ਪ੍ਰੇਮ ਖੇਲਨ ਕਾ ਚਾਉ
ਸਿਰ ਧਰ ਤਲੀ ਗਲੀ ਮੋਰੀ ਆਉ।

ਇਸ ਤੋਂ ਪਿੱਛੋਂ ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ ਅੰਕੜੇ ਦੇ ਕੇ ਅੰਗਰੇਜ਼ਾਂ ਦੀ ਲੁੱਟ-ਖਸੁੱਟ ਨੂੰ ਨੰਗਿਆਂ ਕਰਦਾ ਸੀ। ਮੁੱਖ ਸੰਪਾਦਕ ਲਾਲਾ ਹਰਦਿਆਲ ਉਰਦੂ ਵਿੱਚ ਲਿਖਦੇ ਸਨ ਤੇ ਪੰਜਾਬੀ ਵਿੱਚ ਉਲਥਾ ਕਰਤਾਰ ਸਿੰਘ ਸਰਾਭਾ ਕਰਦਾ ਸੀ। ਛਾਪੇ ਦੀ ਹੈਂਡ ਮਸ਼ੀਨ ਉਹ ਆਪਣੇ ਹੱਥੀਂ ਚਲਾਉਂਦਾ ਸੀ। ਸ਼ੁਰੂ-ਸ਼ੁਰੂ ਵਿੱਚ ਯੁਗਾਂਤਰ ਆਸ਼ਰਮ ਦਾ ਸਾਰਾ ਕੰਮ ਕਰਤਾਰ ਸਿੰਘ ਦੇ ਸਿਰ ਤੇ ਹੀ ਰਿਹਾ। ਕਈ ਹਫਤੇ ਪਿੱਛੋਂ ਦੂਸਰੇ ਸਾਥੀ ਸਹਾਇਤਾ ਲਈ ਭੇਜੇ ਗਏ। ਉਸ ਨੂੰ ਰਾਤ ਦਿਨ ਆਰਾਮ ਦੀ ਕਦੀ ਨਾ ਸੁੱਝੀ। ਬਲਕਿ ਜਦ ਸੁਝਦਾ ਸੀ ਤਾਂ ਕੰਮ। ਜਿੰਨਾਂ ਉਹ ਅਣਥੱਕ ਮਿਹਨਤੀ ਸੀ ਉਨਾਂ ਹੀ ਫੁਰਤੀਲਾ ਵੀ ਸੀ।

ਇਸ ਤੋਂ ਇਲਾਵਾ ਕਵਿਤਾਵਾਂ ਤੇ ਦੂਸਰੇ ਲੇਖ ਬਾਹਰ ਤੋਂ ਦੂਸਰੇ ਦੇਸ਼-ਭਗਤ ਭੇਜਦੇ ਸਨ। ਇਹ ਕਵਿਤਾਵਾਂ ਇਨਕਲਾਬੀ ਦਿਲਾਂ ਦੀਆਂ ਡੂੰਘਿਆਈਆਂ ਵਿੱਚੋਂ ਨਿਕਲੀਆਂ ਹੋਈਆਂ ਹੋਣ ਕਰਕੇ ਮੁਰਦਾ ਦਿਲਾਂ ਵਿੱਚ ਵੀ ਆਜ਼ਾਦੀ ਦਾ ਜੋਸ਼ ਭਰ ਦੇਂਦੀਆਂ ਸਨ। "ਗ਼ਦਰ ਦੀ ਗੂੰਜ" ਤੇ ਹੋਰ ਇਨਕਲਾਬੀ ਸਾਹਿਤ ਮੁਫ਼ਤ ਭੇਜਿਆ ਜਾਂਦਾ ਸੀ। ਜਦ ਤਿੰਨ ਚਾਰ ਪਰਚੇ ਨਿਕਲੇ ਤਾਂ ਮੰਗ ਬਹੁਤ ਵਧ ਗਈ। ਇਸ ਲਈ ਇੰਤਜ਼ਾਮੀਆਂ ਕਮੇਟੀ ਨੇ ਬਿਜਲੀ ਨਾਲ ਚੱਲਣ ਵਾਲੀ ਵੱਡੀ ਪ੍ਰੈਸ ਲਾ ਦਿੱਤੀ ਤੇ

ਹਿੰਦੀ, ਪੰਜਾਬੀ, ਉਰਦੂ ਜ਼ਬਾਨਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਅਖ਼ਬਾਰ ਛਪਣ ਲੱਗਾ। ਪ੍ਰੈਸ ਦਾ ਕੰਮ ਕਰਨ ਲਈ ਦੇਸ਼ ਭਗਤਾਂ ਨੂੰ ਅਪੀਲ ਕੀਤੀ ਗਈ। ਨੌਜਵਾਨ ਆਪਣੇ ਨਿੱਜੀ ਕੰਮ ਛੱਡ ਕੇ ਪ੍ਰੈੱਸ ਤੇ ਹੋਰ ਦੂਜੇ ਕੰਮਾਂ ਤੇ ਆ ਲੱਗੇ। ਕੈਨੇਡਾ ਵਿੱਚ ਛਪਣ ਵਾਲੇ ਇੱਕ ਦੋ ਨਰਮ ਅਖ਼ਬਾਰ ਤਾਂ ਬੰਦ ਹੀ ਹੋ ਗਏ। ਭਾਵੇਂ ਕੈਲੀਫੋਰਨੀਆਂ ਵਿੱਚ ਕਾਫ਼ੀ ਪ੍ਰਚਾਰ ਹੋ ਚੁੱਕਿਆ ਸੀ ਤੇ ਵਰਕਰ ਵੀ ਪੈਦਾ ਹੋ ਚੁੱਕੇ ਸਨ ਫਿਰ ਵੀ ਕੈਲੀਫੋਰਨੀਆਂ ਦੇ ਦੇਸ਼ ਭਗਤਾਂ ਨੇ ਸੈਕਰਾਮੈਂਟੋ ਵਿੱਚ ਦਸੰਬਰ 1913 ਨੂੰ ਵੱਡੇ ਦਿਨਾਂ ਦੀਆਂ ਛੁੱਟੀਆਂ ਵਿੱਚ ਇੱਕ ਕਾਨਫਰੰਸ ਰੱਖ ਦਿੱਤੀ। ਜਿਸ ਵਿੱਚ ਭਾਈ ਕੇਸਰ ਸਿੰਘ, ਪੰਡਤ ਕਾਂਸ਼ੀ ਰਾਮ, ਮੁਨਸ਼ੀ ਰਾਮ, ਲਾਲਾ ਹਰਦਿਆਲ ਤੇ ਮੈਂ ਉਰੇਗਨ ਤੇ ਵਾਸ਼ਿੰਗਟਨ ਸਟੇਟ ਵੱਲੋਂ ਸ਼ਾਮਿਲ ਹੋਏ। ਹਰਨਾਮ ਸਿੰਘ ਪਹਿਲਾਂ ਹੀ ਸਾਨਫਰਾਂਸਿਸਕੋ ਦੇ ਦਫ਼ਤਰ ਵਿੱਚ ਕੰਮ ਕਰਦਾ ਸੀ, ਉਹ ਵੀ ਸ਼ਾਮਿਲ ਹੋਇਆ। ਕੈਲੀਫੋਰਨੀਆਂ ਵੱਲੋਂ ਦੂਸਰਾ ਮੀਤ ਪ੍ਰਧਾਨ ਭਾਈ ਜਵਾਲਾ ਸਿੰਘ ਨੂੰ ਰੱਖਿਆ ਗਿਆ। ਇੰਤਜ਼ਾਮੀਆਂ ਕਮੇਟੀ ਵਿੱਚ ਸੰਤ ਵਿਸਾਖਾ ਸਿੰਘ, ਭਾਈ ਨਿਧਾਨ ਸਿੰਘ, ਭਾਈ ਅਰੂੜ ਸਿੰਘ, ਭਾਈ ਚੰਨਣ ਸਿੰਘ ਚੂਹੜਚੱਕ, ਭਾਈ ਹਜ਼ਾਰਾ ਸਿੰਘ ਦਦੇਹਰ, ਭਾਈ ਕਰਮ ਸਿੰਘ ਚੀਮਾ, ਪੰਡਤ ਜਗਤ ਰਾਮ ਤੇ ਭਾਈ ਕਰਤਾਰ ਸਿੰਘ (ਦੁੱਕੀ) ਲਏ ਗਏ। ਭਗਤ ਸਿੰਘ (ਦੂਜਾ ਨਾਂ ਗਾਂਧਾ ਸਿਘ), ਕਰਤਾਰ ਸਿੰਘ ਸਰਾਭਾ ਤੇ ਹੋਰ ਉੱਘੇ ਦੇਸ਼-ਭਗਤ ਵੀ ਕਾਨਫਰੰਸ ਵਿੱਚ ਹਾਜ਼ਰ ਸਨ।

ਹਿੰਦੀ ਐਸੋਸੀਏਸ਼ਨ ਆਫ਼ ਪੈਸੀਫਿਕ ਕੋਸਟ ਅਜੇ ਉਰੇਗਨ ਤੇ ਵਾਸ਼ਿੰਗਟਨ ਤੱਕ ਹੀ ਸੀਮਤ ਸੀ। ਪਰ ਕੈਲੀਫੋਰਨੀਆਂ ਦੀ ਸੈਕਰਾਮੈਂਟੋ ਕਾਨਫਰੰਸ ਨੇ ਇਸ ਨੂੰ ਸਰਬ ਅਮਰੀਕਨ ਪਾਰਟੀ ਬਣਾ ਦਿੱਤਾ ਤੇ ਕੰਮ ਬਹੁਤ ਫੈਲ ਗਿਆ। ਅਜੇ ਤੱਕ ਮੈਂ ਮਨਾਰਕ ਮਿੱਲ ਵਿੱਚ ਹੀ ਆਪਣਾ ਨਿੱਜੀ ਕੰਮ ਕਰਦਾ ਸਾਂ। ਪਰ ਹੁਣ 24 ਘੰਟੇ ਪਾਰਟੀ ਨੂੰ ਦਿੱਤੇ ਬਗੈਰ ਕੈਲੀਫੋਰਨੀਆਂ ਵਿੱਚ ਬਕਾਇਦਾ ਜਥੇਬੰਦੀ ਨਹੀਂ ਚੱਲ ਸਕਦੀ ਸੀ। ਉਹ ਇਸ ਲਈ ਕਿ ਇੱਥੋਂ ਦਾ ਹਿੰਦੀ ਖੇਤ-ਮਜ਼ਦੂਰ ਸੀ। ਇਹਨਾਂ ਦੀਆਂ ਟੋਲੀਆਂ ਕੈਲੀਫੋਰਨੀਆਂ ਵਿੱਚ ਦੂਰ-ਦੂਰ ਤੱਕ ਫੈਲੀਆਂ ਹੋਈਆਂ ਸਨ। ਜਦ ਤੱਕ ਪੈਦਲ ਚੱਲ ਕੇ ਕੰਮ ਨਾ ਕੀਤਾ ਜਾਂਦਾ ਜਥੇਬੰਦੀ ਖੜ੍ਹੀ ਨਹੀਂ ਹੋ ਸਕਦੀ ਸੀ। ਇਸ ਲਈ ਮੈਂ ਆਪਣਾ ਨਿੱਜੀ ਕੰਮ ਛੱਡ ਦਿੱਤਾ ਤੇ ਸਾਥੀਆਂ ਦੇ ਮਿਲਵਰਤਣ ਨਾਲ ਜਥੇਬੰਦਕ ਕੰਮ ਨੂੰ ਕਿਸੇ ਹੱਦ ਤੱਕ ਪੂਰਾ ਕੀਤਾ। ਭਾਈ ਗਾਂਧਾ ਸਿੰਘ ਤੇ ਭਾਈ ਕਰਤਾਰ ਸਿੰਘ (ਦੁੱਕੀ) ਹਮੇਸ਼ਾ ਮੇਰੇ ਨਾਲ ਰਹਿੰਦੇ ਤੇ ਕਦੇ ਟਾਈਮ ਮਿਲਣ ਤੇ ਕਰਤਾਰ ਸਿੰਘ ਸਰਾਭਾ ਵੀ ਮਦਦ ਦੇ ਜਾਂਦੇ।

ਇਸ ਤੋਂ ਇਲਾਵਾ ਇੰਤਜ਼ਾਮੀਆਂ ਕਮੇਟੀ ਦੇ ਮੈਂਬਰ ਫੰਡ ਇਕੱਠਾ ਕਰਦੇ ਤੇ ਸਥਾਨਕ ਕਮੇਟੀਆਂ ਵੀ ਆਪਣੇ ਮਾਹਾਵਾਰੀ ਚੰਦੇ ਕੇਂਦਰੀ ਦਫਤਰ ਨੂੰ ਭੇਜ ਦਿੰਦੀਆਂ। ਭਾਵ ਇਹ ਕਿ ਹਰ ਪਾਰਟੀ ਮੈਂਬਰ ਥਾਂ ਪੁਰ ਥਾਂ ਆਪਣਾ ਫਰਜ਼ ਸਮਝ ਕੇ ਕੰਮ ਕਰਦਾ, ਕਿਉਂਕਿ ਹੁਣ ਮੈਂਬਰਾਂ ਨੂੰ ਆਪਣੇ ਫਰਜ਼ ਦੀ ਪੂਰੀ ਸੂਝ ਹੋ ਚੁੱਕੀ ਸੀ। ਡੰਡੇ ਦਾ ਡਿਸਿਪਲਨ (ਅਨੁਸ਼ਾਸਨ) ਨਹੀਂ ਬਲਕਿ ਸੂਝ ਦਾ ਡਿਸਿਪਲਨ ਸੀ। ਮੈਂਬਰਾਂ ਦੇ ਚੰਦੇ ਦਾ ਇਤਨਾ ਕੁ ਰੁਪਿਆ ਹਰ ਮਹੀਨੇ ਪਾਰਟੀ ਨੂੰ ਆ ਜਾਂਦਾ ਜੋ ਇਸ ਦੇ ਕੰਮ ਲਈ ਕਾਫ਼ੀ ਹੁੰਦਾ ਸੀ। ਅੱਜ ਵੀ ਮੈਨੂੰ ਆਪਣੀ ਪਾਰਟੀ (ਗ਼ਦਰ ਪਾਰਟੀ) ਤੇ ਫ਼ਖ਼ਰ ਹੈ ਕਿ ਅਸਾਂ ਜਰਮਨੀ ਜਾਂ ਕਿਸੇ ਹੋਰ ਤਾਕਤ ਦਾ ਇੱਕ ਪੈਸਾ ਵੀ ਮੇਰੀ ਪ੍ਰਧਾਨਗੀ ਦੇ ਸਮੇਂ



ਵਿੱਚ ਨਹੀਂ ਲਿਆ।

ਪਾਰਟੀ ਦੇ ਮੈਂਬਰਾਂ ਦੀ ਤਿਆਗ ਭਾਵਨਾ ਦਾ ਸਬੂਤ ਇੱਕ ਨਿੱਕੀ ਜਿਹੀ ਘਟਨਾ ਤੋਂ ਮਿਲਦਾ ਹੈ। ਇੱਕ ਵਾਰ ਆਇਰਲੈਂਡ ਦਾ ਇੱਕ ਇਨਕਲਾਬੀ ਸਾਡਾ ਦਫਤਰ ਤੇ ਛਾਪਾਖਾਨਾ ਵੇਖਣ ਆਇਆ। ਜਦੋਂ ਉਸ ਨੇ ਇਹ ਸੁਣਿਆ ਕਿ ਸਾਡੇ ਸਾਂਝੇ ਲੰਗਰ ਦਾ ਰੋਜ਼ਾਨਾ ਖ਼ਰਚ ਕੇਵਲ ਦੋ ਡਾਲਰ ਹੈ ਤਾਂ ਉਸਦੀ ਜਿਵੇਂ ਚੀਕ ਨਿਕਲ ਗਈ। ਅਸੀਂ ਕੇਵਲ ਡਬਲਰੋਟੀ ਖਰੀਦਦੇ ਸਾਂ ਤੇ ਸਬਜ਼ੀ-ਪਿਆਜ਼ ਸਾਨੂੰ ਇੱਕ ਸਾਥੀ ਦੇ ਫਾਰਮ ਤੋਂ ਮਿਲ ਜਾਂਦੇ ਸਨ। ਵਿਸਥਾਰ ਸੁਣ ਕੇ ਉਹ ਕਹਿਣ ਲੱਗਾ, "ਹੈਂ ਐਨਾ ਤਿਆਗ ? ਹੁਣ ਹਿੰਦੁਸਤਾਨ ਦੀ ਆਜ਼ਾਦੀ ਦੂਰ ਨਹੀਂ ਹੋ ਸਕਦੀ।"

ਬਾਬੂ ਹਰਨਾਮ ਸਿੰਘ ਦਾ ਸਿਆਟਲ ਅੱਡਾ, ਕੈਨੇਡਾ, ਉਰੇਗਨ ਵਾਸ਼ਿੰਗਟਨ ਤੇ ਕੈਲੀਫੋਰਨੀਆਂ ਤੋਂ ਲੈ ਕੇ ਕੈਨੇਡਾ ਤੱਕ ਇੱਕ ਮੁਹਾਜ਼ ਬਣ ਗਿਆ। ਇਸ ਕੜੀ ਨੂੰ ਮਿਲਾਣ ਵਿੱਚ ਬਾਬੂ ਹਰਨਾਮ ਸਿੰਘ ਨੇ ਕਾਫ਼ੀ ਮਦਦ ਦਿੱਤੀ। ਇਸ ਤੋਂ ਇਲਾਵਾ ਪ੍ਰੋਫੈਸਰ ਬਰਕਤ ਉੱਲਾਹ ਵਾਲਾ ਅੱਡਾ (ਜਾਪਾਨ) ਵੀ ਕਾਫੀ ਮਜ਼ਬੂਤ ਸੀ। ਚੀਨ, ਹਾਂਗਕਾਂਗ ਤੇ ਸ਼ੰਘਾਈ ਤੋਂ ਅਮਰੀਕਾ ਆਏ ਹੋਏ ਭਾਈ ਨਿਹਾਲ ਸਿੰਘ ਚੁੱਘਾ ਨੇ ਆਪਣੇ ਦੋਸਤਾਂ ਨੂੰ ਚਿੱਠੀ ਪੱਤਰ ਰਾਹੀਂ ਪ੍ਰੇਰ ਕੇ ਕਾਫ਼ੀ ਕੰਮ ਕੀਤਾ। ਡਾਕਟਰ ਮਥਰਾ ਸਿੰਘ ਦਾ ਚੀਨ ਦੇ ਇਨਕਲਾਬੀਆਂ ਨਾਲ ਕਾਫੀ ਮੇਲ ਜੋਲ ਸੀ ਤੇ ਹਿੰਦੀ ਵੀ ਇਹਨਾਂ ਦਾ ਆਦਰ ਕਰਦੇ ਸਨ। ਸ਼ੰਘਾਈ ਪੁਲੀਸ ਵਿੱਚ ਵੀ ਪਾਰਟੀ ਦੀ ਸ਼ਾਖ਼ ਬਣ ਚੁੱਕੀ ਸੀ, ਜਿਸ ਵਿੱਚ ਭਾਈ ਗੁੱਜਰ ਸਿੰਘ ਭਕਨਾ ਤੇ ਉਹਨਾਂ ਦੇ ਸਾਥੀਆਂ ਨੇ ਕਾਫੀ ਕੰਮ ਕੀਤਾ।

ਹਾਂਗਕਾਂਗ ਦੇ ਤੋਪਖਾਨੇ ਵਿੱਚ ਮਾਸਟਰ ਊਧਮ ਸਿੰਘ ਰਹਿ ਚੁੱਕੇ ਸਨ। ਉਹਨਾਂ ਨੇ ਵੀ ਆਪਣੇ ਦੋਸਤਾਂ ਨੂੰ ਚਿੱਠੀ ਪੱਤਰ ਰਾਹੀਂ ਹਮਦਰਦ ਬਣਾ ਲਿਆ। (ਨੋਟ :- ਏਥੇ ਮੈਂ ਉਹ ਮੋਟੇ-ਮੋਟੇ ਹਾਲਾਤ ਬਿਆਨ ਕੀਤੇ ਹਨ ਜੋ ਇੱਥੇ ਜ਼ਰੂਰੀ ਹਨ ਤੇ ਜੋ ਮੇਰੇ ਸਾਹਮਣੇ ਵਾਪਰੇ ਹਨ। ਜ਼ਿਆਦਾ ਵਿਸਥਾਰ ਗ਼ਦਰ ਪਾਰਟੀ ਦੇ ਇਤਿਹਾਸ ਵਿੱਚੋਂ ਮਿਲ ਸਕਦਾ ਹੈ।)

ਭਾਈ ਭਗਵਾਨ ਸਿੰਘ ਜੋ ਹਾਂਗਕਾਂਗ ਦੇ ਗੁਰਦਵਾਰੇ ਵਿੱਚ ਗ੍ਰੰਥੀ ਸਨ, ਇਨਕਲਾਬੀ ਖ਼ਿਆਲ ਰੱਖਣ ਵਾਲੇ ਸਨ ਤੇ ਉਹਨਾਂ ਨੇ ਹਾਂਗਕਾਂਗ ਦੀ ਫੌਜ ਵਿੱਚ ਕਾਫੀ ਕੰਮ ਕੀਤਾ। ਇਸ ਤਰ੍ਹਾਂ ਸਿੰਘਾਪੁਰ, ਪੀਨਾਂਗ, ਬਰਮਾ ਤੇ ਸਿਆਮ ਵਿੱਚ ਵੀ ਸੋਹਨ ਲਾਲ ਪਾਠਕ ਤੇ ਉਨ੍ਹਾਂ ਦੇ ਸਾਥੀਆਂ ਨੇ ਬਹੁਤ ਅੱਛਾ ਕੰਮ ਕੀਤਾ। ਬਾਬੂ ਅਮਰ ਸਿੰਘ (ਇੰਜੀਨੀਅਰ)-ਜੋ ਜਰਮਨ ਕੰਪਨੀ ਹੇਠਾਂ ਸਿਆਮ ਵਿੱਚ ਰੇਲਵੇ ਲਾਈਨ ਵਿਛਾਉਣ ਦਾ ਕੰਮ ਕਰ ਰਹੇ ਸਨ-ਰਾਹੀਂ ਜਰਮਨ ਕੰਪਨੀ ਦੀ ਮਦਦ ਨਾਲ ਬਰਮਾ ਤੇ ਸਿਆਮ ਵਿੱਚ ਹਥਿਆਰ ਲਿਆਂਦੇ ਜਾ ਰਹੇ ਸਨ।

ਅਮਰੀਕਾ ਤੇ ਕੈਨੇਡਾ ਦੀਆਂ ਹੱਦਾਂ ਆਪੋ ਵਿੱਚ ਮਿਲਦੀਆਂ ਸਨ। ਖ਼ੁਫ਼ੀਆ ਤੌਰ 'ਤੇ ਆਦਮੀ ਇੱਕ ਤੋਂ ਦੂਜੇ ਪਾਸ ਆ ਜਾ ਸਕਦੇ ਸਨ। ਏਥੇ ਕੋਈ ਰੁਕਾਵਟ ਨਹੀਂ ਸੀ ਤੇ ਕੈਨੇਡਾ ਵਿੱਚ ਵੀ ਪਾਰਟੀ ਦੀਆਂ ਕਈ ਸਾਖ਼ਾਂ ਖੁੱਲ੍ਹ ਚੁੱਕੀਆਂ ਸਨ। ਚੰਦੇ ਆਉਂਦੇ ਤੇ ਪਾਰਟੀ ਦਾ ਅਖ਼ਬਾਰ ਤੇ ਹੋਰ ਸਾਹਿਤ ਵੀ ਨੇਮ ਨਾਲ ਪਹੁੰਚਦਾ ਸੀ। ਪਾਰਟੀ ਦੀਆਂ ਹਦਾਇਤਾਂ ਵੀ ਬਕਾਇਦਾ ਪਹੁੰਚਦੀਆਂ ਸਨ। ਦੂਸਰੇ ਟਾਪੂਆਂ ਨੂੰ ਛੱਡ ਕੇ ਅਮਰੀਕਾ ਵਿੱਚ ਕੈਲੀਫੋਰਨੀਆਂ ਅਤੇ ਕੈਨੇਡਾ ਸਮੇਤ, ਮੇਰੇ ਵਕਤ ਵਿੱਚ

72 ਸ਼ਾਖਾਂ ਸਨ ਜੋ ਬਾਕਾਇਦਾ ਕੰਮ ਕਰਦੀਆਂ ਸਨ।

**ਲਾਲਾ ਹਰਦਿਆਲ** - ਜਦ ਹਿੰਦੁਸਤਾਨ ਦੇ ਬਾਹਰਲੇ ਟਾਪੂਆਂ ਵਿੱਚ ਵੀ ਅੰਗਰੇਜ਼ ਦੇ ਵਿਰੁੱਧ ਪਾਰਟੀ ਨੇ ਇੱਕ ਜਾਲ ਵਿਛਾ ਦਿੱਤਾ ਤੇ ਸੀ. ਆਈ. ਡੀ. ਰਾਹੀਂ ਸਰਕਾਰ ਨੂੰ ਇਸ ਦੀ ਰਿਪੋਰਟ ਪਹੁੰਚੀ ਤਾਂ ਅੰਗਰੇਜ਼ੀ ਸਰਕਾਰ ਘਬਰਾ ਗਈ, ਉਸਨੇ ਦੋਸਤੀ ਦੀ ਸੰਧੀ ਅਨੁਸਾਰ ਅਮਰੀਕਨ ਸਰਕਾਰ ਤੇ ਦਬਾਅ ਪਾਇਆ ਕਿ ਉਹ ਗ਼ਦਰ ਪਾਰਟੀ ਦੇ ਕੰਮ ਨੂੰ ਬੰਦ ਕਰਾਏ। ਅੰਗਰੇਜ਼ੀ ਸਰਕਾਰ ਨੂੰ ਇਹ ਭੁਲੇਖਾ ਸੀ ਕਿ ਗ਼ਦਰ ਪਾਰਟੀ ਨੂੰ ਚਲਾਉਣ ਵਾਲਾ ਹਰਦਿਆਲ ਹੀ ਹੈ। ਲੇਕਿਨ ਬਾਅਦ ਵਿੱਚ ਉਹਨਾਂ ਦਾ ਇਹ ਭੁਲੇਖਾ ਲਹਿ ਗਿਆ। ਲਾਲਾ ਹਰਦਿਆਲ ਉੱਪਰ ਅਮਰੀਕਨ ਸਰਕਾਰ ਵੱਲੋਂ ਮੁਕੱਦਮਾ ਚਲਾਇਆ ਗਿਆ ਕਿ ਉਸ ਨੇ (ਪਾਰਟੀ ਵਿੱਚ ਆਉਣੋਂ ਪਹਿਲਾਂ) ਅਨਾਰਕਿਜ਼ਮ (ਅਰਾਜਕਤਾਵਾਦ) ਤੇ ਇੱਕ ਲੈਕਚਰ ਦਿੱਤਾ ਸੀ ਜੋ ਅਮਰੀਕਨ ਸਰਕਾਰ ਦੇ ਵਿਰੁੱਧ ਸੀ। ਲਾਲਾ ਹਰਦਿਆਲ ਦੇ ਵਰੰਟ ਨਿਕਲੇ ਤੇ ਪੁਲੀਸ ਦੇ ਵਰੰਟ ਲਿਆਉਣ ਤੇ ਪਾਰਟੀ ਨੇ ਇੱਕ ਹਜ਼ਾਰ ਡਾਲਰ ਦੀ ਨਕਦ ਜ਼ਮਾਨਤ ਦੇ ਕੇ ਅਦਾਲਤ ਵਿੱਚ ਪੇਸ਼ ਹੋਣ ਲਈ ਲਾਲਾ ਹਰਦਿਆਲ ਦੇ ਦਸਖ਼ਤ ਕਰਾ ਦਿੱਤੇ। ਅਮਰੀਕਨ ਅਖ਼ਬਾਰਾਂ ਨੇ ਅਮਰੀਕਨ ਸਰਕਾਰ ਦੇ ਵਿਰੁੱਧ ਅਤੇ ਹਰਦਿਆਲ ਦੇ ਹੱਕ ਵਿੱਚ ਬਹੁਤ ਕੁਝ ਲਿਖਿਆ। ਇੱਥੋਂ ਤੱਕ ਲਿਖਿਆ ਗਿਆ ਕਿ ਅਮਰੀਕਾ, ਅੰਗਰੇਜ਼ ਦੇ ਬੂਟ ਚੱਟ ਰਿਹਾ ਹੈ। ਮੁਲਕ ਦੀ ਜਮਹੂਰੀਅਤ ਨੂੰ ਬਦਨਾਮ ਕਰ ਰਿਹਾ ਹੈ। ਕਈ ਅਮਰੀਕਨ ਦੋਸਤਾਂ ਨੇ ਸਲਾਹ ਦਿੱਤੀ ਕਿ ਹੁਣ ਅਮਰੀਕਨ ਸਰਕਾਰ ਦੋਸਤੀ ਦੀ ਸੰਧੀ ਦੀ ਆੜ ਲੈ ਕੇ ਲਾਲਾ ਹਰਦਿਆਲ ਸਿੰਘ ਨੂੰ ਜ਼ਰੂਰ ਹੀ ਦੇਸ਼-ਨਿਕਾਲਾ ਦੇ ਦਏਗੀ। ਚੰਗਾ ਹੋਵੇ ਜੇ ਖੁਦ ਪਾਰਟੀ ਹੀ ਹਰਦਿਆਲ ਨੂੰ ਕਿਸੇ ਮਹਿਫੂਜ਼ ਜਗ੍ਹਾ ਭੇਜ ਦੇਵੇ। ਪਾਰਟੀ ਨੇ ਫੈਸਲਾ ਕੀਤਾ ਕਿ ਇੱਕ ਹਜ਼ਾਰ ਡਾਲਰ ਦੀ ਨਕਦ ਜ਼ਮਾਨਤ ਜ਼ਬਤ ਹੋਣ ਦਿੱਤੀ ਜਾਵੇ ਤੇ ਲਾਲਾ ਹਰਦਿਆਲ ਨੂੰ ਸਵਿਟਜ਼ਰਲੈਂਡ (ਯੂਰਪ) ਭੇਜ ਦਿੱਤਾ ਜਾਵੇ। ਸੋ ਇਸ ਤਰ੍ਹਾਂ ਹੀ ਕੀਤਾ ਗਿਆ ਤੇ ਸਾਰਾ ਬੰਦੋਬਸਤ ਕਰਕੇ ਲਾਲਾ ਹਰਦਿਆਲ ਨੂੰ ਸਵਿਟਜ਼ਰਲੈਂਡ ਭੇਜ ਦਿੱਤਾ ਗਿਆ। ਇਸ ਤੋਂ ਪਿੱਛੋਂ ਲਾਲਾ ਹਰਦਿਆਲ ਦਾ ਪਾਰਟੀ ਦੇ ਨਾਲ ਕੋਈ ਸਬੰਧ ਜਾਂ ਚਿੱਠੀ ਪੱਤਰ ਨਹੀਂ ਰਿਹਾ। ਪਰ ਲਾਲਾ ਹਰਦਿਆਲ ਦਾ ਸਾਢੇ ਪੰਜ ਮਹੀਨੇ ਦਾ ਅਖ਼ਬਾਰ ਸਬੰਧੀ ਤੇ ਦਫ਼ਤਰੀ ਕੰਮ ਗ਼ਦਰ ਪਾਰਟੀ ਦੇ ਇਤਿਹਾਸ ਵਿੱਚ ਹਮੇਸ਼ਾ ਜ਼ਿੰਦਾ ਰਹੇਗਾ।

(**ਨੋਟ** :- ਹੋਰ ਵਿਸਥਾਰ ਲਈ ਗ਼ਦਰ ਪਾਰਟੀ ਦਾ ਇਤਿਹਾਸ ਵੇਖੋ।)

ਲਾਲਾ ਹਰਦਿਆਲ ਪਿੱਛੋਂ ਭਾਈ (ਕਾਮਰੇਡ) ਸੰਤੋਖ ਸਿੰਘ ਜਨਰਲ ਸਕੱਤਰ ਤੇ ਲਾਲਾ ਜੀ ਦੀ ਜਗ੍ਹਾ ਕਮਿਸ਼ਨ ਦੇ ਮੈਂਬਰ ਚੁਣੇ ਗਏ। ਭਾਈ ਸੰਤੋਖ ਸਿੰਘ ਚੰਗੇ ਮਿਹਨਤੀ, ਈਮਾਨਦਾਰ ਤੇ ਸੂਝਵਾਨ ਸਾਥੀ ਸਨ। ਲਾਲਾ ਹਰਦਿਆਲ ਦੇ ਵੇਲੇ ਅਖ਼ਬਾਰ ਤੇ ਦਫ਼ਤਰ ਦਾ ਕੰਮ ਲਾਲਾ ਜੀ ਦੀ ਨਿਗਰਾਨੀ ਵਿੱਚ ਹੁੰਦਾ ਸੀ। ਪਰ ਹੁਣ ਕੰਮ ਏਨਾ ਵਧ ਗਿਆ ਸੀ ਕਿ ਉਰਦੂ, ਹਿੰਦੀ, ਪੰਜਾਬੀ, ਗੁਜਰਾਤੀ ਜ਼ਬਾਨਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਅਖ਼ਬਾਰ ਛਪਣ ਲੱਗਾ। ਇਸ ਲਈ ਇੰਤਜ਼ਾਮੀਆਂ ਕਮੇਟੀ ਨੇ ਕੰਮ ਦੀ ਸਹੂਲਤ ਲਈ ਇਸ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਦਫ਼ਤਰ ਦਾ ਕੰਮ ਜਨਰਲ ਸਕੱਤਰ ਭਾਈ ਸੰਤੋਖ ਸਿੰਘ ਚਲਾਉਂਦੇ ਤੇ ਅਖ਼ਬਾਰ ਦਾ ਕੰਮ ਮੁੱਖ



ਸੰਪਾਦਕ ਹਰਨਾਮ ਸਿੰਘ ਟੁੰਡੀ ਲਾਟ ਤੇ ਉਨ੍ਹਾਂ ਦੇ ਸਹਾਇਕ ਕਰਤਾਰ ਸਿੰਘ ਸਰਾਭਾ, ਰਾਮ ਚੰਦਰ ਤੇ ਸੋਹਨ ਲਾਲ ਪਾਠਕ। ਵਕਤ ਕੱਢ ਕੇ ਹੋਰ ਵਿਦਿਆਰਥੀ ਵੀ ਕੰਮ ਵਿੱਚ ਸਹਾਇਤਾ ਦੇਂਦੇ ਸਨ। ਅਖ਼ਬਾਰਾਂ ਭੇਜਣ ਦਾ ਕੰਮ ਪੰਡਤ ਜਗਤ ਰਾਮ ਦੀ ਨਿਗਰਾਨੀ ਵਿੱਚ ਹੁੰਦਾ ਸੀ ਤੇ ਉਹਨਾਂ ਦੀ ਸਹਾਇਤਾ ਲਈ ਇੱਕ ਕਮੇਟੀ ਸੀ।

ਪ੍ਰੈੱਸ ਦੇ ਇੰਚਾਰਜ ਬਸੰਤ ਸਿੰਘ (ਜ਼ਿਲ੍ਹਾ ਜਲੰਧਰ) ਸਨ ਤੇ ਉਹਨਾਂ ਦੇ ਨਾਲ ਇੱਕ ਕਮੇਟੀ ਸੀ ਜਿਸ ਵਿੱਚ ਕਰਤਾਰ ਸਿੰਘ (ਦੁੱਕੀ), ਪ੍ਰਿਥਵੀ ਸਿੰਘ ਤੇ ਹੋਰ ਸਾਥੀ ਸਨ।

ਗ਼ਦਰ ਪਾਰਟੀ ਦੇ ਜਨਤਕ ਖ਼ਰਚ ਤੇ ਆਮਦਨੀ ਦੀ ਰਿਪੋਰਟ ਹਰ ਮਹੀਨੇ ਛਪ ਕੇ ਸਥਾਨਕ ਕਮੇਟੀਆਂ ਨੂੰ ਪਹੁੰਚ ਜਾਂਦੀ ਸੀ। ਪਰ ਛਪਣੋਂ ਪਹਿਲਾਂ ਇੰਤਜ਼ਾਮੀਆਂ ਕਮੇਟੀ ਵਿੱਚ ਪੇਸ਼ ਹੋ ਕੇ ਪਾਸ ਹੁੰਦੀ ਸੀ ਤੇ ਫਿਰ ਛਪਦੀ ਸੀ। ਕਮਿਸ਼ਨ (ਤਿੰਨ ਮੈਂਬਰੀ ਖੁਫੀਆ ਕਮੇਟੀ) ਦਾ ਹਿਸਾਬ ਖੁਫ਼ੀਆ ਸੀ। ਜਦ ਵੀ ਕਮਿਸ਼ਨ ਖ਼ਤਰੇ ਤੋਂ ਖਾਲੀ ਸਮਝੇ ਉਹ ਰਿਪੋਰਟ ਤਾਂ ਹੀ ਪੇਸ਼ ਕਰੇ। ਇਹ ਹੱਕ ਕਮਿਸ਼ਨ ਨੂੰ ਪਾਰਟੀ ਨੇ ਦੇ ਰੱਖਿਆ ਸੀ।

ਲਾਲਾ ਹਰਦਿਆਲ ਬਾਰੇ ਜਿਹੜਾ ਅੰਗਰੇਜ਼ੀ ਸਰਕਾਰ ਦਾ ਖਿਆਲ ਸੀ ਕਿ ਲਾਲਾ ਜੀ ਦੇ ਨਿਖੜਨ ਪਿੱਛੋਂ ਗ਼ਦਰ ਪਾਰਟੀ ਖ਼ੁਦਬਖ਼ੁਦ ਖ਼ਤਮ ਹੋ ਜਾਵੇਗੀ, ਗਲਤ ਨਿਕਲਿਆ। ਲਾਲਾ ਹਰਦਿਆਲ ਦੇ ਚਲੇ ਜਾਣ ਪਿੱਛੋਂ ਵੀ ਪਾਰਟੀ ਦੀ ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਹੋਈ। ਇਸ ਦਾ ਕਾਰਨ ਸਾਫ਼ ਹੀ ਸੀ-ਉਹ ਇਹ ਕਿ ਗ਼ਦਰ ਪਾਰਟੀ ਇੱਕ ਅਜਿਹੇ ਸੰਜੀਦਾ ਹਾਲਾਤ ਵਿੱਚੋਂ ਲੰਘ ਕੇ ਹੋਂਦ ਵਿੱਚ ਆਈ ਸੀ-ਜਿਸ ਨੇ ਇਸ ਦੇ ਮੈਂਬਰਾਂ ਨੂੰ ਅਮਲੀ ਤੌਰ 'ਤੇ ਗੁਲਾਮੀ ਦਾ ਅਹਿਸਾਸ ਕਰਾ ਦਿੱਤਾ ਸੀ। ਉਹ ਆਜ਼ਾਦੀ ਦੇ ਸੱਚੇ ਆਸ਼ਕ ਬਣ ਚੁੱਕੇ ਸਨ। ਉਹਨਾਂ ਇੱਕੋ ਹੀ ਸਬਕ ਗ੍ਰਹਿਣ ਕਰ ਲਿਆ ਸੀ-'ਆਜ਼ਾਦੀ ਜਾਂ ਮੌਤ'। ਗ਼ਦਰ ਪਾਰਟੀ ਦਾ ਇਤਿਹਾਸ ਇਸਦਾ ਜਿਉਂਦਾ ਜਾਗਦਾ ਸਬੂਤ ਹੈ।

**ਰਾਮ ਚੰਦਰ ਪਸ਼ਾਉਰੀ** :- ਰਾਮ ਚੰਦਰ ਪਸ਼ਾਉਰੀ ਸੰਨ 1912 ਦੇ ਸਿਆਲ ਦੇ ਸ਼ੁਰੂ ਵਿੱਚ ਪਤਨੀ ਸਮੇਤ ਸੈਂਟਜੋਨ ਪੰਡਤ ਕਾਂਸ਼ੀ ਰਾਮ ਪਾਸ ਆ ਪਹੁੰਚਿਆ। ਇਹ ਆਪਣੇ ਆਪ ਨੂੰ ਕਿਸੇ ਹਿੰਦੂ ਅਖ਼ਬਾਰ ਦਾ ਸੰਪਾਦਕ ਵੀ ਦੱਸਦਾ ਸੀ ਤੇ ਇਹ ਵੀ ਕਹਿੰਦਾ ਸੀ ਕਿ ਮੈਂ ਅੰਗਰੇਜ਼ਾਂ ਵਿਰੁੱਧ ਕਈ ਲੇਖ ਲਿਖੇ ਜਿਸ ਕਰਕੇ ਅੰਗਰੇਜ਼ਾਂ ਨੇ ਵਰੰਟ ਕੱਢ ਦਿੱਤੇ ਤੇ ਮੈਂ ਫੜੇ ਜਾਣ ਦੀ ਬਜਾਏ ਦੇਸ਼ ਨਿਕਾਲੇ ਨੂੰ ਬਿਹਤਰ ਜਾਣ ਕੇ ਦੇਸ਼ ਛੱਡ ਦਿੱਤਾ। ਪੰਡਤ ਕਾਂਸ਼ੀ ਰਾਮ ਨੇ ਇਹਨੂੰ ਲੱਕੜੀ ਦੇ ਕੰਮ ਤੇ ਲਾ ਦਿੱਤਾ ਕਿਉਂਕਿ ਇਸ ਮਿੱਲ ਵਿੱਚ ਕਾਂਸ਼ੀ ਰਾਮ ਦਾ ਲੱਕੜੀ ਲਦਾਉਣ ਦਾ ਠੇਕਾ ਸੀ। ਅਮਰੀਕਾ ਵਿੱਚ ਬਰਫ ਪੈਣ ਕਰਕੇ ਬਹੁਤ ਸਰਦੀ ਹੁੰਦੀ ਹੈ ਜਿਸ ਨੂੰ ਰਾਮ ਚੰਦਰ ਦਾ ਦੁਬਲਾ ਪਤਲਾ ਸਰੀਰ ਝੱਲ ਨਾ ਸਕਿਆ ਤੇ ਬੀਮਾਰ ਪੈ ਗਿਆ। ਉਸ ਦੇ ਹੱਥਾਂ ਦੀਆਂ ਉਂਗਲਾਂ ਆਕੜ ਗਈਆਂ ਤੇ ਕੰਮ ਕਰਨੋਂ ਰਹਿ ਗਿਆ। ਅਖ਼ੀਰ ਜੋ ਉਸ ਪਾਸ ਹੈ ਸੀ ਖਰਚ ਹੋ ਗਿਆ। ਪੰਡਤ ਕਾਂਸ਼ੀ ਰਾਮ ਨੇ ਦੋਹਾਂ (ਪਤੀ-ਪਤਨੀ) ਦਾ ਖ਼ਰਚ ਛੇ ਮਹੀਨੇ ਆਪਣੇ ਪਾਸੋਂ ਦਿੱਤਾ। ਆਖ਼ਰ ਕਦ ਤਕ ਦੂਸਰੇ ਦਾ ਭਾਰ ਚੁੱਕਿਆ ਜਾ ਸਕਦਾ ਹੈ ਤੇ ਉਹ ਵੀ ਅਮਰੀਕਾ ਵਿੱਚ ? ਪੰਡਤ ਕਾਂਸ਼ੀ ਰਾਮ ਨੇ ਮੈਨੂੰ ਖ਼ਤ ਲਿਖਿਆ ਜਿਸ ਵਿੱਚ ਰਾਮ ਚੰਦਰ ਦੀ ਬਿਮਾਰੀ ਦਾ ਜ਼ਿਕਰ ਕੀਤਾ। ਮੈਂ ਸੈਂਟਜੋਨ ਪਹੁੰਚਿਆ ਤੇ ਰਾਮ

ਚੰਦਰ ਦੀ ਹਾਲਤ ਵੇਖੀ। ਰਾਮ ਚੰਦਰ ਰੋ ਪਿਆ। ਮੈਂ ਉਸਨੂੰ ਦਿਲਾਸਾ ਦਿੱਤਾ ਤੇ ਵਾਪਸ ਮਨਾਰਕ ਮਿੱਲ ਪਹੁੰਚ ਕੇ ਹੱਥੋ-ਹੱਥ ਇੱਕ ਸੌ ਡਾਲਰ ਇਕੱਠਾ ਕਰਕੇ ਊਧਮ ਸਿੰਘ ਕਸੇਲ ਦੇ ਹੱਥ ਭੇਜ ਦਿੱਤਾ। ਪਰ ਇਲਾਜ ਨਾਲ ਵੀ ਉਹ ਠੀਕ ਨਾ ਹੋਇਆ ਤੇ ਡਾਕਟਰਾਂ ਸਲਾਹ ਦਿੱਤੀ ਕਿ ਇਹਨੂੰ ਗਰਮ ਥਾਂ ਤੇ ਰਹਿਣ ਨਾਲ ਸ਼ਾਇਦ ਆਰਾਮ ਆ ਜਾਵੇ।

ਏਨੇ ਤੱਕ ਦਫਤਰ ਸ਼ੁਰੂ ਹੋ ਚੁੱਕਿਆ ਸੀ। ਕਾਂਸ਼ੀ ਰਾਮ ਤੇ ਮੈਂ ਲਾਲਾ ਹਰਦਿਆਲ ਨੂੰ ਰਾਮ ਚੰਦਰ ਬਾਰੇ ਲਿਖਿਆ। ਉਹਨਾਂ ਕਿਹਾ ਕਿ ਭੇਜ ਦਿਉ। ਦੋਹਾਂ ਪਤੀ-ਪਤਨੀ ਨੂੰ ਸਾਨ ਫਰਾਂਸਿਸਕੋ ਯੁਗਾਂਤਰ ਆਸ਼ਰਮ ਭੇਜ ਦਿੱਤਾ। ਲਾਲਾ ਹਰਦਿਆਲ ਨੇ ਇੱਕ ਕਮਰਾ ਵੀ ਉਹਨਾਂ ਨੂੰ ਦੇ ਦਿੱਤਾ। ਅਸਾਂ ਲਾਲਾ ਜੀ ਨੂੰ ਇਹ ਵੀ ਲਿਖ ਭੇਜਿਆ ਸੀ ਕਿ ਇਹਦੀ ਦਵਾਈ ਅਤੇ ਖਾਣੇ ਦਾ ਖ਼ਰਚ ਤੁਸੀਂ ਪਾਰਟੀ ਫੰਡ ਵਿੱਚੋਂ ਕਰ ਸਕਦੇ ਹੋ। ਉਹਨਾਂ ਨੇ ਸਭ ਬੰਦੋਬਸਤ ਠੀਕ ਕਰ ਦਿੱਤਾ। ਇੱਥੋਂ ਤੱਕ ਉਸਦੀ ਪਤਨੀ ਨੂੰ ਨਾਈਟ ਸਕੂਲ ਵਿੱਚ ਪੜ੍ਹਨ ਲਈ ਦਾਖ਼ਲ ਕਰਾ ਦਿੱਤਾ। ਹੁਣ ਰਾਮ ਚੰਦਰ ਦੀਆਂ ਉਂਗਲਾਂ ਵੀ ਕੁਝ ਕੰਮ ਕਰਨ ਲੱਗੀਆਂ ਤੇ ਲਾਲਾ ਹਰਦਿਆਲ ਦੇ ਜਾਣ ਪਿੱਛੋਂ ਅਖ਼ਬਾਰ ਵਿੱਚ ਇਸ ਨੂੰ ਕੰਮ ਵੀ ਦਿੱਤਾ ਗਿਆ। ਜਦ ਮੈਂ ਆਸ਼ਰਮ ਤੋਂ ਹਿੰਦੁਸਤਾਨ ਨੂੰ ਆਪਣੀ ਡਿਊਟੀ ਲਈ ਚਲਿਆ ਤਾਂ ਰਾਮ ਚੰਦਰ ਦੀ ਹਾਲਤ ਵੀ ਠੀਕ ਹੋ ਗਈ ਸੀ ਤੇ ਅਖਬਾਰ ਵਿੱਚ ਕੰਮ ਵੀ ਕਰਦਾ ਸੀ। (ਨੋਟ :-ਬਾਅਦ ਵਿੱਚਜੋ ਉਸ ਦਾ ਹਸ਼ਰ ਹੋਇਆ ਉਹ ਗ਼ਦਰ ਪਾਰਟੀ ਦੇ ਇਤਿਹਾਸ ਵਿੱਚ ਬਿਆਨ ਕੀਤਾ ਗਿਆ ਹੈ, ਕਿਉਂਕਿ ਇੱਥੇ ਮੇਰਾ ਮਤਲਬ ਇਤਿਹਾਸ ਲਿਖਣਾ ਨਹੀਂ, ਆਪਣਾ ਜੀਵਨ ਸੰਗਰਾਮ ਲਿਖਣਾ ਹੈ।)

**ਫੌਜੀ ਸਿੱਖਿਆ :-** ਹੁਣ ਲਾਲਾ ਹਰਦਿਆਲ ਦੇ ਚਲੇ ਜਾਣ ਪਿੱਛੋਂ ਮੈਂ ਬਹੁਤਾ ਵਕਤ ਆਸ਼ਰਮ ਨੂੰ ਹੀ ਦੇਣ ਲੱਗ ਪਿਆ। ਦਫ਼ਤਰ ਦੇ ਕੰਮ ਤੋਂ ਇਲਾਵਾ ਭਾਈ ਸੰਤੋਖ ਸਿੰਘ ਨੇ ਜਥੇਬੰਦੀ ਦੇ ਕੰਮ ਵਿੱਚ ਵੀ ਕਾਫ਼ੀ ਹੱਥ ਵੰਡਾਇਆ। ਅਖ਼ਬਾਰੀ ਪ੍ਰਚਾਰ ਪਿੱਛੋਂ ਜਥੇਬੰਦੀ ਦੀ ਲੋੜ ਹੁੰਦੀ ਹੈ ਅਤੇ ਜਥੇਬੰਦੀ ਪਿੱਛੋਂ ਅਮਲ ਦੀ। ਇਸ ਲਈ ਕਮਿਸ਼ਨ ਨੇ ਅਮਲੀ ਤਿਆਰੀ ਵੱਲ ਧਿਆਨ ਦਿੱਤਾ ਅਤੇ ਆਉਣ ਵਾਲੇ ਸਮੇਂ ਵਿੱਚ ਹਵਾਈ ਤਾਕਤ ਦੀ ਮਹਾਨਤਾ ਨੂੰ ਮਹਿਸੂਸ ਕੀਤਾ। ਨਾਲ ਹੀ ਫੌਜੀ ਸਿਖਲਾਈ ਦਾ ਪ੍ਰੋਗਰਾਮ ਬਣਾਇਆ। ਦੋ ਜਰਨੈਲ, ਕਰਤਾਰ ਸਿੰਘ ਸਰਾਭਾ ਤੇ ਮਾਸਟਰ ਊਧਮ ਸਿੰਘ ਚੁਣੇ ਗਏ। ਕਰਤਾਰ ਸਿੰਘ ਨੂੰ ਹਵਾਈ ਜਹਾਜ਼ ਉਡਾਉਣ ਦੀ ਸਿਖਲਾਈ ਲਈ ਇੱਕ ਜਰਮਨ ਕੰਪਨੀ ਕੋਲ ਸਾਨਫਰਾਂਸਿਸਕੋ ਦੇ ਜਰਮਨ ਕੌਂਸਲਰ ਰਾਹੀਂ ਭੇਜਿਆ। ਇਹ ਜਰਮਨ ਕੌਂਸਲਰ ਨਾਲ ਪਹਿਲੀ ਗੱਲਬਾਤ ਸੀ-ਜਿਹੜੀ ਭਾਈ ਸੰਤੋਖ ਸਿੰਘ ਰਾਹੀਂ ਹੋਈ। ਮਾਸਟਰ ਊਧਮ ਸਿੰਘ ਹਾਂਗਕਾਂਗ ਦੇ ਤੋਪਖਾਨੇ ਵਿੱਚ ਨੌਕਰੀ ਕਰ ਚੁੱਕੇ ਸਨ ਤੇ ਨਿਸ਼ਾਨੇਬਾਜ਼ੀ ਤੇ ਫੌਜੀ ਵਿਦਿਆ ਦੇ ਦੂਜੇ ਢੰਗਾਂ ਦੇ ਵੀ ਉਸਤਾਦ ਸਨ। ਫੌਜੀ ਕੰਮ ਸਿੱਖਣ ਵਾਲੇ ਜਥੇ ਨੂੰ ਮਾਸਟਰ ਊਧਮ ਸਿੰਘ ਦੇ ਸਪੁਰਦ ਕੀਤਾ ਗਿਆ ਜਿਹੜਾ ਭਾਈ ਸੰਤੋਖ ਸਿੰਘ ਤੇ ਭਾਈ ਜਵਾਲਾ ਸਿੰਘ ਦੇ ਫਾਰਮਾਂ ਤੇ ਕੰਮ ਸਿੱਖਣ ਲੱਗਾ। ਬੰਬ ਬਣਾਉਣ ਤੇ ਪੁਲ ਉਡਾਉਣ ਵਾਲੇ ਦਾਰੂ (ਡਾਈਨਾਮਾਈਟ) ਤਿਆਰ ਕਰਨ ਵਾਲੇ ਕੰਮ ਨੂੰ ਸਿਖਾਉਣ ਲਈ ਇੱਕ ਆਇਰਿਸ਼ ਇਨਕਲਾਬੀ ਦੇਸ਼ ਭਗਤ ਨੇ ਜ਼ਿੰਮੇਵਾਰੀ



ਲਈ, ਜਿਸ ਦੀ ਨਿਸ਼ਾਨੀ ਭਾਈ ਹਰਨਾਮ ਸਿੰਘ ਟੁੰਡੀਲਾਟ ਦਾ ਹੱਥ ਹੈ, ਜੋ ਬੰਬ ਬਣਾਉਂਦਿਆਂ ਉੱਡ ਗਿਆ ਸੀ। ਜਿਸ ਦਿਨ ਹਰਨਾਮ ਸਿੰਘ ਦੀ ਬਾਂਹ ਉੱਡੀ ਅਤੇ ਉੱਹ ਟੁੰਡੀਲਾਟ ਬਣਿਆ ਮੈਂ ਉਸ ਦੇ ਕੋਲ ਸਾਂ। ਆਪਣੀ ਪੱਗ ਲਾਹ ਕੇ ਮੈਂ ਉਸ ਨੂੰ ਬੰਨ੍ਹੀ ਸੀ। ਦੂਸਰੇ ਆਮ ਮੈਂਬਰਾਂ ਨੂੰ ਪਸਤੌਲ ਤੇ ਬੰਦੂਕ ਸਿੱਖਣ ਲਈ ਕਿਹਾ ਗਿਆ।

**ਭਾਈ ਭਗਵਾਨ ਸਿੰਘ** - ਭਾਈ ਭਗਵਾਨ ਸਿੰਘ ਹਾਂਗਕਾਂਗ ਦੇ ਗੁਰਦਵਾਰੇ ਤੋਂ ਗ੍ਰੰਥੀ ਦੀ ਨੌਕਰੀ ਛੱਡ ਕੇ ਕੈਨੇਡਾ ਵਿੱਚ ਆ ਗਏ। ਇਹਨਾਂ ਵਿੱਚ ਇਨਕਲਾਬੀ ਵਿਚਾਰ ਤੇ ਸੂਝ ਚੰਗੀ ਸੀ ਤੇ ਚੰਗੇ ਬੁਲਾਰੇ ਸਨ। ਉਹਨਾਂ ਨੇ ਕੈਨੇਡਾ ਵਾਲਿਆਂ ਨੂੰ ਗ਼ਦਰ ਪਾਰਟੀ ਦੀ ਲਾਈਨ ਤੇ ਕੰਮ ਕਰਨ ਲਈ ਪ੍ਰੇਰਿਆ। ਇਨਕਲਾਬੀ ਧੜਾ ਉਹਨਾਂ ਨਾਲ ਸਹਿਮਤ ਹੋ ਗਿਆ ਤੇ ਸੁਧਾਰਵਾਦੀ ਧੜਾ ਤੇ ਅਖ਼ਬਾਰ ਫੇਲ੍ਹ ਹੋ ਗਏ। ਇਸ ਤੇ ਸੀ. ਆਈ. ਡੀ. ਨੂੰ ਪਿੱਸੂ ਪੈ ਗਏ ਤੇ ਉਸ ਨੇ ਕੈਨੇਡਾ ਸਰਕਾਰ ਕੋਲ ਭਾਈ ਭਗਵਾਨ ਸਿੰਘ ਨੂੰ ਕੈਨੇਡਾ ਵਿੱਚੋਂ ਕੱਢ ਦੇਣ ਦੀ ਸਿਫਾਰਸ਼ ਕੀਤੀ। ਕੈਨੇਡਾ ਸਰਕਾਰ ਨੇ ਹਿੰਦੀਆਂ ਤੋਂ ਚੋਰੀ-ਚੋਰੀ ਇੱਕ ਤੁਰਨ ਵਾਲੇ ਜਹਾਜ਼ ਉੱਪਰ ਉਹਨਾਂ ਨੂੰ ਬਿਠਾ ਕੇ ਕੈਨੇਡਾ ਤੋਂ ਕੱਢਣ ਦੇ ਹੁਕਮ ਜਾਰੀ ਕਰ ਦਿੱਤੇ। ਜਦ ਤੱਕ ਹਿੰਦੀਆਂ ਨੂੰ ਪਤਾ ਲੱਗਾ, ਜਹਾਜ਼ ਜਾ ਚੁੱਕਾ ਸੀ। ਜਦ ਇਹ ਜਹਾਜ਼ ਯੋਕੋਹਾਮਾ (ਜਪਾਨ) ਦੀ ਬੰਦਰਗਾਹ ਤੇ ਆ ਕੇ ਲੱਗਿਆ ਤਾਂ ਭਾਈ ਭਗਵਾਨ ਸਿੰਘ ਜਹਾਜ਼ ਵਾਲਿਆਂ ਤੋਂ ਅੱਖ ਬਚਾ ਕੇ ਦੂਜੇ ਮੁਸਾਫਰਾਂ ਦੇ ਨਾਲ ਹੀ ਉੱਤਰ ਜਾਣ ਵਿੱਚ ਸਫਲ ਹੋ ਗਏ। ਆਪ ਮੌਲਾਨਾ ਬਰਕਤ ਉੱਲਾਹ, ਜੋ ਯੋਕੋਹਾਮਾ ਯੂਨੀਵਰਸਿਟੀ (ਜਪਾਨ) ਵਿੱਚ ਫਾਰਸੀ ਦੇ ਪ੍ਰੋਫੈਸਰ ਸਨ, ਤੇ ਗ਼ਦਰ ਪਾਰਟੀ ਦੇ ਮੈਂਬਰ ਵੀ ਉਨ੍ਹਾਂ ਪਾਸ ਚਲੇ ਗਏ। ਥੋੜ੍ਹੀ ਦੇਰ ਪਿੱਛੋਂ ਮੌਲਾਨਾ ਬਰਕਤ ਉੱਲਾਹ ਨੌਕਰੀ ਛੱਡ ਕੇ ਸਮੇਤ ਭਾਈ ਭਗਵਾਨ ਸਿੰਘ ਸਾਨਫਰਾਂਸਿਸਕੋ, ਯੁਗਾਂਤਰ ਆਸ਼ਰਮ ਵਿੱਚ ਆ ਗਏ ਤੇ ਕੰਮ ਕਰਨ ਲੱਗੇ। ਇਹਨਾਂ ਦੇ ਆਉਣ ਨਾਲ ਪਾਰਟੀ ਦੇ ਜਥੇਬੰਦਕ ਕੰਮ ਵਿੱਚ ਬਹੁਤ ਮਦਦ ਮਿਲੀ।

## 9. ਕਾਮਾਗਾਟਾ ਮਾਰੂ ਦਾ ਵੈਨਕੂਵਰ (ਕੈਨੇਡਾ) ਨੂੰ ਜਾਣਾ

23 ਮਈ 1914 ਨੂੰ ਕਾਮਾਗਾਟਾ ਮਾਰੂ ਜਹਾਜ਼ ਵੈਨਕੂਵਰ (ਕੈਨੇਡਾ) ਪਹੁੰਚਿਆ। ਪਰ ਕੈਨੇਡਾ ਸਰਕਾਰ ਨੇ ਜਹਾਜ਼ ਨੂੰ ਬੰਦਰਗਾਹ ਤੇ ਲੱਗਣੋਂ ਰੋਕ ਦਿੱਤਾ ਅਤੇ ਜਹਾਜ਼ ਬੰਦਰਗਾਹ ਦੀ ਹੱਦ ਤੋਂ ਪਰ੍ਹਾਂ ਸਮੁੰਦਰ ਵਿੱਚ ਹੀ ਖੜ੍ਹਾ ਰਿਹਾ। ਬਾਹਰ ਕੈਨੇਡਾ ਦੇ ਹਿੰਦੀ, ਮੁਸਾਫਰਾਂ ਨੂੰ ਉਤਾਰਨ ਲਈ ਅਦਾਲਤੀ ਲੜਾਈ ਲੜ ਰਹੇ ਸਨ। ਉਹਨੀਂ ਦਿਨੀਂ ਗ਼ਦਰ ਪਾਰਟੀ ਨੇ 'ਗ਼ਦਰ' ਅਖ਼ਬਾਰ ਦੇ ਖਾਸ ਨੰਬਰ ਕੱਢੇ ਤੇ ਕਾਮਾਗਾਟਾ ਮਾਰੂ ਦੀ ਸਹਾਇਤਾ ਲਈ ਹਿੰਦੀਆਂ ਨੂੰ ਅਪੀਲਾਂ ਕੀਤੀਆਂ। ਨਾਲੇ ਕੈਨੇਡਾ ਕਮੇਟੀ ਨੂੰ, ਜਿਹੜੀ ਕਿ ਕਾਮਾਗਾਟਾ ਮਾਰੂ ਦੇ ਹੱਕ ਵਿੱਚ ਘੋਲ ਕਰ ਰਹੀ ਸੀ-ਮਾਇਕ ਸਹਾਇਤਾ ਭੇਜੀ। 'ਗ਼ਦਰ' ਅਖ਼ਬਾਰ, ਗ਼ਦਰ ਦੀ ਗੂੰਜ ਤੇ ਦੂਸਰਾ ਪਾਰਟੀ ਸਾਹਿਤ ਵੈਨਕੂਵਰ ਕਮੇਟੀ ਰਾਹੀਂ ਜਹਾਜ਼ ਵਿੱਚ ਪਹੁੰਚਾਏ ਜਾਂਦੇ ਰਹੇ।

ਅਖ਼ੀਰ ਕੈਨੇਡਾ ਸਰਕਾਰ ਨੇ ਹਾਂਗਕਾਂਗ ਤੱਕ ਮੁਸਾਫਰਾਂ ਦਾ ਰਾਸ਼ਨ ਤੇ ਕੁਝ ਹਰਜਾਨਾ ਦੇਣਾ ਮੰਨ ਲਿਆ। 23 ਜੁਲਾਈ 1914 ਜਹਾਜ਼ ਦੇ ਵਾਪਸ ਜਾਣ ਦੀ

ਤਰੀਕ ਨਿਯਤ ਹੋ ਗਈ। ਜਦ ਤੱਕ ਗ਼ਦਰ ਪਾਰਟੀ ਦੇ ਜ਼ਿੰਮੇਵਾਰਾਂ ਨੇ ਫੈਸਲਾ ਕੀਤਾ ਕਿ ਪਾਰਟੀ ਦਾ ਇੱਕ ਜ਼ਿੰਮੇਵਾਰ ਆਗੂ ਕਾਮਾਗਾਟਾ ਮਾਰੂ ਦੇ ਨਾਲ-ਨਾਲ ਜਾਏ ਤੇ ਯੋਕੋਹਾਮਾ (ਜਪਾਨ) ਵਿੱਚ ਜਾ ਕੇ ਜਹਾਜ਼ ਦੇ ਮੁਸਾਫ਼ਰਾਂ ਨੂੰ ਮਿਲੇ ਤੇ ਉਹਨਾਂ ਨੂੰ ਇਨਕਲਾਬੀ ਲਾਈਨ ਸਮਝਾਏ। ਹਿੰਦੁਸਤਾਨ ਵਿੱਚ ਜਾ ਕੇ ਪਾਰਟੀ ਦਾ ਪ੍ਰਚਾਰ ਕਰੇ ਤੇ ਪਹਿਲੇ ਭੇਜੇ ਹੋਏ ਦੋ ਮੈਂਬਰਾਂ ਦੇ ਕੰਮ ਦਾ ਅੰਦਾਜ਼ਾ ਲਾਏ। ਇਸ ਕੰਮ ਲਈ ਮੇਰੀ ਡਿਊਟੀ ਲੱਗੀ। 200 ਪਸਤੌਲ ਅਤੇ 2000 ਗੋਲੀਆਂ ਦੋ ਪੇਟੀਆਂ ਵਿੱਚ ਬੰਦ ਕਰਕੇ ਜਹਾਜ਼ ਨੂੰ ਦੇਣ ਲਈ ਲਿਜਾਣੀਆਂ ਸਨ। ਇਸ ਦਾ ਬੰਦੋਬਸਤ ਭਾਈ ਭਗਵਾਨ ਸਿੰਘ ਤੇ ਕਰਤਾਰ ਸਿੰਘ ਸਰਾਭੇ ਤੇ ਸੁੱਟਿਆ ਗਿਆ। ਉਹਨਾਂ ਨੇ ਜਹਾਜ਼ ਤੇ ਇੱਕ ਕਮਰਾ ਰੀਜ਼ਰਵ ਕਰਵਾ ਕੇ ਜਹਾਜ਼ ਚੱਲਣ ਤੋਂ ਇੱਕ ਘੰਟਾ ਪਹਿਲਾਂ ਇਹ ਪੇਟੀਆਂ ਕਰਤਾਰ ਸਿੰਘ ਦੇ ਹੱਥੀਂ ਕਮਰੇ ਵਿੱਚ ਰਖਵਾ ਦਿੱਤੀਆਂ। ਮੈਂ ਬੜੇ ਖ਼ਿਆਲ ਨਾਲ ਯੁਗਾਂਤਰ ਆਸ਼ਰਮ ਵਿੱਚੋਂ ਨਿਕਲਿਆ ਤੇ ਰਸਤੇ ਵਿੱਚ ਦੂਜੀ ਕਾਰ ਬਦਲ ਕੇ ਜਹਾਜ਼ ਦੇ ਤੁਰਨ ਤੋਂ ਕੋਈ 15 ਮਿੰਟ ਪਹਿਲਾਂ ਜਹਾਜ਼ ਤੇ ਪਹੁੰਚਿਆ ਤੇ ਕਰਤਾਰ ਸਿੰਘ ਨੂੰ ਚਲੇ ਜਾਣ ਦਾ ਇਸ਼ਾਰਾ ਕਰਕੇ ਕਮਰੇ ਵਿੱਚ ਜਾ ਬੈਠਾ। ਅਜੇ ਮੇਰਾ ਜਹਾਜ਼ ਅਮਰੀਕਾ ਅਤੇ ਜਪਾਨ ਦੇ ਵਿਚਾਲੇ ਹੀ ਸੀ ਕਿ ਜਹਾਜ਼ ਵਾਲਿਆਂ ਨੇ ਜੰਗ ਛਿੜਨ ਦੀ ਖ਼ਬਰ ਸੁਣਾ ਦਿੱਤੀ।

ਹੁਣ ਮੇਰੇ ਸਾਹਮਣੇ ਪੇਟੀਆਂ ਉਤਾਰਨ ਤੇ ਮਹਿਫੂਜ਼ ਥਾਂ ਤੇ ਰੱਖਣ ਦਾ ਮਸਲਾ ਸੀ। ਪਰ ਮੇਰੇ ਅਮਰੀਕਾ ਤੋਂ ਚੱਲਣ ਵੇਲੇ ਮੌਲਾਨਾ ਬਰਕਤ ਉੱਲਾਹ ਨੇ ਜਪਾਨ ਵਿੱਚ ਆਪਣੀ ਸ਼ਾਖ ਦੇ ਮੈਂਬਰਾਂ ਨੂੰ ਮੇਰੇ ਆਉਣ ਦੀ ਖਬਰ ਤਾਰ ਰਾਹੀਂ ਭੇਜ ਦਿੱਤੀ ਸੀ। ਜਦੋਂ ਜਹਾਜ਼ ਯੋਕੋਹਾਮਾ (ਜਪਾਨ) ਪਹੁੰਚਿਆ ਤਾਂ ਪਾਰਟੀ ਮੈਂਬਰ ਮੈਨੂੰ ਲੈਣ ਲਈ ਜਹਾਜ਼ ਤੇ ਪਹੁੰਚੇ ਹੋਏ ਸਨ। ਮੈਂ ਪੇਟੀਆਂ ਉਹਨਾਂ ਦੇ ਸਪੁਰਦ ਕਰ ਦਿੱਤੀਆਂ ਤੇ ਉਹ ਕਾਰ ਵਿੱਚ ਬਿਠਾ ਕੇ ਮੈਨੂੰ ਇੱਕ ਹੋਟਲ ਵਿੱਚ ਲੈ ਗਏ। ਮੈਂ ਕਾਮਾਗਾਟਾ ਮਾਰੂ ਦੇ ਆਉਣ ਤੇ ਪੇਟੀਆਂ ਵਗੈਰਾ ਜਹਾਜ਼ ਉੱਤੇ ਪਹੁੰਚਾਣ ਅਤੇ ਹੋਰ ਕੰਮ ਨਿਬੇੜਨ ਤੱਕ ਹੋਟਲ ਅੰਦਰ ਹੀ ਠਹਿਰਿਆ। ਇੱਕ ਹੋਰ ਮਹੱਤਵਪੂਰਨ ਕੰਮ ਵੀ ਮੇਰੇ ਜ਼ਿੰਮੇ ਸੀ। ਜੰਗ ਛਿੜ ਚੁੱਕੀ ਸੀ ਤੇ ਡਰ ਸੀ ਕਿ ਜਰਮਨ ਡੁਬਕਣੀ ਐਡਮਿਨ, ਜੋ ਉਸ ਵੇਲੇ ਸਮੁੰਦਰ ਦਾ ਚੱਕਰ ਲਾ ਰਹੀ ਸੀ, ਕਿਤੇ ਕਾਮਾਗਾਟਾ ਮਾਰੂ ਨੂੰ ਡੋਬ ਨਾ ਦੇਵੇ। ਜਰਮਨ ਸਰਕਾਰ ਨਾਲ ਫੌਜੀ ਸਾਮਾਨ ਬਾਰੇ ਸਾਡਾ ਗੁਪਤ ਸਮਝੌਤਾ ਪਹਿਲਾਂ ਹੀ ਹੋ ਚੁੱਕਿਆ ਸੀ। ਹੁਣ ਕਾਮਾਗਾਟਾ ਮਾਰੂ ਦੇ ਬਚਾਅ ਦਾ ਪ੍ਰਬੰਧ ਕਰਨਾ ਸੀ। ਮੈਂ ਇੱਕ ਜਪਾਨੀ ਨੌਕਰ ਦੀ ਮਦਦ ਨਾਲ ਭੇਸ ਬਦਲ ਕੇ, ਚੋਰ ਦਰਵਾਜ਼ਿਉਂ ਜਰਮਨ ਕੌਂਸਲਰ ਨੂੰ ਜਾ ਮਿਲਿਆ ਅਤੇ ਕੋਡ (ਗੁਪਤ ਬੋਲੀ) ਮੁਕੱਰਰ ਕੀਤੇ ਤਾਂ ਜੁ ਐਡਮਿਨ, ਕਾਮਾਗਾਟਾ ਮਾਰੂ ਨੂੰ ਸਹੀ ਸਲਾਮਤ ਗੁਜ਼ਰ ਜਾਣ ਦੇਵੇ।

ਹਰ ਰੋਜ਼ ਕੋਈ ਨਾ ਕੋਈ ਪਾਰਟੀ ਮੈਂਬਰ ਆ ਕੇ ਮਿਲ ਜਾਂਦਾ। ਜਦ ਕਾਮਾਗਾਟਾ ਮਾਰੂ ਪਹੁੰਚਿਆ ਤਾਂ ਮੈਂਬਰਾਂ ਨੇ ਇਤਲਾਹ ਦਿੱਤੀ ਅਤੇ ਮੇਰੇ ਆਉਣ ਦੀ ਖਬਰ ਵੀ ਜਹਾਜ਼ ਵਾਲਿਆਂ ਨੂੰ ਪਹੁੰਚਾ ਦਿੱਤੀ, ਭਾਈ ਹਰਨਾਮ ਸਿੰਘ ਗੁੱਜਰਵਾਲ ਤੇ ਭਾਈ ਰਾਇ ਸਿਘ ਸਕੱਤਰ ਜਹਾਜ਼ ਕਮੇਟੀ ਮੈਨੂੰ ਆ ਕੇ ਮਿਲੇ। ਮੈਂ ਸਾਰੀ ਗੱਲ ਉਹਨਾਂ ਨੂੰ ਸਮਝਾ ਦਿੱਤੀ ਤੇ ਅਗਲੇ ਦਿਨ ਪੇਟੀਆਂ ਜਹਾਜ਼ ਤੇ ਪਹੁੰਚਾਣ ਅਤੇ ਜਹਾਜ਼ ਵਾਲਿਆਂ ਨਾਲ ਮੇਰੀ ਮੁਲਾਕਾਤ ਬਾਰੇ ਵੀ ਗੱਲ ਮਿਥ ਲਈ ਗਈ। ਅਗਲੇ ਦਿਨ ਪਾਰਟੀ ਮੈਂਬਰਾਂ



ਨੇ ਸਾਰਾ ਕੰਮ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ।

ਅਜੇ ਕਾਮਾਗਾਟਾ ਮਾਰੂ ਨਾਲ ਸਬੰਧਤ ਕੰਮ ਤੋਂ ਕੁਝ ਵਿਹਲ ਮਿਲੀ ਹੀ ਸੀ ਕਿ ਕਰਤਾਰ ਸਿੰਘ ਸਰਾਭਾ ਇੱਕ ਹੋਰ ਸਾਥੀ ਸਮੇਤ ਹੋਟਲ ਵਿੱਚ ਆ ਮਿਲੇ ਤੇ ਪਾਰਟੀ ਦੇ ਉਸ ਫੈਸਲੇ ਦੀ ਇਤਲਾਹ ਦਿੱਤੀ ਜਿਸ ਦੇ ਅਨੁਸਾਰ ਪਾਰਟੀ ਨੇ ਮੌਕੇ ਦੇ ਹਾਲਾਤ ਸਾਹਮਣੇ ਰੱਖਦਿਆਂ ਹੋਇਆਂ ਅੰਗਰੇਜ਼ ਦੇ ਵਿਰੁੱਧ ਹਿੰਦੁਸਤਾਨ ਜਾ ਕੇ ਇਨਕਲਾਬ ਕਰਨ ਦਾ ਐਲਾਨ ਕਰ ਦਿੱਤਾ ਸੀ। ਮੈਂ ਯੋਕੋਹਾਮਾ ਤੋਂ ਜਹਾਜ਼ ਰਾਹੀਂ ਸ਼ੰਘਾਈ ਪਹੁੰਚਿਆ ਤੇ ਡਾਕਟਰ ਮਥਰਾ ਸਿੰਘ ਤੇ ਹੋਰ ਸਾਥੀਆਂ ਨੂੰ ਮਿਲਿਆ। ਭਾਈ ਗੁੱਜਰ ਸਿੰਘ ਭਕਨਾ ਸ਼ੰਘਾਈ ਪੁਲੀਸ ਵਿੱਚ ਨੌਕਰ ਸਨ ਤੇ ਪੁਲੀਸ ਵਿੱਚ ਪਾਰਟੀ ਦੀ ਜ਼ਬਰਦਸਤ ਸ਼ਾਖ ਬਣ ਚੁੱਕੀ ਸੀ। ਇੱਥੋਂ ਕੋਈ 30 ਪਾਰਟੀ ਮੈਂਬਰ ਨੌਕਰੀਆਂ ਛੱਡ ਕੇ ਤਿਆਰ ਹੋ ਪਏ ਤੇ ਅਸੀਂ ਸਾਰੇ ਹਾਂਗਕਾਂਗ ਪਹੁੰਚ ਗਏ।

ਹਾਂਗਕਾਂਗ ਵਿੱਚ ਅੰਗਰੇਜ਼ੀ ਸਰਕਾਰ ਨੇ ਅਮਰੀਕਾ, ਕੈਨੇਡਾ ਤੇ ਸ਼ੰਘਾਈ ਤੋਂ ਹਿੰਦੁਸਤਾਨ ਮੁੜਨ ਵਾਲੇ ਇਨਕਲਾਬੀਆਂ ਨੂੰ ਫਸਾਉਣ ਲਈ ਕਾਫੀ ਜਾਲ ਵਿਛਾ ਰੱਖਿਆ ਸੀ ਤੇ ਪੰਜਾਬ ਦੀ ਸੀ. ਆਈ. ਡੀ. ਭਾਰੀ ਗਿਣਤੀ ਵਿੱਚ ਉਥੇ ਪਹੁੰਚੀ ਹੋਈ ਸੀ। ਹਾਂਗਕਾਂਗ ਦੀ ਪੁਲੀਸ ਵਿੱਚ ਵੀ ਪੰਜਾਬੀ ਕਾਫੀ ਸਨ। ਇੱਥੇ ਪੁਲਿਸ ਸਭ ਆਉਣ ਵਾਲਿਆਂ ਦੇ ਨਾਂ ਪਤੇ ਦਰਜ ਕਰ ਲੈਂਦੀ ਸੀ ਤਾਂ ਹੀ ਜਹਾਜ਼ੀ ਟਿਕਟ ਮਿਲ ਸਕਦਾ। ਇਸ ਤਰ੍ਹਾਂ ਸਰਕਾਰ ਨੂੰ ਆਉਣ ਵਾਲਿਆਂ ਦਾ ਪਤਾ ਮਿਲ ਜਾਂਦਾ ਸੀ।

ਹਾਂਗਕਾਂਗ ਤੋਂ 100 ਮੁਸਾਫਰ 'ਨਾਮ ਸਿੰਗ' ਜਹਾਜ਼ ਤੇ ਸਵਾਰ ਹੋਏ ਜਿਨ੍ਹਾਂ ਵਿੱਚ ਬਹੁ ਗਿਣਤੀ ਪਾਰਟੀ ਦੇ ਇਨਕਲਾਬੀ ਮੈਂਬਰਾਂ ਦੀ ਸੀ। ਹਾਂਗਕਾਂਗ ਤੋਂ ਜਹਾਜ਼ ਚੱਲ ਕੇ ਇੱਕ ਦਿਨ ਸਿੰਘਾਪੁਰ ਠਹਿਰਿਆ। ਇਸ ਤੋਂ ਪਿੱਛੋਂ ਜਹਾਜ਼ ਪਿਨਾਂਗ ਆ ਕੇ ਲੱਗਿਆ ਤੇ ਰੋਕ ਲਿਆ ਗਿਆ। ਰੋਕੇ ਜਾਣ ਦਾ ਕਾਰਨ ਇਹ ਸੀ ਕਿ ਜਿਸ ਦਿਨ ਸਾਡਾ ਜਹਾਜ਼ ਪੀਨਾਂਗ ਪਹੁੰਚਿਆ ਉਸ ਤੋਂ ਇੱਕ ਦਿਨ ਪਹਿਲਾਂ ਬਜ-ਬਜ ਘਾਟ ਕਲਕੱਤੇ ਦਾ ਮਸ਼ਹੂਰ ਸਾਕਾ ਹੋ ਚੁੱਕਿਆ ਸੀ।

## 10. ਗ੍ਰਿਫ਼ਤਾਰੀ

ਇੱਕ ਹਫ਼ਤੇ ਪਿੱਛੋਂ ਸਾਡੇ ਜਹਾਜ਼ ਨੂੰ ਪੀਨਾਂਗ ਤੋਂ ਚੱਲਣ ਦੀ ਆਗਿਆ ਮਿਲੀ। ਜਦ ਜਹਾਜ਼ ਬੰਗਾਲ ਦੀ ਖਾੜੀ ਵਿੱਚ ਪਹੁੰਚਿਆ ਤਾਂ ਪੰਜਾਬ ਦੀ ਸੀ. ਆਈ. ਡੀ. ਤੇ ਗੋਰੇ ਫੌਜੀ ਰੱਸੇ ਦੀਆਂ ਪੌੜੀਆਂ ਜਹਾਜ਼ ਤੇ ਸੁੱਟ ਕੇ ਉੱਪਰ ਚੜ੍ਹ ਆਏ।

ਗੋਰੇ ਸਿਪਾਹੀ ਗੋਲੀ ਹਥਿਆਰ ਸਮੇਤ ਜਹਾਜ਼ ਵਿੱਚ ਥਾਂ ਪੁਰ ਥਾਂ ਪਹਿਰੇ ਤੇ ਖਲੋ ਗਏ। ਜਦ ਜਹਾਜ਼ ਕਲਕੱਤੇ ਆ ਕੇ ਲੱਗਿਆ ਤਾਂ ਮੇਰੀ ਅਤੇ ਦੋ ਹੋਰ ਸਾਥੀ ਜੋ ਕੈਨੇਡਾ ਤੋਂ ਆਏ ਸਨ, ਤਿੰਨਾਂ ਦੀ ਪੁਲੀਸ ਨੇ ਗ੍ਰਿਫਤਾਰੀ ਕਰ ਲਈ ਤੇ ਬੰਦ ਗੱਡੀ ਵਿੱਚ ਬਿਠਾ ਕੇ ਫੌਜੀ ਪਹਿਰੇ ਹੇਠਾਂ ਕਲਕੱਤੇ ਦੀ ਕੋਤਵਾਲੀ ਵਿੱਚ ਲਿਆ ਕੇ ਬੰਦ ਕਰ ਦਿੱਤਾ। ਦੋ ਦਿਨ ਪਿੱਛੋਂ ਪੁਲੀਸ ਦੇ ਪਹਿਰੇ ਹੇਠਾਂ ਸਾਨੂੰ ਤਿੰਨਾਂ ਨੂੰ ਲੁਧਿਆਣੇ (ਪੰਜਾਬ) ਲੈ ਆਏ, ਕਿਉਂਕਿ ਲੁਧਿਆਣਾ ਜ਼ੇਲ-ਘਰ ਬਾਹਰ ਤੋਂ ਆਏ ਇਨਕਲਾਬੀਆਂ ਦੀ ਜਾਂਚ ਪੜਤਾਲ ਲਈ ਮੁਕੱਰਰ ਸੀ। ਉਹਨਾਂ ਦੋਹਾਂ ਨੂੰ ਤਾਂ ਪੁੱਛ ਪੜਤਾਲ ਕਰਕੇ

ਛੱਡ ਦਿੱਤਾ ਤੇ ਮੈਨੂੰ ਪੁਲੀਸ ਦੇ ਪਹਿਰੇ ਵਿੱਚ ਡਿਸਟ੍ਰਿਕਟ ਜੇਲ੍ਹ ਮੁਲਤਾਨ ਵਿੱਚ ਭੇਜ ਦਿੱਤਾ। ਜਦੋਂ ਮੈਨੂੰ ਲੁਧਿਆਣੇ ਜ਼ੇਲ੍ਹ ਤੋਂ ਪੁਲੀਸ ਦੇ ਪਹਿਰੇ ਵਿੱਚ ਟਾਂਗੇ ਤੇ ਬਿਠਾ ਕੇ ਸਟੇਸ਼ਨ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਪਿੱਛੋਂ ਸਾਈਕਲ ਤੇ ਕਰਤਾਰ ਸਿੰਘ ਸਰਾਭਾ ਆ ਮਿਲਿਆ। ਉਹ ਖ਼ਤਰੇ ਵੇਲੇ ਸਭ ਤੋਂ ਅੱਗੇ ਰਹਿੰਦਾ ਸੀ। ਉਹ ਫੌਜੀ ਪਲਟਨਾਂ ਵਿੱਚ ਨਿਧੜਕ ਹੋ ਕੇ ਜਾਂਦਾ ਅਤੇ ਬਗੈਰ ਕਿਸੇ ਡਰ ਦੇ ਫੌਜੀਆਂ ਨੂੰ ਪ੍ਰੇਰਦਾ। ਉਹਦੀ ਇਸ ਨਿਡਰਤਾ ਦਾ ਫੌਜੀਆਂ ਉੱਤੇ ਏਨਾ ਅਸਰ ਹੁੰਦਾ ਕਿ ਉਹ ਆਜ਼ਾਦੀ ਦੀ ਜੰਗ ਵਿੱਚ ਸ਼ਾਮਲ ਹੋਣ ਲਈ ਫੌਰਨ ਤਿਆਰ ਹੋ ਜਾਂਦੇ। ਮੈਂ ਉਹਨੂੰ ਦੱਸਿਆ ਕਿ ਮੇਰਾ ਚਲਾਨ ਡਿਸਟਰਿਕਟ ਜੇਲ੍ਹ ਮੁਲਤਾਨ ਵਿੱਚ ਹੋ ਗਿਆ ਹੈ ਤੇ ਤੁਸੀਂ ਜਾਉ। ਮੇਰੀ ਗ੍ਰਿਫਤਾਰੀ 1914 ਨੂੰ ਹੋਈ। ਬਾਹਰ ਦਾ ਜੀਵਨ ਸੰਗਰਾਮ ਖਤਮ ਹੋਇਆ।

**ਸੋਹਣ ਸਿੰਘ ਭਕਨਾ (ਬਾਬਾ)**
**ਬਕੱਲਮ ਖੁਦ**



# ਜੀਵਨ ਸੰਗਰਾਮ

## (ਭਾਗ ਦੂਜਾ)

## 11. ਜੇਲ੍ਹ ਸੰਗਰਾਮ

ਹੁਣ ਅਗਲੇ ਸੰਗਰਾਮ ਨੂੰ ਜੇਲ੍ਹ ਸੰਗਰਾਮ ਕਹਿ ਸਕਦਾ ਹਾਂ।

ਮੁਲਤਾਨ ਡਿਸਟਰਿਕਟ ਜੇਲ੍ਹ ਵਿੱਚ ਮੈਨੂੰ ਫਾਂਸੀ ਵਾਲਿਆਂ ਨਾਲ ਫਾਂਸੀ ਦੀ ਕੋਠੜੀ ਵਿੱਚ ਬੰਦ ਕਰ ਦਿੱਤਾ ਗਿਆ, ਜਿੱਥੋਂ ਫਾਂਸੀ ਘਰ ਸਾਹਮਣੇ ਸੀ ਤੇ ਫਾਂਸੀ ਲੱਗਣ ਵਾਲਾ ਮੇਰੀ ਕੋਠੜੀ ਤੋਂ ਸਾਫ ਦਿਸਦਾ ਸੀ। ਫਾਂਸੀ ਘਰ ਦੇ ਸਾਹਮਣੇ ਬੰਦ ਕਰਨ ਦਾ ਮਤਲਬ ਇਹ ਸੀ ਕਿ ਮੈਂ ਫਾਂਸੀ ਲੱਗਣ ਵਾਲਿਆਂ ਨੂੰ ਦੇਖ ਕੇ ਘਬਰਾ ਜਾਵਾਂ, ਪਰ ਹੋਇਆ ਇਸ ਦੇ ਉਲਟ। ਮੇਰੇ ਸਾਹਮਣੇ ਦੋ ਆਦਮੀ ਫਾਂਸੀ ਲੱਗੇ ਤੇ ਪੰਜ-ਪੰਜ ਮਿੰਟ ਵਿੱਚ ਖਤਮ ਹੋ ਗਏ। ਮੇਰਾ ਦਿਲ ਹੋਰ ਵੀ ਨਿਡਰ ਹੋ ਗਿਆ।

ਚਾਹੇ ਮੂਲਾ ਸਿੰਘ, ਅਮਰ ਸਿੰਘ, ਨਵਾਬ ਖਾਂ ਸਰਕਾਰੀ ਗਵਾਹ ਬਣ ਚੁੱਕੇ ਸਨ ਪਰ ਪੁਲਸ ਦੀ ਅਜੇ ਪੂਰੀ ਤਸੱਲੀ ਨਹੀਂ ਸੀ ਹੋਈ। ਕਿਉਂਕਿ ਪਾਰਟੀ ਦੇ ਖ਼ੁਫੀਆ ਕੰਮ ਬਾਰੇ ਅਜੇ ਇਨ੍ਹਾਂ ਨੂੰ ਕੋਈ ਪਤਾ ਨਹੀਂ ਸੀ। ਪੰਡਤ ਕਾਂਸ਼ੀ ਰਾਮ ਫੀਰੋਜ਼ਪੁਰ ਦੀ ਪੁਲੀਸ ਦਾ ਟਾਕਰਾ ਕਰਦੇ ਹੋਏ ਪਕੜੇ ਗਏ ਸਨ ਤੇ ਫਾਂਸੀ ਲੱਗ ਚੁੱਕੇ ਸਨ। ਪੁਲੀਸ ਉਨ੍ਹਾਂ ਕੋਲੋਂ ਪਾਰਟੀ ਦੇ ਭੇਦ ਕੱਢਣ ਵਿੱਚ ਨਾਕਾਮ ਹੋ ਚੁੱਕੀ ਸੀ। ਭਾਈ ਸੰਤੋਖ ਸਿੰਘ ਵੀ ਹਿੰਦੁਸਤਾਨ ਵਿੱਚ ਨਹੀਂ ਸਨ। ਸੋ ਹਿੰਦੁਸਤਾਨ ਵਿੱਚ ਜੇ ਕੋਈ ਕਮਿਸ਼ਨ ਦਾ ਮੈਂਬਰ ਫੜਿਆ ਗਿਆ ਤਾਂ ਉਹ ਮੈਂ ਹੀ ਸਾਂ। ਇਸ ਲਈ ਸੀ. ਆਈ. ਡੀ. ਦਾ ਸਾਰਾ ਧਿਆਨ ਮੇਰੇ ਤੇ ਹੀ ਸੀ। ਸੀ. ਆਈ. ਡੀ. ਨੇ ਨਾਮਧਾਰੀ ਲਹਿਰ ਤੇ ਹੋਰ ਮੇਰੇ ਘਰ ਦੇ ਹਾਲਾਤ ਬਾਰੇ ਵਾਕਫ਼ੀ ਹਾਸਲ ਕੀਤੀ। ਇਸਦੇ ਪਿੱਛੋਂ ਡਿਪਟੀ ਸੁਪਰੀਟੈਂਡੈਂਟ (ਸੀ. ਆਈ. ਡੀ.) ਸੁੱਖਾ ਸਿੰਘ ਤੇ ਇੱਕ ਹੋਰ ਇੰਸਪੈਕਟਰ ਜਿਸ ਨੂੰ ਮੌਲਵੀ-ਮੌਲਵੀ ਕਹਿੰਦੇ ਸਨ, ਇਹਨਾਂ ਦੀ ਡਿਊਟੀ ਮੇਰੇ ਤੇ ਲੱਗੀ। ਇਹ ਮੈਨੂੰ ਮੁਲਤਾਨ ਜੇਲ੍ਹ ਵਿੱਚ ਆ ਕੇ ਮਿਲੇ। ਉਹਨਾਂ ਨੇ ਇਸ ਤਰ੍ਹਾਂ ਮੇਰੇ ਨਾਲ ਗੱਲਬਾਤ ਸ਼ੁਰੂ ਕੀਤੀ, "ਸਰਦਾਰ ਜੀ, ਤੁਸੀਂ ਤਾਂ ਸਿਆਣੇ ਸਉ, ਇਧਰ ਕਿਸ ਤਰ੍ਹਾਂ ਫਸ ਗਏ। ਅਸਾਂ ਘਰ ਜਾ ਕੇ ਤੁਹਾਡੀਆਂ ਮਾਤਾਵਾਂ ਤੇ ਪਤਨੀ ਦਾ ਹਾਲ ਵੇਖਿਆ ਹੈ ਤੇ ਸਾਨੂੰ ਉਹਨਾਂ ਦੀ ਹਾਲਤ ਤੇ ਬਹੁਤ ਤਰਸ ਆਇਆ ਹੈ। ਇਸ ਲਈ ਤੁਹਾਡੇ ਕੋਲ ਆਏ ਹਾਂ ਤੇ ਸਰਕਾਰ ਤੋਂ ਪੂਰਾ ਅਖ਼ਤਿਆਰ ਲੈ ਕੇ ਆਏ ਹਾਂ। ਸਿਆਣਪ ਇਸ ਵਿੱਚ ਹੈ ਤੇ ਵਕਤ ਹੈ ਕਿ ਤੁਸੀਂ ਆਪਣਾ ਬਚਾਅ ਕਰ ਲਵੋ। ਨਿਰਾ ਬਚਾਅ ਹੀ ਨਹੀਂ, ਬਲਕਿ ਇੱਜ਼ਤ, ਮਾਣ, ਰੁਪਿਆ, ਜ਼ਮੀਨ ਜੋ ਵੀ ਚਾਹੋ ਮਿਲ ਸਕਦਾ ਹੈ। ਬਿਆਨ ਵੀ ਮਾਮੂਲੀ ਜਿਹਾ ਦੇਣਾ ਪਵੇਗਾ। ਬੱਸ ਇਹੀ ਕਿ ਤੁਹਾਡੇ ਨਾਲ ਅਮਰੀਕਾ ਵਿੱਚ ਗ਼ਦਰ ਪਾਰਟੀ 'ਚ ਕੌਣ-ਕੌਣ ਕੰਮ ਕਰਦਾ ਸੀ ਤੇ ਕੀ ਤੁਸੀਂ ਗ਼ਦਰ ਪਾਰਟੀ ਦੇ ਪ੍ਰਧਾਨ ਸਉ!"

ਮੈਂ ਉਹਨਾਂ ਦੀ ਚਾਲ ਨੂੰ ਸਮਝ ਕੇ ਹਸਦਿਆਂ ਹੋਇਆਂ ਮਖੌਲ ਉਡਾਇਆ ਤੇ ਕਿਹਾ, "ਸਰਦਾਰ ਜੀ, ਮੈਂ ਸੁਣਿਆ ਹੋਇਆ ਸੀ ਕਿ ਹਿੰਦੁਸਤਾਨੀ ਪੁਲੀਸ ਦਾ ਦਿਮਾਗ ਦੂਜੇ ਦੇਸ਼ਾਂ ਦੀ ਪੁਲੀਸ ਦੇ ਮੁਕਾਬਲੇ ਵਿੱਚ ਨਾ ਹੋਣ ਦੇ ਬਰਾਬਰ ਹੈ, ਅੱਜ ਪੂਰਾ ਤਜਰਬਾ ਹੋ ਗਿਆ ਹੈ। ਮੈਂ ਤਾਂ ਰੋਟੀ ਕਮਾਉਣ ਲਈ ਘਰੋਂ ਨਿਕਲਿਆ ਤੇ ਅਮਰੀਕਾ ਵਿੱਚ ਲੱਕੜੀ ਦੇ ਕਾਰਖਾਨਿਆਂ ਤੇ ਕੈਲੀਫੋਰਨੀਆਂ ਦੇ ਖੇਤਾਂ ਤੇ ਬਾਗਾਂ ਵਿੱਚ ਮਜ਼ਦੂਰੀ ਕਰਦਾ ਰਿਹਾ ਤੇ ਹੁਣ ਜੰਗ ਲੱਗ ਜਾਣ ਕਰਕੇ ਦੇਸ਼ ਵਾਪਸ ਆਇਆ ਹਾਂ। ਤੁਸੀਂ ਪੁੱਛ ਰਹੇ ਹੋ ਕਿ ਮੈਂ ਕਿਸੇ ਗ਼ਦਰ ਪਾਰਟੀ ਦਾ ਪ੍ਰਧਾਨ ਸਾਂ ਤੇ ਕੌਣ-ਕੌਣ ਮੇਰੇ ਨਾਲ ਕੰਮ ਕਰਦੇ ਹਨ!" ਇਹ ਸੁਣ ਕੇ ਉਹ ਉੱਠ ਕੇ ਚਲੇ ਗਏ।

ਦਸ ਬਾਰਾਂ ਦਿਨ ਪਿੱਛੋਂ ਮੇਰੇ ਇੱਕ ਨਿੱਜੀ ਮਿੱਤਰ ਤੇ ਮੇਰੀ ਜਨਨੀ ਮਾਤਾ ਨੂੰ ਲੈ ਕੇ ਉਹ ਫਿਰ ਆ ਗਏ ਤੇ ਮੇਰੇ ਦੋਸਤ ਨੂੰ ਕਿਹਾ ਕਿ ਅਸੀਂ ਅੱਧੇ ਘੰਟੇ ਲਈ ਬਾਹਰ ਚਲੇ ਜਾਂਦੇ ਹਾਂ, ਤੁਸੀਂ ਖੁੱਲ੍ਹ ਕੇ ਗੱਲਬਾਤ ਕਰ ਲਓ ਤੇ ਉਹ ਉੱਠ ਕੇ ਬਾਹਰ ਚਲੇ ਗਏ। ਪਹਿਲਾਂ ਮੈਂ ਆਪਣੇ ਮਿੱਤਰ ਨੂੰ ਪੁੱਛਿਆ ਕਿ ਤੁਸੀਂ ਇਹਨਾਂ ਨਾਲ ਕਿਉਂ ਆਏ ? ਉਹਨਾਂ ਦੱਸਿਆ ਕਿ ਪੁਲੀਸ ਰਾਤ ਦਿਨੇ ਟਿਕਣ ਨਹੀਂ ਸੀ ਦਿੰਦੀ ਕਿ ਚੱਲ ਕੇ ਉਹਨਾਂ ਨੂੰ ਸਮਝਾਓ। ਅਸਾਂ ਸੋਚਿਆ ਕਿ ਚੱਲੋ ਇਸ ਬਹਾਨੇ ਦਰਸ਼ਨ ਹੀ ਹੋ ਜਾਣਗੇ। ਮੈਂ ਉਹਨਾਂ ਨੂੰ ਕਿਹਾ ਕਿ ਖ਼ੈਰ ਜੇ ਮਿਲਣ ਦੀ ਗੱਲ ਹੈ ਤਾਂ ਕੋਈ ਹਰਜ ਨਹੀਂ ਪਰ ਹੋਰ ਕੁਝ ਨਾ ਕਹਿਣਾ, ਕਿਉਂਕਿ ਮੈਂ ਕਿਸੇ ਹਾਲਤ ਵਿੱਚ ਵੀ ਬਿਆਨ ਦੇਣ ਲਈ ਤਿਆਰ ਨਹੀਂ। ਮੇਰੇ ਮਿੱਤਰ ਸਿਆਣੇ ਸਨ, ਫਿਰ ਉਹਨਾਂ ਨੇ ਵੀ ਕੋਈ ਅਜਿਹੀ ਗੱਲ ਨਾ ਕਹੀ।

ਫਿਰ ਮੈਂ ਮਾਤਾ ਜੀ ਕੋਲੋਂ ਪੁੱਛਿਆ ਕਿ ਤੁਸੀਂ ਕਿਉਂ ਆਏ ? ਮਾਤਾ ਜੀ ਨੇ ਦੱਸਿਆ ਕਿ ਇਹ ਮੈਨੂੰ ਕਹਿੰਦੇ ਸਨ ਕਿ ਜੇ ਤੇਰੇ ਲੜਕੇ ਨੇ ਸਾਡਾ ਕਿਹਾ ਨਾ ਮੰਨਿਆ ਤਾਂ ਫਾਂਸੀ ਲੱਗ ਜਾਏਗਾ। ਸਾਨੂੰ ਤੇਰੇ ਤੇ ਤਰਸ ਆਉਂਦਾ ਹੈ। ਉਹਨੂੰ ਜਾ ਕੇ ਆਪ ਸਮਝਾ। ਮੈਂ ਮਾਤਾ ਜੀ ਨੂੰ ਕਿਹਾ ਜੋ ਉਹ ਕਹਿੰਦੇ ਹਨ ਉਹ ਸੱਚ ਹੈ ਕਿ ਮੈਨੂੰ ਫਾਂਸੀ ਦੇ ਦੇਣਗੇ। ਪਰ ਕੀ ਤੁਸੀਂ ਇਸ ਗੱਲ ਨੂੰ ਪਸੰਦ ਕਰੋਗੇ ਕਿ ਮੈਂ ਬਚ ਜਾਵਾਂ ਤੇ ਦੂਸਰੇ ਸੈਂਕੜੇ ਫਾਂਸੀ ਲੱਗ ਜਾਣ ? ਮਾਤਾ ਜੀ ਸਿਆਣੇ ਸਨ। ਉਹਨਾਂ ਕਿਹਾ ਕਿ ਮੈਂ ਇਹ ਤਾਂ ਨਹੀਂ ਚਾਹੁੰਦੀ ਕਿ ਤੂੰ ਬਚ ਜਾਵੇਂ ਤੇ ਦੂਸਰਿਆਂ ਨੂੰ ਫਾਂਸੀ ਲਵਾ ਦੇਵੇਂ। ਮੈਂ ਮਾਤਾ ਜੀ ਦਾ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਮਾਤਾ ਜੀ ਮੈਂ ਤੁਹਾਡੀ ਕੁੱਖੋਂ ਜਨਮ ਲਿਆ ਹੈ। ਮੈਂ ਤੁਹਾਡੀ ਕੁੱਖ ਨੂੰ ਕਲੰਕਿਤ ਕਰਕੇ ਜਿਉਂਦੇ ਰਹਿਣਾ ਨਹੀਂ ਚਾਹੁੰਦਾ, ਮੈਨੂੰ ਆਸ਼ੀਰਵਾਦ ਦਿਉ। ਮਾਤਾ ਜੀ ਨੇ ਸਿਰ ਤੇ ਹੱਥ ਫੇਰ ਕੇ ਆਸ਼ੀਰਵਾਦ ਦਿੱਤੀ ਤੇ ਕਿਹਾ ਕਿ ਪੁੱਤਰ ਆਪਣੇ ਧਰਮ ਤੇ ਕਾਇਮ ਰਹੋ, ਮੈਂ ਖ਼ੁਸ਼ ਹਾਂ।

ਥੋੜ੍ਹੀ ਦੇਰ ਪਿੱਛੋਂ ਦੋਵੇਂ ਸੀ. ਆਈ. ਡੀ. ਵਾਲੇ ਵੀ ਆ ਗਏ ਤੇ ਮੇਰੇ ਦੋਸਤ ਨੂੰ ਕਹਿਣ ਲੱਗੇ ਕਿ ਸੁਣਾਓ ਜੀ, ਇਹਨਾਂ ਦੀ ਸਮਝ ਵਿੱਚ ਕੋਈ ਗੱਲ ਆਈ ਕਿ ਨਹੀਂ ? ਉਨ੍ਹਾਂ ਜਵਾਬ ਦਿੱਤਾ ਕਿ ਇਹ ਪਹਿਲਾਂ ਵੀ ਸਾਡੇ ਤੋਂ ਸਿਆਣੇ ਸਨ ਤੇ ਹੁਣ ਵੀ। ਸੋ ਤੁਸੀਂ ਆਪ ਹੀ ਗੱਲਬਾਤ ਕਰ ਲਵੋ। ਬਾਅਦ ਵਿੱਚ ਫਿਰ ਪੁਲੀਸ ਵਾਲਿਆਂ ਨੇ ਕਿਹਾ, "ਸਰਦਾਰ ਜੀ ਅੱਜ ਆਖਰੀ ਵਕਤ ਹੈ। ਇਹ ਫਿਰ ਹੱਥ ਨਹੀਂ ਆਏਗਾ। ਤੁਸੀਂ ਇੱਕ ਵਾਰੀ ਫਿਰ ਸੋਚ ਲਵੋ। ਇੱਕ ਪਾਸੇ ਤਾਂ ਹਰ ਤਰ੍ਹਾਂ ਦਾ ਸੁੱਖ



ਤੇ ਇੱਜ਼ਤ ਹੈ ਤੇ ਦੂਜੇ ਪਾਸੇ ਫਾਂਸੀ।" ਮੈਂ ਜਵਾਬ ਦਿੱਤਾ, "ਦੂਜੀ ਗੱਲ ਮਨਜ਼ੂਰ ਹੈ, ਪਰ ਮੈਂ ਪਾਪ ਨਹੀਂ ਕਰ ਸਕਦਾ। ਤੁਸੀਂ ਫਿਰ ਮੇਰੇ ਪਾਸ ਆਉਣ ਦੀ ਖੇਚਲ ਨਾ ਕਰਨੀ।" ਗੱਲ ਖਤਮ ਹੋ ਗਈ।

ਪਾਰਟੀ ਦਾ ਪਹਿਲਾ ਯਤਨ ਫੇਲ੍ਹ ਹੋਣ ਪਿੱਛੋਂ ਵੀ ਪਾਰਟੀ ਦੀ ਤਾਕਤ ਕਾਫੀ ਬਚੀ ਰਹੀ ਸੀ ਕਿਉਂਕਿ ਪਾਰਟੀ ਦਾ ਅਸਲ ਜ਼ੁੰਮੇਵਾਰ ਕੋਈ ਵੀ ਅੰਗਰੇਜ਼ਾਂ ਦੇ ਹੱਥੀਂ ਨਹੀਂ ਲੱਗਾ ਸੀ।

(ਨੋਟ : ਇਸ ਤੋਂ ਅੱਗੇ ਜੇਲ੍ਹਾਂ ਦਾ ਜੇਲ੍ਹ ਕਾਂਡ ਅਜੇ ਲਿਖਣ ਵਾਲਾ ਪਿਆ ਹੈ। ਇਹ ਜ਼ਿੰਮੇਵਾਰੀ ਦੇਸ਼ ਭਗਤ ਯਾਦਗਾਰ ਇਤਿਹਾਸ ਕਮੇਟੀ ਦੀ ਹੈ। ਆਸ ਹੈ ਕਿ ਕਮੇਟੀ ਆਪਣਾ ਫਰਜ਼ ਪੂਰਾ ਕਰੇਗੀ। ਸਿਰਫ ਕੁੱਝ ਕੁ ਗੱਲਾਂ ਮੁਕੱਦਮੇ ਤੇ ਜੇਲ੍ਹ ਕਾਂਡ ਬਾਰੇ ਜੋ ਮੇਰੇ ਨਿੱਜੀ ਜੀਵਨ ਸੰਗਰਾਮ ਨਾਲ ਸਬੰਧਤ ਹਨ, ਲਿਖਾਂਗਾ।)

## 12. ਮੁਕੱਦਮਾ ਲਾਹੌਰ ਸਾਜਿਸ਼ ਕੇਸ (ਪਹਿਲਾ)

ਪਹਿਲਾ ਲਾਹੌਰ ਸਾਜਿਸ਼ ਕੇਸ ਅਪ੍ਰੈਲ 1915 ਨੂੰ ਸੈਂਟਰਲ ਜੇਲ੍ਹ ਲਾਹੌਰ ਅੰਦਰ ਤਿੰਨਾਂ ਜੱਜਾਂ ਦੀ ਸਪੈਸ਼ਲ ਅਦਾਲਤ ਸਾਹਮਣੇ ਪੇਸ਼ ਹੋਇਆ। ਅਸੀਂ ਆਪਣੇ ਕੇਸ ਦੀ ਡੀਫੈਂਸ ਨਹੀਂ ਸਾਂ ਕਰਦੇ ਪਰ ਸਰਕਾਰ ਆਪਣੀ ਸਹੂਲਤ ਵਾਸਤੇ ਤੇ ਇਹ ਦਿਖਾਉਣ ਲਈ ਕਿ ਉਹ ਬੜੀ ਉਦਾਰ ਤੇ ਇਨਸਾਫ-ਪਸੰਦ ਹੈ, ਸਰਕਾਰੀ ਖ਼ਰਚ ਤੇ ਵਕੀਲ ਖੜ੍ਹੇ ਕਰ ਦਿੰਦੀ ਸੀ। ਸਾਨੂੰ ਫਸਾਉਣ ਲਈ ਝੂਠੀਆਂ ਗਵਾਹੀਆਂ ਭੁਗਤਾਈਆਂ ਜਾਂਦੀਆਂ ਸਨ। ਇੱਕ ਅਜਿਹੇ ਗਵਾਹ ਦਾ ਕਿੱਸਾ ਚੇਤਾ ਆਇਆ ਹੈ- ਉਹ ਸ਼ਨਾਖਤ ਕਰਨ ਆਇਆ ਤੇ ਲੱਗਾ ਹਰ ਇੱਕ ਦੇ ਮੱਥੇ ਵੱਲ ਵੇਖਣ, ਪਰ ਮੁਲਜ਼ਮ ਨੇ ਮੱਥੇ ਦਾ ਦਾਗ ਲੁਕਾਇਆ ਹੋਇਆ ਸੀ। ਜੱਜ ਦੇ ਪੁੱਛਣ ਤੇ ਗਵਾਹ ਨੇ ਆਖਿਆ, "ਜੀ ਮੈਨੂੰ ਦੱਸਿਆ ਸੀ ਕਿ ਮੁਲਜ਼ਮ ਦੇ ਮੱਥੇ ਉੱਤੇ ਦਾਗ ਏ।" ਬੜਾ ਹਾਸਾ ਪਿਆ।

ਅਦਾਲਤ ਦੇ ਖਿਲਾਫ ਨਾ ਕੋਈ ਅਪੀਲ ਤੇ ਨਾ ਹੀ ਕੋਈ ਦਲੀਲ ਸੀ। 1915 ਵਿੱਚ ਸਾਨੂੰ 24 ਦੇਸ਼ ਭਗਤਾਂ ਨੂੰ ਫਾਂਸੀ ਦਾ ਹੁਕਮ ਸੁਣਾਇਆ ਗਿਆ। ਇਸ ਹੁਕਮ ਨੂੰ ਅਸਾਂ ਖਿੜੇ ਮੱਥੇ ਸੁਣਿਆ। ਕਰਤਾਰ ਸਿੰਘ ਅਤੇ ਦੂਜੇ ਸਾਥੀਆਂ ਨੇ ਉੱਚੀ ਆਵਾਜ਼ ਵਿੱਚ "Thank you" (ਧੰਨਵਾਦ) ਕਿਹਾ। ਜਦ ਕੈਦੀਆਂ ਵਾਲੇ ਕੱਪੜੇ ਪਹਿਨਾ ਕੇ ਫਾਂਸੀ ਦੀਆਂ ਕੋਠੜੀਆਂ ਵਿੱਚ ਸਾਰਿਆਂ ਨੂੰ ਬੰਦ ਕਰ ਦਿੱਤਾ ਗਿਆ ਤਾਂ ਜੇਲ੍ਹ ਨਿਯਮਾਂ ਅਨੁਸਾਰ, ਜੇਲ੍ਹ ਸੁਪਰੀਟੈਂਡੈਂਟ ਹਰ ਇੱਕ ਕੋਲ ਆਇਆ ਤੇ ਕਿਹਾ, "ਤੁਸੀਂ ਜਾਣਦੇ ਹੋ ਕਿ ਸਪੈਸ਼ਲ ਕੋਰਟ ਦਾ ਫੈਸਲਾ ਆਖਰੀ ਹੁੰਦਾ ਹੈ, ਹਾਂ ਤੁਸੀਂ ਬਾਦਸ਼ਾਹ ਅੱਗੇ ਰਹਿਮ ਦੀ ਦਰਖਾਸਤ ਕਰ ਸਕਦੇ ਹੋ।" ਸਿਵਾਏ ਭਾਈ ਪਰਮਾਨੰਦ ਲਾਹੌਰ ਅਤੇ ਇੱਕ ਹੋਰ ਆਦਮੀ ਦੇ, ਜਿਸ ਨੇ ਪਿੰਡ ਚੱਬਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ, ਦੇਸ਼-ਭਗਤਾਂ ਨੂੰ ਪ੍ਰੇਰ ਕੇ ਇੱਕ ਅਜਿਹੇ ਸ਼ਾਹੂਕਾਰ ਦੇ ਘਰੇ ਡਾਕਾ ਮਰਵਾਇਆ ਸੀ, ਜਿਸ ਦਾ ਉਸ ਨੇ ਕਰਜ਼ਾ ਦੇਣਾ ਸੀ, ਹੋਰ ਕਿਸੇ ਨੇ ਰਹਿਮ ਦੀ ਅਪੀਲ ਨਾ ਕੀਤੀ। ਸਗੋਂ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਕਰਤਾਰ ਸਿੰਘ ਨੇ ਇਸ ਪੇਸ਼ਕਸ਼ ਦਾ ਮਜ਼ਾਕ ਉਡਾਇਆ ਤੇ ਕਿਹਾ, "ਮੈਂ ਅਪੀਲ ਕਰਦਾ ਹਾਂ ਕਿ ਸਾਨੂੰ ਜਲਦੀ ਤੋਂ ਜਲਦੀ ਫਾਂਸੀ ਦਿੱਤੀ ਜਾਵੇ।"

ਅਸੀਂ 24 ਫਾਂਸੀ ਲੱਗਣ ਵਾਲੇ ਹਾਤਾ ਨੰਬਰ 121 ਵਿੱਚ 24 ਕੋਠੀਆਂ ਦੀ ਕਤਾਰ ਵਿੱਚ ਨਾਲ ਨਾਲ ਬੰਦ ਕੀਤੇ ਹੋਏ ਸਾਂ। ਸਾਨੂੰ ਸ਼ਾਮ ਨੂੰ ਅੱਧਾ ਘੰਟਾ ਟਹਿਲਣ ਲਈ ਵਿਹੜੇ ਵਿੱਚ ਕੱਢਿਆ ਜਾਂਦਾ ਸੀ। ਇੱਕ ਦਿਨ ਮੈਂ ਟਹਿਲਦਿਆਂ ਟਹਿਲਦਿਆਂ ਕਰਤਾਰ ਸਿੰਘ ਦੀ ਕੋਠੀ ਵਿੱਚ ਝਾਤੀ ਮਾਰੀ। ਅੰਦਰ, ਸਾਹਮਣੇ ਕੰਧ ਉੱਤੇ ਕੋਲੇ ਨਾਲ ਮੋਟੇ ਅੱਖਰਾਂ ਵਿੱਚ ਲਿਖਿਆ ਹੋਇਆ ਸੀ, **''ਸ਼ਹੀਦੋਂ ਕਾ ਖ਼ੂਨ ਕਭੀ ਖਾਲੀ ਨਹੀਂ ਜਾਤਾ।''** ਪੜ੍ਹ ਕੇ ਮੈਂ ਆਖਿਆ, ''ਕਰਤਾਰ ਏਥੇ ਤਾਂ ਹੱਡੀਆਂ ਵੀ ਜੇਲ੍ਹ ਦੇ ਅੰਦਰ ਹੀ ਸਾੜ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਕਿਸੇ ਨੂੰ ਬਾਹਰ ਪਤਾ ਨਾ ਲੱਗੇ। ਤੇ ਤੂੰ ਲਿਖਿਆ ਹੈ ਕਿ ਸ਼ਹੀਦੋਂ ਕਾ ਖ਼ੂਨ ਕਭੀ ਖਾਲੀ ਨਹੀਂ ਜਾਤਾ।'' ਕਰਤਾਰ ਨੇ ਹੱਸ ਕੇ ਆਖਿਆ, ''ਹਾਂ ਜੀ, ਠੀਕ ਹੀ ਤਾਂ ਲਿਖਿਆ ਹੈ।'' ਅੱਜ ਕਰਤਾਰ ਦੀ ਭਵਿੱਖਬਾਣੀ ਮੈਨੂੰ ਯਾਦ ਆਉਂਦੀ ਹੈ-ਉਹ ਕਿੰਨਾ ਸੂਝਵਾਨ ਨਿਡਰ ਤੇ ਬਹਾਦਰ ਸੀ।

ਆਖਿਰ ਉਹ ਦਿਨ ਆ ਗਿਆ। ਸਵੇਰੇ ਫ਼ਾਂਸੀ ਲਟਕਣਾ ਸੀ। ਉਸ ਤੋਂ ਪਹਿਲਾਂ ਦੀ ਰਾਤ ਮੈਨੂੰ ਅੱਜ ਤੱਕ ਨਹੀਂ ਭੁੱਲੀ। ਸਾਡੀ ਬੈਰਕ ਵਿੱਚ 24 ਕੋਠੜੀਆਂ ਦੀ ਲੰਮੀ ਕਤਾਰ ਵਿੱਚ ਮੇਰੇ ਵਰਗਾ ਇੱਕ ਇੱਕ ਕੈਦੀ ਸੀ। ਜਿਵੇਂ ਰਿਵਾਜ ਸੀ ਸਾਡਾ ਵਜ਼ਨ ਕਰ ਲਿਆ ਗਿਆ। ਫੇਰ ਸਾਰੀ ਰਾਤ ਅਸੀਂ ਉੱਚੀ ਉੱਚੀ ਹਸਦੇ, ਕੂਕਦੇ ਤੇ ਗਾਉਂਦੇ ਰਹੇ। ਉਹਨਾਂ ਗੀਤਾਂ ਦਾ ਆਸ਼ਾ ਇਹ ਸੀ ਕਿ ਅਸੀਂ ਆਪਣਾ ਫਰਜ਼ ਨਿਭਾ ਚੱਲੇ ਹਾਂ।

ਫ਼ਾਂਸੀ ਵਾਲੇ ਦਿਨ ਡਿਪਟੀ ਜੇਲ੍ਹਰ ਨੇ ਸਵੇਰੇ ਦਰਵਾਜ਼ੇ ਖੁਲ੍ਹਵਾਏ ਪਰ ਰਿਵਾਜ ਮੁਤਾਬਿਕ ਸਾਡੇ ਆਖਰੀ ਇਸ਼ਨਾਨ ਲਈ ਪਾਣੀ ਕੋਈ ਨਾ ਆਇਆ। ਪੁੱਛਣ ਤੇ ਪਤਾ ਲੱਗਾ ਕਿ ਰਾਤ ਦੇ ਦਸ ਵਜੇ ਉੱਪਰੋਂ ਹੁਕਮ ਆਇਆ ਹੈ ਕਿ ਫ਼ਾਂਸੀ ਅਜੇ ਰੋਕ ਦਿੱਤੀ ਜਾਵੇ। ਫਿਰ ਪਤਾ ਲੱਗਾ ਕਿ ਰਘੁਨਾਥ ਸਹਾਇ ਤੇ ਕੁਝ ਹੋਰ ਦੇਸ਼ ਭਗਤ ਵਕੀਲਾਂ ਨੇ ਇਸ ਮੁਕੱਦਮੇ ਦਾ ਡਰਾਮਾ ਅੱਖੀਂ ਵੇਖਿਆ ਸੀ। ਉਹਨਾਂ ਨੇ ਇੱਕ ਕਮੇਟੀ ਬਣਾਈ, ਜਿਸ ਨੇ ਇਸ ਮੁਕੱਦਮੇ ਦੇ ਕਾਗ਼ਜ਼ ਅਲਾਹਾਬਾਦ ਪੰਡਿਤ ਮੋਤੀ ਲਾਲ ਨਹਿਰੂ ਅੱਗੇ ਪੇਸ਼ ਕੀਤੇ। ਕਾਗ਼ਜ਼ਾਂ ਦੀ ਪੜਤਾਲ ਕਰਕੇ ਉਹ ਕਹਿਣ ਲੱਗੇ ਕਿ 24 ਆਦਮੀਆਂ ਵਿੱਚੋਂ 17 ਅਜਿਹਿਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ, ਜਿਹੜੇ ਹਿੰਦੁਸਤਾਨ ਦੀ ਜ਼ਮੀਨ ਉੱਤੇ ਉਤਰੇ ਹੀ ਨਹੀਂ ਤੇ ਜਹਾਜ਼ਾਂ ਤੋਂ ਹੀ ਫੜੇ ਗਏ ਹਨ। ਇਹ ਕਾਨੂੰਨੀ ਕਮਜ਼ੋਰੀ ਸੀ।

ਵਕੀਲਾਂ ਦਾ ਡੈਪੂਟੇਸ਼ਨ ਵਾਇਸਰਾਏ ਦੀ ਕੌਂਸਲ ਦੇ ਨਾਮਜ਼ਦ ਭਾਰਤੀ ਮੈਂਬਰਾਂ -ਸਰ ਹਰਨਾਮ ਸਿੰਘ ਕਪੂਰਥਲਾ, ਸ੍ਰੀ ਮਦਨ ਮੋਹਨ ਮਾਲਵੀਆ ਤੇ ਸਰ ਅਲੀ ਇਮਾਮ ਮਦਰਾਸ ਨੂੰ ਮਿਲਿਆ। ਕੇਸ ਸਮਝਾਇਆ ਅਤੇ ਕਾਨੂੰਨੀ ਨੁਕਤੇ ਨਾਲ ਉਹਨਾਂ ਨੂੰ ਸਹਿਮਤ ਕਰ ਲਿਆ। ਫੇਰ ਇਹ ਡੈਪੂਟੇਸ਼ਨ ਲਾਰਡ ਹਾਰਡਿੰਗ ਨੂੰ ਮਿਲਿਆ ਤੇ ਉਸ ਨੇ ਉਸ ਕਾਨੂੰਨੀ ਕਮਜ਼ੋਰੀ ਦੀ ਬਿਨਾ ਤੇ ਉਹਨਾਂ 17 ਆਦਮੀਆਂ ਦੀ ਮੌਤ ਦੀ ਸਜ਼ਾ ਤੋੜ ਦਿੱਤੀ, ਪਰ ਉਮਰ ਕੈਦ, ਕਾਲੇ ਪਾਣੀ ਅਤੇ ਜਾਇਦਾਦ ਜ਼ਬਤੀ ਕਾਇਮ ਰੱਖੀ। ਮੈਂ ਉਹਨਾਂ ਸਤਾਰਾਂ ਵਿੱਚੋਂ ਇੱਕ ਸਾਂ।

ਅੱਜ ਵੀ ਮੇਰੀਆਂ ਅੱਖਾਂ ਸਾਹਮਣੇ 16 ਨਵੰਬਰ 1915 ਦਾ ਉਹ ਦਿਨ ਆਉਂਦਾ ਹੈ, ਜਿਸ ਦਿਨ ਮੇਰੇ ਸੱਤ ਸਾਥੀਆਂ (ਸਰਦਾਰ ਕਰਤਾਰ ਸਿੰਘ ਸਰਾਭਾ, ਭਾਈ



ਬਖਸ਼ੀਸ ਸਿੰਘ, ਭਾਈ ਸੁਰੈਣ ਸਿੰਘ ਸਪੁੱਤਰ ਬੂੜ ਸਿੰਘ, ਭਾਈ ਸੁਰੈਣ ਸਿੰਘ ਸਪੁੱਤਰ ਈਸ਼ਰ ਸਿੰਘ, ਭਾਈ ਹਰਨਾਮ ਸਿੰਘ, ਸ੍ਰੀ ਵਿਸ਼ਨੂ ਗਣੇਸ਼ ਪਿੰਗਲੇ ਅਤੇ ਭਾਈ ਜਗਤ ਸਿੰਘ) ਨੇ ਹਸਦਿਆਂ ਹਸਦਿਆਂ ਫ਼ਾਂਸੀ ਦੇ ਰੱਸੇ ਗਲ਼ ਵਿੱਚ ਪਾਏ ਤੇ ਆਖ਼ਰੀ ਸਮੇਂ ਫ਼ਾਂਸੀ ਦੇ ਤਖਤੇ ਉੱਤੇ ਖਲੋ ਕੇ ਆਪਣੀ ਮਾਤਭੂਮੀ ਨੂੰ ਸੁਨੇਹਾ ਦਿੱਤਾ :

**''ਐ ਭਾਰਤ ਮਾਤਾ ! ਅਸੀਂ ਤੇਰੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਨਹੀਂ ਤੋੜ ਸਕੇ। ਜੇ ਸਾਡੇ ਵਿੱਚੋਂ ਇੱਕ ਵੀ ਸਾਥੀ ਜਿਉਂਦਾ ਰਿਹਾ ਤਾਂ ਆਖ਼ਰੀ ਦਮ ਤੱਕ ਮਾਤ-ਭੂਮੀ ਅਤੇ ਜਨਤਾ ਦੀ ਆਜ਼ਾਦੀ ਤੇ ਬਰਾਬਰੀ ਲਈ ਲੜਦਾ ਰਹੇਗਾ, ਅਤੇ ਹਰ ਤਰ੍ਹਾਂ ਦੀ ਗ਼ੁਲਾਮੀ ਕੀ ਆਰਥਿਕ, ਕੀ ਰਾਜਨੀਤਕ ਤੇ ਕੀ ਸਮਾਜਿਕ, ਨੂੰ ਦੇਸ਼ ਅਤੇ ਮਨੁੱਖੀ ਸਮਾਜ ਤੋਂ ਮਿਟਾਉਣ ਦੀ ਕੋਸ਼ਿਸ਼ ਕਰੇਗਾ।''**

## 13. ਅੰਡੇਮਾਨ ਸੈਲੂਅਲਰ ਜੇਲ੍ਹ ਵਿੱਚ

ਲਾਹੌਰ ਸਾਜਿਸ਼ ਕੇਸ (ਪਹਿਲੇ) ਵਿੱਚ ਸਾਡੇ ਸਾਥੀਆਂ ਨੂੰ ਸਜ਼ਾਵਾਂ ਹੋਈਆਂ ਤੇ ਕੈਦੀਆਂ ਦੇ ਕੱਪੜੇ ਪਾਉਣ ਲਈ ਸਾਹਮਣੇ ਲਿਆ ਰੱਖੇ ਗਏ। ਉਹਨੀਂ ਦਿਨੀਂ ਕੈਦੀ ਲਈ ਸਿਰ ਤੇ ਪਾਉਣ ਲਈ ਫੂਸ ਦੀ ਟੋਪੀ ਹੁੰਦੀ ਸੀ। ਸਾਡੇ ਮੁਕੱਦਮੇ ਦੇ ਸਾਰੇ ਸਿੱਖ ਕੈਦੀਆਂ ਨੇ ਟੋਪੀਆਂ ਪਾਉਣ ਤੋਂ ਇਨਕਾਰ ਕਰ ਦਿੱਤਾ। ਸਾਡੇ ਤੋਂ ਪਹਿਲਾਂ ਮਾਸਟਰ ਚਤਰ ਸਿੰਘ ਨੂੰ, ਜੋ ਟੋਪੀ ਪਾਉਣ ਤੋਂ ਇਨਕਾਰ ਕਰਨ ਵਾਲੇ ਪਹਿਲੇ ਕੈਦੀ ਸਨ, ਸਜ਼ਾ ਲੱਗ ਚੁੱਕੀ ਸੀ। ਅਸਾਂ ਸਾਰਿਆਂ ਨੇ ਵੀ ਟੋਪੀ ਪਾਉਣੋਂ ਇਨਕਾਰ ਕਰ ਦਿੱਤਾ। ਐਜੀਟੇਸ਼ਨ ਵਧਦੀ ਦੇਖ ਕੇ ਪੰਜਾਬ ਸਰਕਾਰ ਨੇ ਬਗੈਰ ਉਮਰ ਦੇ ਲਿਹਾਜ ਤੇ ਡਾਕਟਰੀ ਮੁਆਇਨੇ ਦੇ ਇੱਕ ਸ਼ਾਮ ਨੂੰ ਸਾਨੂੰ ਪੂਰੇ ਕੱਪੜੇ ਪਗੜੀ ਵਗੈਰਾ ਦੇ ਕੇ ਅੰਡੇਮਾਨ ਭੇਜ ਦਿੱਤਾ ਸੀ। ਇਸ ਤਰ੍ਹਾਂ ਦੂਸਰੇ ਉਮਰ ਕੈਦ (ਕਾਲੇ ਪਾਣੀ) ਵਾਲੇ ਕੈਦੀਆਂ ਦੇ ਨਾਲ ਮੈਂ ਦਸੰਬਰ 1915 ਵਿੱਚ ਅੰਡੇਮਾਨ ਸੈਲੂਅਲਰ ਜੇਲ੍ਹ ਵਿੱਚ ਪਹੁੰਚਿਆ।

ਇੱਕ ਗੱਲ ਯਾਦ ਰੱਖਣ ਵਾਲੀ ਹੈ-ਉਹ ਇਹ ਕਿ ਸੱਚੇ ਇਨਕਲਾਬੀ ਦੇ ਸਾਹਮਣੇ ਚਾਹੇ ਉਹ ਬਾਹਰ ਹੋਵੇ ਜਾਂ ਜੇਲ੍ਹ ਦੇ ਅੰਦਰ, ਕੰਮ ਕਦੇ ਖ਼ਤਮ ਨਹੀਂ ਹੁੰਦਾ। ਕਿਉਂਕਿ ਉਹਦਾ ਮੁਕਾਬਲਾ ਗੁਲਾਮੀ ਤੇ ਅਨਿਆਂ ਨਾਲ ਹੁੰਦਾ ਹੈ।

ਜਦ ਸਾਡੇ ਸਾਥੀ ਸੈਲੂਅਲਰ ਜੇਲ੍ਹ ਵਿੱਚ ਪਹੁੰਚੇ ਤਾਂ ਪੁਰਾਣੇ ਬੰਗਾਲੀ ਇਨਕਲਾਬੀ ਤੇ ਗਣੇਸ਼ ਸਾਵਰਕਰ, ਵਿਨਾਇਕ ਸਾਵਰਕਰ ਅਤੇ ਜੋਸ਼ੀ ਵਗੈਰਾ ਮਰਹੱਟੇ ਦੇਸ਼ ਭਗਤਾਂ ਤੋਂ ਪਤਾ ਲੱਗਾ ਕਿ ਜੇਲਰ ਤੇ ਜੇਲ੍ਹ ਸੁਪਰੀਟੈਂਡੰਟ ਬੜੇ ਕੁਰੱਖਤ ਹਨ। ਹਰ ਇੱਕ ਕੈਦੀ ਤੋਂ, ਚਾਹੇ ਰਾਜਸੀ ਹੀ ਕਿਉਂ ਨਾ ਹੋਵੇ, ਕੁਝ ਹਫਤਿਆਂ ਤੱਕ ਹੈਂਡ ਮਸ਼ੀਨ ਨਾਲ ਤੀਹ ਪੌਂਡ ਤੇਲ ਕਢਾਉਣ ਦੀ ਮੁਸ਼ੱਕਤ ਜ਼ਰੂਰ ਲੈਂਦੇ ਸਨ। ਮੁਸ਼ੱਕਤ ਬਹੁਤ ਸਖ਼ਤ ਸੀ। ਜੇ ਇੱਕ ਪੌਂਡ ਤੇਲ ਵੀ ਘਟੇ ਤਾਂ ਤੀਹ ਬੈਂਤਾਂ ਦੀ ਕਰੜੀ ਸਜ਼ਾ ਦੇਂਦੇ ਸਨ। ਮੁਸ਼ੱਕਤ ਘੱਟ ਹੋਣ ਤੋਂ ਡਰਦੇ ਕਈ ਕੈਦੀ ਆਤਮ ਹੱਤਿਆ ਵੀ ਕਰ ਲੈਂਦੇ ਸਨ ਤੇ ਹਰ ਮਹੀਨੇ ਅਜਿਹੇ ਇੱਕ ਦੋ ਕੇਸ ਹੋ ਜਾਂਦੇ ਸਨ।

ਸਾਰੇ ਸਾਥੀਆਂ ਨੇ ਇਸ ਤੇ ਵਿਚਾਰ ਕੀਤੀ ਕਿ ਹੁਣ ਕੀ ਨੀਤੀ ਅਪਣਾਈ

ਜਾਵੇ। ਫੈਸਲਾ ਇਹ ਹੋਇਆ ਕਿ ਮੁਸ਼ੱਕਤ ਤਾਂ ਕੀਤੀ ਜਾਵੇ ਪਰ ਜਿੱਥੋਂ ਤੱਕ ਇਨਸਾਨੀ ਤਾਕਤ ਦੇ ਅੰਦਰ ਹੋਵੇ। ਕੋਹਲੂ ਦੀ ਮੁਸ਼ੱਕਤ-ਜੋ ਬੈਲ ਦੀ ਮੁਸ਼ੱਕਤ ਹੈ-ਕਰਨ ਦਾ ਭਾਵ ਹੈ ਕਿ ਅਸੀਂ ਕੈਦੀ ਦੇ ਹੱਕਾਂ ਲਈ ਘੋਲ ਕਰਨੋ ਡਰਦੇ ਹਾਂ ਅਤੇ ਆਪਾ ਬਚਾਉਂਦੇ ਹਾਂ। ਸੋ ਫੈਸਲਾ ਇਹ ਹੋਇਆ ਕਿ ਇਹ ਗੈਰ ਇਨਸਾਨੀ ਕੋਹਲੂ ਦੀ ਮੁਸ਼ੱਕਤ ਨਾ ਖ਼ੁਦ ਕੀਤੀ ਜਾਏ ਤੇ ਨਾ ਹੀ ਸਾਡੇ ਤੋਂ ਪਿੱਛੋਂ ਆਉਣ ਵਾਲੇ ਰਾਜਸੀ ਕੈਦੀਆਂ ਨੂੰ ਕਰਨ ਲਈ ਕਿਹਾ ਜਾਵੇ। ਜਿਸ ਸਾਥੀ ਤੇ ਨਾਜਾਇਜ਼ ਦਬਾਅ ਇਹ ਅਫ਼ਸਰ ਪਾਉਣ ਉਹ ਮੁਕਾਬਲਾ ਕਰੇ ਅਰਥਾਤ ਇਨਕਾਰ ਕਰ ਦਏ।

ਦੂਸਰਾ - ਕਿਸੇ ਜੇਲ੍ਹ ਅਧਿਕਾਰੀ ਦੀ ਬੇਇੱਜ਼ਤੀ ਨਾ ਕੀਤੀ ਜਾਏ ਪਰ ਜੇ ਸਾਡੀ ਬੇਇੱਜ਼ਤੀ ਜੇਲ੍ਹ ਵਾਲੇ ਨਾਜਾਇਜ਼ ਤੌਰ 'ਤੇ ਕਰਨ ਤਾਂ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਜਾਏ।

ਕਿਸੇ ਨਾ ਕਿਸੇ ਤਰ੍ਹਾਂ ਜੇਲਰ ਨੂੰ ਸਾਡੇ ਫੈਸਲੇ ਦਾ ਪਤਾ ਲੱਗ ਗਿਆ। ਕੋਹਲੂ ਦੀ ਮੁਸ਼ੱਕਤ ਦੇਣ ਦਾ ਤਾਂ ਉਹਨੂੰ ਹੌਂਸਲਾ ਨਾ ਪਿਆ ਪਰ ਸੁੱਕਾ ਛਿਲਕਾ ਬਗੈਰ ਪਾਣੀ ਨਾਲ ਤਰ ਕੀਤਿਆਂ ਕੁੱਟਣ ਲਈ ਦੇ ਦਿੱਤਾ। ਹਾਲਾਂ ਕਿ ਸੁੱਕਾ ਛਿਲਕਾ ਕੁੱਟਿਆ ਨਹੀਂ ਜਾ ਸਕਦਾ ਸੀ ਤੇ ਨਾ ਹੀ ਦੂਸਰੇ ਕੈਦੀਆਂ ਨੂੰ ਦਿੱਤਾ ਜਾਂਦਾ ਸੀ। ਛਿਲਕੇ ਦੀ ਮੁਸ਼ੱਕਤ ਹਮੇਸ਼ਾ ਹਰੇ ਛਿਲਕੇ ਦੀ ਹੁੰਦੀ ਸੀ ਜਿਸ ਨੂੰ ਕੁੱਟ ਕੇ ਤਾਰਾਂ ਕੱਢੀਆਂ ਜਾ ਸਕਦੀਆਂ ਸਨ ਤੇ ਵਾਣ ਵੱਟਣ ਵਾਲੇ ਕੈਦੀਆਂ ਨੂੰ ਵਾਣ ਵੱਟਣ ਲਈ ਦੇ ਦਿੱਤੀਆਂ ਜਾਂਦੀਆਂ। ਪਰ ਇਹ ਜੇਲਰ ਦੀ ਸ਼ਰਾਰਤ ਸੀ। ਸ਼ਰਾਰਤ ਇਹ ਸੀ ਕਿ ਜੋ ਕੈਦੀ ਨਵੇਂ ਆਉਂਦੇ ਸਨ ਉਹਨਾਂ ਨੂੰ 15 ਦਿਨ ਇਕਾਂਤ ਕੈਦ ਦੀ ਸਜ਼ਾ ਦੇ ਤੌਰ 'ਤੇ ਵੱਖੋ ਵੱਖ ਕੋਠੜੀਆਂ ਵਿੱਚ ਰੱਖਦੇ ਸਨ। ਇਹਨਾਂ ਦੀ ਮੁਸ਼ੱਕਤ ਰੀਕਾਰਡ ਵਿੱਚ ਨਹੀਂ ਆਉਂਦੀ ਸੀ। ਪੰਦਰਾਂ ਦਿਨਾਂ ਪਿੱਛੋਂ ਡਾਕਟਰੀ ਮੁਆਇਨਾ ਹੁੰਦਾ ਤੇ ਕੈਦੀ ਦੀ ਤਾਕਤ ਅਨੁਸਾਰ ਜੇਲ੍ਹ ਅਧਿਕਾਰੀ ਉਹਦੀ ਟਿਕਟ ਤੇ ਮੁਸ਼ੱਕਤ ਲਿਖ ਦੇਂਦੇ। ਤਦ ਜਾ ਕੇ ਟਿਕਟ ਉੱਪਰ ਰੋਜ਼ਾਨਾ ਮੁਸ਼ੱਕਤ ਲੈਣ ਵਾਲਾ ਮੁਸ਼ੱਕਤ ਲਿਖਦਾ ਤੇ ਮੁਸ਼ੱਕਤ ਘੱਟ ਹੋਣ ਤੇ ਜੇਲਰ ਉਸ ਟਿਕਟ ਤੇ 'ਪੇਸ਼ੀ' ਲਿਖ ਕੇ ਸੁਪਰੀਟੈਂਡੰਟ ਸਾਹਮਣੇ ਕੈਦੀ ਨੂੰ ਪੇਸ਼ ਕਰਦਾ ਸੀ। ਪਰ ਜੇਲਰ ਨੇ ਪਹਿਲੇ ਹੀ ਦਿਨ ਗੈਰ-ਕਾਨੂੰਨੀ ਕੰਮ ਕੀਤਾ। ਭਾਈ ਪਰਮਾ ਨੰਦ (ਲਾਹੌਰ) ਤੇ ਪਰਮਾ ਨੰਦ (ਝਾਂਸੀ) ਨੂੰ ਬੁਲਾ ਕੇ ਰੋਹਬ ਪਾਣਾ ਚਾਹਿਆ ਕਿ ਜੇ ਅਗਲੇ ਦਿਨ ਮੁਸ਼ੱਕਤ ਪੂਰੀ ਨਾ ਹੋਈ ਤਾਂ ਸਜ਼ਾ ਦਿਆਂਗਾ। ਉਹਨਾਂ ਨੇ ਬਥੇਰਾ ਕਿਹਾ ਕਿ ਸੁੱਕਾ ਛਿਲਕਾ ਕੁੱਟਣਾ ਮੁਸ਼ਕਲ ਹੈ। ਫਿਰ ਵੀ ਅਗਲੇ ਦਿਨ ਉਹਨਾਂ ਨੂੰ ਛਿਲਕਾ ਭਿਉਣ ਲਈ ਪਾਣੀ ਨਾ ਦਿੱਤਾ ਗਿਆ। ਟੰਡਲ (ਜੇਲ੍ਹ ਦਾ ਵੱਡਾ ਲੰਬੜਦਾਰ) ਨੂੰ ਕਿਹਾ ਕਿ ਜੇ ਕੱਲ੍ਹ ਪੂਰਾ ਛਿਲਕਾ ਨਾ ਕੁੱਟਣ ਤਾਂ ਦਫ਼ਤਰ ਵਿੱਚ ਹਾਜ਼ਰ ਕਰੋ। ਹੁਣ ਛਿਲਕਾ ਤਾਂ ਸੁੱਕਾ ਕੁੱਟਿਆ ਨਹੀਂ ਜਾ ਸਕਦਾ ਸੀ। ਇਹ ਗੱਲ ਤਾਂ ਜੇਲਰ ਵੀ ਭਲੀ ਭਾਂਤ ਜਾਣਦਾ ਸੀ। ਪਰ ਇਹ ਸਾਰੀ ਉਸਦੀ ਗਿਣੀ ਮਿਥੀ ਸ਼ਰਾਰਤ ਸੀ। ਪਰਮਾਨੰਦ (ਝਾਂਸੀ) ਅਜੇ ਬੱਚਾ ਤੇ ਵੇਖਣ ਵਿੱਚ ਕਮਜ਼ੋਰ ਲਗਦਾ ਸੀ। ਜੇਲਰ ਦਾ ਖਿਆਲ ਸੀ ਕਿ ਉਸ ਤੇ ਦਬਾਅ ਪਾ ਕੇ ਉਹਦੇ ਤੋਂ ਸੂਹੀਏ (ਮੁਖ਼ਬਰ) ਦਾ ਕੰਮ ਲਿਆ ਜਾਵੇ।

ਅਗਲੇ ਦਿਨ ਪਰਮਾਨੰਦ (ਝਾਂਸੀ) ਇਕੱਲੇ ਨੂੰ ਹੀ ਲੰਬੜਦਾਰ ਜੇਲਰ ਦੇ ਦਫਤਰ ਲੈ ਗਿਆ। ਜਦ ਪਰਮਾਨੰਦ ਨੂੰ ਜੇਲਰ ਦੇ ਸਾਹਮਣੇ ਖੜ੍ਹਾ ਕੀਤਾ ਗਿਆ ਤਾਂ ਜੇਲਰ



ਨੇ ਉਹਨੂੰ ਗਾਲ੍ਹ ਕੱਢੀ। ਪਰਮਾਨੰਦ ਨੇ ਵੀ ਅਜਿਹਾ ਹੀ ਜਵਾਬ ਦਿੱਤਾ। ਜੇਲਰ ਉੱਠ ਕੇ ਮੁੱਕਾ ਮਾਰਨ ਲੱਗਾ। ਇਸ ਤੇ ਪਰਮਾਨੰਦ ਨੇ ਉਹਦੇ ਮੁੱਕੇ ਤੋਂ ਬਚਾਅ ਕਰਦਿਆਂ ਹੋਇਆਂ ਉਹਦੇ ਵਧੇ ਹੋਏ ਪੇਟ ਤੇ ਜ਼ੋਰ ਦੀ ਲੱਤ ਮਾਰੀ। ਜੇਲਰ ਪਿੱਛੇ ਕੁਰਸੀ ਤੇ ਡਿੱਗ ਪਿਆ। ਉਹਦੇ (ਜੇਲਰ) ਆਦਮੀਆਂ ਨੇ ਪਰਮਾਨੰਦ ਨੂੰ ਮਾਰਿਆ ਤਾਂ ਸਹੀ ਪਰ ਪੂਰੀ ਜੇਲ੍ਹ ਵਿੱਚ ਹਵਾ ਦੀ ਤਰ੍ਹਾਂ ਖ਼ਬਰ ਫੈਲ ਗਈ ਕਿ ਇੱਕ ਬੰਬ ਵਾਲੇ ਨੇ ਜੇਲਰ ਨੂੰ ਮਾਰਿਆ ਹੈ। ਕੈਦੀ ਬੜੇ ਖੁਸ਼ ਹੋਏ ਕਿਉਂਕਿ ਜੇਲਰ ਕੈਦੀਆਂ ਨੂੰ ਬੜਾ ਤੰਗ ਕਰਦਾ ਸੀ ਤੇ ਕਿਹਾ ਕਰਦਾ ਸੀ ਕਿ ਮੈਂ ਜੇਲ੍ਹ ਦਾ ਖ਼ੁਦਾ ਹਾਂ।

ਜੇਲਰ ਦੇ ਸਫ਼ੈਦ ਕੋਟ ਤੇ ਪਰਮਾਨੰਦ ਦੇ ਪੈਰ ਦਾ ਨਿਸ਼ਾਨ ਲੱਗ ਗਿਆ ਤੇ ਉਹ ਉਸੇ ਵੇਲੇ ਕਮਿਸ਼ਨਰ ਦੀ ਕੋਠੀ ਵਿੱਚ ਹਾਜ਼ਰ ਹੋ ਕੇ ਆਪਣੇ ਕੋਟ ਉੱਪਰ ਨਿਸ਼ਾਨ ਵਿਖਾ ਕੇ ਕਹਿਣ ਲੱਗਾ ਕਿ ਜੇ ਅੱਜ ਮੇਰੇ ਆਦਮੀ ਮੈਨੂੰ ਨਾ ਬਚਾਉਂਦੇ ਤਾਂ ਇਸ ਕੈਦੀ ਨੇ ਮੇਰਾ ਖਾਤਮਾ ਕਰ ਦੇਣਾ ਸੀ। ਜਾਂ ਤਾਂ ਮੇਰਾ ਅਸਤੀਫਾ ਲੈ ਲਓ ਜਾਂ ਮੈਨੂੰ ਗੋਰੇ ਸਿਪਾਹੀ ਦਿਓ ਜੋ ਗੋਲੀ ਗੱਠਾ ਭਰ ਕੇ ਹਮੇਸ਼ਾ ਦਿਨ ਵੇਲੇ ਜੇਲ੍ਹ ਦੀ ਰੱਖਿਆ ਕਰਨ, ਨਹੀਂ ਤਾਂ ਮੈਨੂੰ ਇਹਨਾਂ ਰਾਜਸੀ ਕੈਦੀਆਂ ਤੋਂ ਬਹੁਤ ਡਰ ਰਹਿੰਦਾ ਹੈ। ਉਸ ਨੇ ਸੱਤ ਗੋਰਿਆਂ ਦੀ ਗਾਰਦ ਮਨਜ਼ੂਰ ਕਰਵਾ ਲਈ ਜੋ ਜੇਲ੍ਹ ਦੇ ਸੱਤ ਨੰਬਰਾਂ (ਹਿੱਸਿਆਂ) ਵਿੱਚ ਗੋਲੀ ਗੱਠਾ ਭਰ ਕੇ ਹਮੇਸ਼ਾ ਪਹਿਰਾ ਦੇਂਦੇ। ਅਸੀਂ ਜੇਲਰ ਦੀ ਚਾਲ ਨੂੰ ਸਮਝਦੇ ਸਾਂ ਕਿ ਉਹ ਪਠਾਣ ਲੰਬੜਦਾਰਾਂ ਦਾ ਸਾਡੇ ਨਾਲ ਲੜਾਈ ਮੁਕਾਬਲਾ ਕਰਾ ਕੇ ਪਿੱਛੋਂ ਗੋਲੀ ਚਲਵਾ ਕੇ ਸਾਨੂੰ ਖਤਮ ਕਰਾ ਦਏਗਾ।

ਅਸਾਂ ਪਠਾਣਾਂ ਨੂੰ ਸਾਫ ਕਹਿ ਦਿੱਤਾ ਕਿ ਜੇਲਰ ਦਾ ਇਰਾਦਾ ਇਹ ਹੈ। ਅਸੀਂ ਤਾਂ ਮਰੇ ਹਾਂਈਂ ਪਰ ਤੁਹਾਨੂੰ ਵੀ ਨਾਲ ਲੈ ਕੇ ਮਰਾਂਗੇ। ਪਠਾਣਾਂ ਨੇ ਵੀ ਸਾਫ ਕਹਿ ਦਿੱਤਾ ਕਿ ਦੂਰੋਂ ਦੂਰੋਂ ਤੇ ਅਸੀਂ ਭਾਵੇਂ 'ਹਾਂ ਹਾਂ, ਹੂ, ਹੂ, ਪਏ ਕਰੀਏ ਪਰ ਨੇੜੇ ਨਹੀਂ ਆਵਾਂਗੇ। ਸੋ ਜੇਲਰ ਦੀ ਇਹ ਚਾਲ ਵੀ ਫੇਲ੍ਹ ਹੋ ਗਈ। ਜਦ ਅਸੀਂ ਸਾਰੇ ਅੰਡੇਮਾਨ ਸੈਲੂਅਲਰ ਜੇਲ੍ਹ ਵਿੱਚ ਰਹੇ, ਗੋਰਿਆਂ ਦੀ ਗਾਰਦ ਲੱਗੀ ਰਹੀ। ਪਰਮਾਨੰਦ (ਝਾਂਸੀ) ਨੂੰ ਬੈਂਤਾਂ ਦੀ ਸਜ਼ਾ ਦਿੱਤੀ ਗਈ ਤੇ ਉਸ ਨੇ ਬਹੁਤ ਬਹਾਦਰੀ ਨਾਲ ਬੈਂਤ ਬਰਦਾਸ਼ਤ ਕੀਤੇ। ਅਸਾਂ ਸਾਰਿਆਂ ਨੇ ਇਸ ਬੈਂਤ ਦੀ ਸਜ਼ਾ ਨੂੰ ਜੇਲਰ ਦੀ ਸ਼ਰਾਰਤ ਤੇ ਗੈਰ ਕਾਨੂੰਨੀ ਕਹਿ ਕੇ ਕੰਮ ਦੀ ਹੜਤਾਲ ਕਰ ਦਿੱਤੀ, ਕਿਉਂਕਿ ਇਸ ਇਕਾਂਤ ਕੈਦ ਦੀ ਸਜ਼ਾ ਦੇ ਪੰਦਰਾਂ ਦਿਨ ਜੇਲਰ ਦਾ ਕੋਈ ਹੱਕ ਨਹੀਂ ਸੀ ਕਿ ਉਹ ਨਵੇਂ ਕੈਦੀ ਦੀ ਪੇਸ਼ੀ ਕਰੇ। ਜਦ ਸਾਰਿਆਂ ਨੇ ਕੰਮ ਦੀ ਹੜਤਾਲ ਕਰ ਦਿੱਤੀ ਤਾਂ ਜੇਲਰ ਨੇ ਭਾਈ ਪਰਮਾਨੰਦ (ਲਾਹੌਰ) ਨੂੰ ਕਿਹਾ ਕਿ ਤੁਸੀਂ ਮੇਰੀ ਸੁਲਾਹ ਕਰਾ ਦਿਓ ਫਿਰ ਸ਼ਿਕਾਇਤ ਦਾ ਮੌਕਾ ਨਹੀਂ ਦਿਆਂਗਾ। ਪਰਮਾਨੰਦ (ਝਾਂਸੀ) ਨੂੰ ਸਿਰਫ ਬੈਂਤ ਹੀ ਨਹੀਂ ਲੱਗੇ ਸਨ ਬਲਕਿ ਛੇ ਮਹੀਨੇ ਕੋਠੀ ਬੰਦ, ਘੱਟ ਖਾਣਾ ਤੇ ਛੇ ਮਹੀਨੇ ਬੇੜੀ ਦੀ ਸਜ਼ਾ ਵੀ ਮਿਲੀ ਸੀ। ਸਭ ਨੇ ਫੈਸਲਾ ਕੀਤਾ ਕਿ ਇੱਕ ਵਾਰੀ ਮਾਫੀ ਦਿੱਤੀ ਜਾਏ। ਉਹ ਇਸ ਸ਼ਰਤ ਤੇ ਕਿ ਬੈਂਤ ਤਾਂ ਲੱਗ ਹੀ ਚੁੱਕੇ ਹਨ, ਪਰ ਬਾਕੀ ਸਜ਼ਾਵਾਂ ਵਾਪਸ ਲਈਆਂ ਜਾਣ। ਜੇਲਰ ਨੇ ਇਕਰਾਰ ਕੀਤਾ ਕਿ ਮੈਂ ਬਾਕੀ ਸਜ਼ਾਵਾਂ ਮਾਫ਼ ਕਰਾ ਦਿਆਂਗਾ। ਅਗਲੇ ਦਿਨ ਸਭ ਕੰਮ ਤੇ ਲੱਗ ਗਏ।

ਜਦ ਇੱਕ ਮਹੀਨੇ ਤੱਕ ਸਜ਼ਾਵਾਂ ਮਾਫ਼ ਨਾ ਹੋਈਆਂ ਤਾਂ ਭਾਈ ਪਰਮਾਨੰਦ

ਲਾਹੌਰ ਨੂੰ ਦੋ ਵਾਰੀ ਕਿਹਾ ਗਿਆ ਕਿ ਜੇਲਰ ਨੂੰ ਆਪਣਾ ਇਕਰਾਰ ਪੂਰਾ ਕਰਨ ਲਈ ਕਹਿਣ। ਨਤੀਜਾ ਪਰ ਕੁਝ ਵੀ ਨਾ ਨਿਕਲਿਆ। ਅਖੀਰ ਭਾਈ ਪਰਮਾਨੰਦ ਨੇ ਜਵਾਬ ਹੀ ਦੇ ਦਿੱਤਾ ਕਿ ਮੈਂ ਦੋ ਤਿੰਨ ਵਾਰੀ ਉਸ ਨੂੰ ਯਾਦ ਕਰਵਾ ਚੁੱਕਾ ਹਾਂ, ਪਰ ਉਸਨੇ ਸਿਵਾਏ ਹਾਂ ਹੂੰ ਦੇ ਕੋਈ ਕੁਝ ਨਹੀਂ ਕਿਹਾ। ਅਸੀਂ ਸਾਰਿਆਂ ਨੇ ਜੇਲਰ ਦੇ ਧੋਖੇ ਨੂੰ ਸਮਝ ਕੇ ਫਿਰ ਕੰਮ ਦੀ ਹੜਤਾਲ ਕਰ ਦਿੱਤੀ। ਜੇਲਰ ਨੇ ਭਾਈ ਪਰਮਾਨੰਦ (ਲਾਹੌਰ) ਨੂੰ ਬੁਲਾਇਆ ਤੇ ਹੜਤਾਲ ਛੁਡਾਉਣ ਲਈ ਕਿਹਾ। ਭਾਈ ਪਰਮਾਨੰਦ ਨੂੰ ਹੁਣ ਕਹਿਣ ਦਾ ਹੌਂਸਲਾ ਨਾ ਪਿਆ ਤੇ ਉਸ ਨੇ ਜਵਾਬ ਦੇ ਦਿੱਤਾ ਕਿ ਮੇਰੀ ਗੱਲ ਹੁਣ ਉਹ ਨਹੀਂ ਸੁਣਨਗੇ। ਜੇਲਰ ਨੇ ਕਿਹਾ ਕਿ ਜੇ ਉਹ ਤੇਰੀ ਗੱਲ ਨਹੀਂ ਮੰਨਦੇ ਤਾਂ ਤੂੰ ਅਲੱਗ ਹੋ ਜਾ। ਭਾਈ ਪਰਮਾਨੰਦ ਨੇ ਸਾਫ ਕਹਿ ਦਿੱਤਾ ਕਿ ਮੈਂ ਤਾਂ ਪਹਿਲਾਂ ਹੀ ਅਲੱਗ ਹਾਂ। ਭਾਈ ਪਰਮਾਨੰਦ ਦਾ ਇਹ ਕਹਿਣਾ ਸੱਚ ਸੀ ਕਿਉਂਕਿ ਭਾਈ ਪਰਮਾਨੰਦ ਦਾ ਸਾਡੀ (ਗ਼ਦਰ) ਪਾਰਟੀ ਨਾਲ ਕੋਈ ਸਬੰਧ ਨਹੀਂ ਸੀ। ਪਰ ਭਾਈ ਪਰਮਾਨੰਦ ਨੇ ਇੱਕ ਕਿਤਾਬ ਜਿਸਦਾ ਨਾਂ "ਤਾਰੀਖ-ਇ-ਹਿੰਦ" ਹੈ ਲਿਖੀ ਸੀ, ਜੋ ਅੰਗਰੇਜ਼ ਸਰਕਾਰ ਦੀਆਂ ਅੱਖਾਂ ਵਿੱਚ ਰੜਕ ਰਹੀ ਸੀ। ਇਸ ਲਈ ਮਾਮੂਲੀ ਜਿਹੀ ਗਵਾਹੀ ਪਾ ਕੇ ਉਨ੍ਹਾਂ ਨੂੰ ਸਾਡੇ ਮੁਕੱਦਮੇ ਵਿੱਚ ਰੱਖ ਦਿੱਤਾ। ਭਾਈ ਪਰਮਾਨੰਦ ਦੀ ਮੇਰੇ ਦਿਲ ਵਿੱਚ ਅਜੇ ਵੀ ਇੱਜ਼ਤ ਹੈ। ਉਹ ਇੱਕ ਵਿਦਵਾਨ ਤੇ ਠੰਡੇ ਸੁਭਾਅ ਦੇ ਕੱਟੜ ਆਰੀਆ ਸਮਾਜੀ ਵੀ ਸਨ।

ਪਰ ਭਾਈ ਪਰਮਾਨੰਦ (ਲਾਹੌਰ) ਨੇ ਜੋ ਅਨਿਆਂ ਆਪਣੀ ਜੀਵਨੀ ਵਿੱਚ ਗ਼ਦਰ ਪਾਰਟੀ ਦੇ ਦੇਸ਼ ਭਗਤਾਂ ਨਾਲ ਕੀਤਾ ਹੈ ਉਹ ਗਲਤ ਹੈ। ਉਹਨਾਂ ਨੇ ਅੰਡੇਮਾਨ ਜੇਲ੍ਹ ਵਿੱਚ ਆਪਣੀ ਰਿਹਾਈ ਤੋਂ ਸਿਵਾ ਹੋਰ ਕੋਈ ਦੂਸਰਾ ਭਾਵ ਸਚਾਈ ਦਾ ਰਸਤਾ ਨਹੀਂ ਅਪਨਾਇਆ। ਮੈਂ ਪਰਮਾਨੰਦ (ਝਾਂਸੀ) ਦੇ ਕੇਸ ਨੂੰ ਖੋਲ੍ਹ ਕੇ ਸਾਰਿਆਂ ਦੇ ਸਾਹਮਣੇ ਰੱਖਿਆ ਹੈ। ਹੁਣ ਤੁਸੀਂ ਹੀ ਨਿਰਨਾ ਕਰੋ ਕਿ ਭਾਈ ਪਰਮਾਨੰਦ ਲਾਹੌਰ ਦਾ ਇਹ ਲਿਖਣਾ ਕਿ ਇਹ ਲੋਕ (ਗ਼ਦਰ ਪਾਰਟੀ ਵਾਲੇ) ਬਗੈਰ ਸੋਚੇ ਸਮਝੇ ਹੜਤਾਲ ਕਰ ਦੇਂਦੇ ਸਨ ਕਿੱਥੋਂ ਤੱਕ ਠੀਕ ਹੈ। ਜੇ ਪਰਮਾਨੰਦ ਝਾਂਸੀ ਵਿੱਚ ਦੇਸ਼ ਤੇ ਕੌਮ ਦੀ ਅਣਖ ਨਾ ਹੁੰਦੀ ਤੇ ਉਹ ਜੇਲਰ ਦੀਆਂ ਗਾਲਾਂ ਲੈ ਕੇ ਚੁੱਪ ਕਰ ਰਹਿੰਦੇ ਤਾਂ ਭਾਈ ਪਰਮਾਨੰਦ ਲਾਹੌਰ ਅਨੁਸਾਰ ਇਹ ਸ਼ਰਾਫਤ ਹੁੰਦੀ। ਇਸ ਨਾਲ ਜੇਲਰ ਨੂੰ ਹੋਰ ਦੂਸਰਿਆਂ ਦੀ ਨਾਜਾਇਜ਼ ਬੇਇੱਜ਼ਤੀ ਕਰਨ ਦਾ ਹੌਂਸਲਾ ਪੈ ਜਾਂਦਾ। ਭਾਈ ਪਰਮਾਨੰਦ (ਲਾਹੌਰ) ਦੀ ਨੀਤੀ ਦਾ ਨਤੀਜਾ ਤਾਂ ਇਹੀ ਹੋ ਸਕਦਾ ਸੀ ਕਿ ਜੇਲਰ ਇੱਕ ਇੱਕ ਕਰਕੇ ਸਾਰੇ ਦੇਸ਼-ਭਗਤਾਂ ਦੀ ਬੇਇੱਜ਼ਤੀ ਕਰਦਾ।

**ਦੂਸਰਾ ਕੇਸ ਭਾਨ ਸਿੰਘ (ਸੁਨੇਤ) ਦਾ ਲਈਏ :-** ਇਹ ਦੇਸ਼ ਭਗਤ ਕੈਨੇਡਾ ਤੋਂ ਦੂਸਰੇ ਸਾਥੀਆਂ ਨਾਲ ਦੇਸ਼ ਆਜ਼ਾਦ ਕਰਾਉਣ ਲਈ ਆਇਆ ਸੀ। ਥੋੜ੍ਹੀ ਬਹੁਤ ਅੰਗਰੇਜ਼ੀ ਵੀ ਸਮਝ ਬੋਲ ਸਕਦਾ ਸੀ। ਇਸ ਨੂੰ ਵੀ ਉਮਰ ਕੈਦ-ਕਾਲੇ ਪਾਣੀ ਦੀ ਸਜ਼ਾ ਹੋਈ। ਇਹ ਮੁਸ਼ੱਕਤ ਬੜੀ ਚੰਗੀ ਤਰ੍ਹਾਂ ਕਰਦਾ ਸੀ। ਇੱਕ ਦਿਨ ਜਦ ਇਹ ਮੁਸ਼ੱਕਤ ਦੇਣ ਗਿਆ ਤੇ ਲਾਈਨ ਵਿੱਚ ਜਾ ਕੇ ਖੜ੍ਹਾ ਹੋਇਆ, ਤਾਂ ਗੋਰੇ ਸਿਪਾਹੀ ਨੇ ਨਾਜਾਇਜ਼ ਤੌਰ 'ਤੇ ਅੰਗਰੇਜ਼ੀ ਵਿੱਚ ਕੌਮੀ ਨਿਰਾਦਰੀ ਭਰਿਆ ਸ਼ਬਦ ਕਿਹਾ। ਜਿਸ ਦਾ ਜਵਾਬ ਭਾਨ ਸਿੰਘ ਨੇ ਵੀ ਅੰਗਰੇਜ਼ੀ ਵਿੱਚ ਦਿੱਤਾ। ਇਸ ਤੇ ਗੋਰੇ ਸਿਪਾਹੀ ਨੇ



ਭਾਨ ਸਿੰਘ ਨੂੰ ਜੇਲਰ ਦੇ ਸਾਹਮਣੇ ਪੇਸ਼ ਕਰ ਦਿੱਤਾ। ਜੇਲਰ ਨੇ ਪੇਸ਼ੀ ਲਿਖ ਦਿੱਤੀ ਤੇ ਸੁਪਰੀਟੈਂਡੰਟ ਨੇ ਭਾਨ ਸਿੰਘ ਦੇ ਬਿਆਨ ਦੀ ਪਰਵਾਹ ਨਾ ਕਰਦੇ ਹੋਏ ਇਹਨੂੰ ਛੇ ਮਹੀਨੇ ਕੋਠੀ ਬੰਦ, ਬੇੜੀ, ਘੱਟ ਖਾਣਾ ਤੇ ਖੜੀ ਹੱਥਕੜੀ ਦੀਆਂ ਸਜ਼ਾਵਾਂ ਦਿੱਤੀਆਂ। ਭਾਨ ਸਿੰਘ ਸਜ਼ਾਵਾਂ ਭੁਗਤਣ ਲੱਗਾ। ਇੱਕ ਦਿਨ ਉਹ ਖੜ੍ਹੀ ਹੱਥਕੜੀ ਨਾਲ ਖੜਾ ਸੀ ਤਾਂ ਜੋਸ਼ ਵਿੱਚ ਆ ਕੇ ਗ਼ਦਰ ਅਖ਼ਬਾਰ ਦੇ ਪਹਿਲੇ ਸਫ਼ੇ ਤੇ ਲਿਖੀ ਤੁਕ :-

ਜੇ ਤਉ ਪ੍ਰੇਮ ਖੇਲਨ ਕਾ ਚਾਉ
ਸਿਰੁ ਧਰ ਤਲੀ ਗਲੀ ਮੇਰੀ ਆਓ

ਪ੍ਰੇਮ ਨਾਲ ਪੜ੍ਹ ਰਿਹਾ ਸੀ। ਉਧਰ ਬੇਰੀ ਜੇਲਰ ਆ ਗਿਆ ਤੇ ਉਸ ਨੇ ਬੁਰਾ ਭਲਾ ਕਹਿਣਾ ਸ਼ੁਰੂ ਕਰ ਦਿੱਤਾ। ਭਾਨ ਸਿੰਘ ਨੇ ਰੋਸ ਵਜੋਂ ਅਗਲੇ ਦਿਨ ਹੱਥਕੜੀ ਲਵਾਉਣ ਤੋਂ ਇਨਕਾਰ ਕਰ ਦਿੱਤਾ। ਜੇਲ੍ਹਰ ਤਿੰਨ ਚਾਰ ਲੰਬੜਦਾਰਾਂ ਨੂੰ ਨਾਲ ਲੈ ਕੇ ਆਇਆ ਤੇ ਹੱਥਕੜੀ ਲਾਉਣੋਂ ਤੋਂ ਪਹਿਲਾਂ ਉਸ ਨੂੰ ਫੜ ਕੇ ਮਾਰ ਕੁੱਟ ਸ਼ੁਰੂ ਕਰ ਦਿੱਤੀ। ਹੇਠਾਂ ਰੋਟੀ ਖਾਣ ਲਈ ਸਭ ਕੈਦੀ ਵਿਹੜੇ ਵਿੱਚ ਬੈਠੇ ਸਨ ਤੇ ਭਾਨ ਸਿੰਘ ਜੇਲ੍ਹ ਦੀ ਉੱਪਰ ਵਾਲੀ ਮੰਜ਼ਿਲ ਵਿੱਚ ਬੰਦ ਸੀ। ਸਾਡੇ ਆਦਮੀਆਂ ਨੂੰ ਪਤਾ ਲੱਗ ਗਿਆ ਤੇ ਉਹ ਉਸਨੂੰ ਛੁਡਾਉਣ ਲਈ ਉੱਪਰ ਨੂੰ ਦੌੜੇ। ਪਰ ਜੇਲਰ ਨੇ ਪਹਿਲਾਂ ਹੀ ਲਾਈਨ ਦਾ ਫਾਟਕ ਬੰਦ ਕਰਵਾ ਰੱਖਿਆ ਸੀ। ਇਹ ਅੰਦਰ ਤਾਂ ਨਾ ਜਾ ਸਕੇ ਪਰ ਉਹਨਾਂ ਨੇ ਜੇਲਰ ਨੂੰ ਕਿਹਾ ਕਿ ਬਿਹਤਰ ਹੈ ਤੂੰ ਕੋਠੜੀ ਵਿੱਚੋਂ ਬਾਹਰ ਆ ਜਾ ਨਹੀਂ ਤੇ ਠੀਕ ਨਹੀਂ ਹੋਵੇਗਾ। ਇਸ ਤਰ੍ਹਾਂ ਭਾਨ ਸਿੰਘ ਉਸ ਦਿਨ ਤਾਂ ਬਚ ਗਿਆ, ਪਰ ਜੇਲਰ ਨੇ ਫਿਰ ਮੌਕਾ ਵੇਖ ਕੇ ਇੰਨਾ ਕੁੱਟਵਾਇਆ ਕਿ ਉਹ ਬੇਹੋਸ਼ ਹੋ ਗਿਆ। ਸਭ ਪੰਜਾਬੀ ਤੇ ਨਵੇਂ ਬੰਗਾਲੀ ਰਾਜਸੀ ਕੈਦੀਆਂ ਨੇ (ਸਿਵਾਏ ਭਾਈ ਪਰਮਾਨੰਦ ਲਾਹੌਰ ਜਾਂ ਕੁਝ ਪੁਰਾਣੇ ਬੰਗਾਲੀ ਰਾਜਸੀ ਕੈਦੀਆਂ ਦੇ) ਕੰਮ ਦੀ ਹੜਤਾਲ ਕਰ ਦਿੱਤੀ। ਭਾਨ ਸਿੰਘ ਨੂੰ ਜੇਲ੍ਹ ਹਸਪਤਾਲ ਲੈ ਗਏ ਪਰ ਉਹਨਾਂ ਦੀ ਹਾਲਤ ਦਿਨੋ ਦਿਨ ਖ਼ਰਾਬ ਹੁੰਦੀ ਗਈ।

ਹਾਲਤ ਦੇ ਖਰਾਬ ਹੋਣ ਤੇ ਕਈ ਸਾਥੀਆਂ ਨੇ ਕੰਮ ਦੀ ਹੜਤਾਲ ਦੇ ਨਾਲ ਹੀ ਭੁੱਖ ਹੜਤਾਲ ਵੀ ਕਰ ਦਿੱਤੀ, ਜਿਨ੍ਹਾਂ ਵਿੱਚ ਮੈਂ ਵੀ ਸ਼ਾਮਲ ਸਾਂ। ਇਸ ਅਰਸੇ ਵਿੱਚ ਬਰਮਾ ਕੇਸ ਦੇ ਕਈ ਸਾਥੀ ਵੀ ਆ ਗਏ ਤੇ ਉਹ ਵੀ ਕੰਮ ਦੀ ਹੜਤਾਲ ਵਿੱਚ ਸ਼ਾਮਲ ਹੋ ਗਏ। ਸਿਆਲ ਦੇ ਦਿਨ ਸਨ। ਜੇਲਰ ਸ਼ਰਾਰਤ ਨਾਲ ਭੁੱਖ ਹੜਤਾਲ ਵਾਲਿਆਂ ਨੂੰ ਚੁਕਾ ਕੇ, ਪਾਣੀ ਦੀ ਹੌਜੀ ਤੇ ਲਿਜਾ ਕੇ ਉਹਨਾਂ ਤੇ ਠੰਡਾ ਪਾਣੀ ਪਵਾਉਂਦਾ। ਕੰਬਲ ਕੋਠੜੀ ਤੋਂ ਬਾਹਰ ਕਢਵਾ ਕੇ ਲੱਕੜੀ ਦੇ ਠੰਡੇ ਫੱਟਿਆਂ ਤੇ ਲਿਟਾ ਦੇਂਦਾ। ਪੰਡਤ ਰਾਮ ਰੱਖਾ ਮੱਲ ਦੀ ਇਸੇ ਠੰਡ ਨਾਲ ਮੌਤ ਹੋ ਗਈ। ਜਦ ਭੁੱਖ ਹੜਤਾਲ ਚੱਲ ਰਹੀ ਸੀ, ਤਾਂ ਭਾਈ ਪਰਮਾਨੰਦ (ਲਾਹੌਰ) ਉਸੇ ਨੰਬਰ ਵਿੱਚ ਪ੍ਰੈਸ (ਛਾਪਖਾਨਾ) ਵਿੱਚ ਕੰਮ ਕਰਦੇ ਸਨ ਤੇ ਆਪਣੀਆਂ ਅੱਖਾਂ ਨਾਲ ਸਭ ਕੁਝ ਵੇਖਦੇ ਸਨ। ਬੇਰੀ ਜੇਲਰ ਰੋਜ਼ਾਨਾ ਉਹਨਾਂ ਪਾਸ ਆਉਂਦਾ ਸੀ ਤੇ ਕਈ ਕਈ ਮਿੰਟ ਗੱਲਾਂ ਵੀ ਕਰਦਾ ਸੀ। ਦੱਸਣ ਵਾਲੇ ਸਾਨੂੰ ਵੀ ਦੱਸ ਦੇਂਦੇ ਸਨ। ਉਹ ਬੇਰੀ ਨੂੰ ਖ਼ੁਸ਼ ਕਰਨ ਤੋਂ ਇਲਾਵਾ ਹੋਰ ਕੁਝ ਨਹੀਂ ਕਰਦੇ ਸੀ। ਜੋ ਉਹਨਾਂ ਨੇ ਆਪਣੀ ਜੀਵਨੀ ਵਿੱਚ ਦੇਸ਼ ਭਗਤਾਂ ਦੇ ਨਿਆਂ

ਭਰੇ ਮੁਕਾਬਲੇ ਦੀ ਨਿੰਦਾ ਕੀਤੀ ਹੈ, ਉਹ ਕੇਵਲ ਆਪਣੀ ਕਮਜ਼ੋਰੀ ਤੇ ਪੜਦਾ ਪਾਉਣ ਲਈ। ਵੈਸੇ ਉਸ ਵਿੱਚ ਹੋਰ ਕੁਝ ਨਹੀਂ। ਅਖੀਰ ਭਾਈ ਭਾਨ ਸਿੰਘ ਦੀ ਬੇਰੀ ਜੇਲਰ ਦੇ ਅਤਿਆਚਾਰਾਂ ਨਾਲ ਮੌਤ ਹੋ ਗਈ ਤੇ ਪੰਡਤ ਰਾਮ ਰੱਖਾ ਵੀ ਸ਼ਹੀਦੀ ਪਾ ਗਏ।

**ਆਸ਼ੁਤੋਸ਼ ਲਹਿਰੀ ਐਮ. ਏ. ਦਾ ਕੇਸ** :- ਤੀਸਰਾ ਕੇਸ ਆਸ਼ੁਤੋਸ਼ ਲਹਿਰੀ ਦਾ ਹੋਇਆ। ਇਹ ਬੰਗਾਲੀ ਨੌਜਵਾਨ ਸਾਡੇ ਕੇਸ ਨਾਲ ਸਬੰਧਤ ਸੀ। ਇਸ ਨੂੰ ਸੁਪਰੀਟੈਂਡੰਟ ਜੇਲ੍ਹ ਮੇਜਰ ਮਰੇ ਨੇ-ਜੋ ਬੇਰੀ ਦਾ ਹਮ-ਖਿਆਲ ਸੀ-ਛਿਲਕਾ ਕੁੱਟਣ ਦੀ ਮੁਸ਼ੱਕਤ ਦਿੱਤੀ। ਇਸ ਨੇ ਛੇ ਮਹੀਨੇ ਛਿਲਕਾ ਕੁੱਟਿਆ। ਜੇਲ੍ਹ ਦਾ ਇਹ ਆਮ ਨੇਮ ਸੀ ਕਿ ਤਿੰਨ ਮਹੀਨੇ ਸਖ਼ਤ ਮੁਸ਼ੱਕਤ ਕਰ ਚੁੱਕਣ ਪਿੱਛੋਂ ਫਿਰ ਕੈਦੀਆਂ ਨੂੰ ਰੱਸੀਆਂ ਬਣਾਉਣ ਦੀ ਮੁਸ਼ੱਕਤ ਦਿੱਤੀ ਜਾਂਦੀ ਸੀ। ਆਸ਼ੁਤੋਸ਼ ਨੇ ਕਈ ਵਾਰ ਆਪਣੇ ਹੱਕ ਅਰਥਾਤ ਹਲਕੀ ਮੁਸ਼ੱਕਤ ਦੀ ਮੰਗ ਕੀਤੀ, ਜੇਲਰ ਤੇ ਸੁਪਰੀਟੈਂਡੰਟ ਨੇ ਕੋਈ ਪਰਵਾਹ ਨਾ ਕੀਤੀ। ਆਖੀਰ ਛੇ ਮਹੀਨੇ ਪਿੱਛੋਂ ਆਸ਼ੁਤੋਸ਼ ਨੇ ਕੰਮ ਦੀ ਹੜਤਾਲ ਕਰ ਦਿੱਤੀ ਤੇ ਜੇਲ੍ਹ ਸੁਪਰੀਟੈਂਡੰਟ ਨੇ ਜਾਣ ਬੁੱਝ ਕੇ ਤੀਹ ਬੈਂਤਾਂ ਦੀ ਸਜ਼ਾ ਦੇ ਦਿੱਤੀ। ਆਸ਼ੁਤੋਸ਼ ਵਰਗੇ ਇੱਕ ਲਿਖੇ ਪੜ੍ਹੇ ਐਮ. ਏ. ਪਾਸ ਨੌਜਵਾਨ ਨੂੰ ਤੀਹ ਬੈਂਤ ਲੱਗੇ ਤੇ ਪਿੱਠ ਦਾ ਮਾਸ ਬੋਟੀ ਬੋਟੀ ਹੋ ਉਠਿਆ, ਪਰ ਉਸ ਨੇ ਸੀ ਤੱਕ ਨਹੀਂ ਕੀਤੀ। ਪਰ ਅਫ਼ਸੋਸ ਕਿ ਪੁਰਾਣੇ ਬੰਗਾਲੀ ਰਾਜਸੀ ਕੈਦੀਆਂ ਨੇ ਨਵੇਂ ਨੌਜਵਾਨਾਂ ਦਾ ਸਾਥ ਨਾ ਦਿੱਤਾ। ਜਿਸਦੇ ਕਾਰਨ ਜੇਲ੍ਹ ਵਾਲਿਆਂ ਵਿਰੁੱਧ ਕੋਈ ਕਾਰਵਾਈ ਨਾ ਹੋ ਸਕੀ ਤੇ ਭਾਈ ਪਰਮਾਨੰਦ (ਲਾਹੌਰ) ਦੀ ਜੈ ਹੋਈ।

ਇਹ ਠੀਕ ਹੈ ਕਿ ਇੱਕ ਪਾਸੇ ਜੇਲ੍ਹ ਅਧਿਕਾਰੀਆਂ ਦੀ ਇਹ ਕੋਸ਼ਿਸ਼ ਸੀ ਕਿ ਸਾਡੇ ਤੋਂ ਪਿੱਛੋਂ ਆਏ ਸਾਡੇ ਕੇਸ ਦੇ ਜਾਂ ਮਾਰਸ਼ਲ ਲਾਅ ਦੇ ਪੰਜਾਬੀ ਤੇ ਗੁਜਰਾਤੀ ਰਾਜਸੀ ਕੈਦੀਆਂ ਤੋਂ ਕੋਹਲੂ ਚਲਵਾਉਣ। ਪਰ ਪੁਰਾਣੇ ਦੇਸ਼ ਭਗਤਾਂ ਨੇ ਸਾਲਾਂ ਬੱਧੀ ਲੋਹੇ ਦੇ ਪਿੰਜਰਿਆਂ ਵਿੱਚ ਰਾਤ ਦਿਨ ਰਹਿਣਾ ਤਾਂ ਝੱਲਿਆ, ਪਰ ਕੋਹਲੂ ਵਰਗੀ ਗੈਰ ਇਨਸਾਨੀ ਮੁਸ਼ੱਕਤ ਨਾ ਆਪ ਕੀਤੀ ਤੇ ਨਾ ਹੀ ਬਾਅਦ ਵਿੱਚ ਆਉਣ ਵਾਲੇ ਰਾਜਸੀ ਕੈਦੀਆਂ ਨੂੰ ਕਰਨ ਦਿੱਤੀ।

**ਮਾਸਟਰ ਚਤਰ ਸਿੰਘ ਦਾ ਕੇਸ** :- ਚੌਥਾ ਕੇਸ ਮਾਸਟਰ ਚਤਰ ਸਿੰਘ ਦਾ ਹੋਇਆ। ਮਾਸਟਰ ਚਤਰ ਸਿੰਘ ਖਾਲਸਾ ਸਕੂਲ ਅੰਮ੍ਰਿਤਸਰ ਵਿੱਚ ਮਾਸਟਰ ਸਨ। ਜਦ ਗ਼ਦਰ ਪਾਰਟੀ ਦੇ ਨੌਜਵਾਨ ਹਿੰਦ ਆਜ਼ਾਦ ਕਰਾਉਣ ਲਈ ਆਏ ਤਾਂ ਉਨ੍ਹਾਂ ਦਾ ਮਾਸਟਰ ਚਤਰ ਸਿੰਘ ਤੇ ਬਹੁਤ ਪ੍ਰਭਾਵ ਪਿਆ ਤੇ ਗੁਲਾਮੀ ਵਿਰੁੱਧ ਨਫ਼ਰਤ ਪੈਦਾ ਹੋ ਗਈ। ਉਹਨਾਂ ਨੇ ਖਾਲਸਾ ਕਾਲਜ ਦੇ ਅੰਗਰੇਜ਼ ਪ੍ਰਿੰਸੀਪਲ ਨੂੰ ਮਾਰ ਮੁਕਾਉਣ ਦੀ ਸੋਚੀ। ਉਹਨਾਂ ਇੱਕ ਸ਼ਾਮ ਉਹਦੇ ਤੇ ਹਮਲਾ ਕਰਨਾ ਸੀ ਪਰ ਹਨੇਰੇ ਕਰਕੇ ਕਿਸੇ ਦੂਸਰੇ ਅੰਗਰੇਜ ਤੇ ਹੋ ਗਿਆ। ਉਸ ਕੇਸ ਵਿੱਚ ਉਹਨਾਂ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਹੋਈ ਤੇ ਸਾਡੇ ਨਾਲ ਅੰਡੇਮਾਨ ਭੇਜੇ ਗਏ। ਮਾਸਟਰ ਚਤਰ ਸਿੰਘ ਰਿਆਸਤ ਪਟਿਆਲਾ ਦੇ ਰਹਿਣ ਵਾਲੇ ਛੇ ਫੁੱਟ ਲੰਮੇ ਖੂਬਸੂਰਤ ਨੌਜਵਾਨ ਸਨ। ਇਨ੍ਹਾਂ ਨਾਲ ਵੀ ਜੇਲਰ ਬੇਰੀ ਨੇ ਗ਼ੈਰ ਕਾਨੂੰਨੀ ਜ਼ਿਆਦਤੀ ਕੀਤੀ। ਐਤਵਾਰ ਦਾ ਦਿਨ ਕੈਦੀ ਦੀ ਛੁੱਟੀ ਦਾ ਦਿਨ ਹੁੰਦਾ ਸੀ-ਨਹਾਉਣਾ, ਕੱਪੜੇ ਸਾਫ਼ ਕਰਕੇ ਕੋਠੀ ਝਾੜਨੀ। ਇਹ



ਉਹਦੇ ਨਿੱਜੀ ਕੰਮ ਸਮਝੇ ਜਾਂਦੇ ਸਨ। ਜੇਲ੍ਹ ਤੇ ਸਿਹਨ ਦਾ ਘਾਹ ਸਾਫ ਕਰਨਾ, ਇਹ ਸਰਕਾਰੀ ਕੰਮ ਸੀ ਜਿਹੜਾ ਐਤਵਾਰ ਵਾਲੇ ਦਿਨ ਕੈਦੀ ਨੂੰ ਕਰਨ ਲਈ ਨਹੀਂ ਕਿਹਾ ਜਾਂਦਾ ਸੀ। ਪਰ ਬੇਰੀ ਨੇ ਐਤਵਾਰ ਨੂੰ ਹੁਕਮ ਦਿੱਤਾ ਕਿ ਕੈਦੀ ਸਿਹਨ ਦਾ ਘਾਹ ਸਾਫ ਕਰਨ। ਰਾਜਸੀ ਕੈਦੀਆਂ ਨੇ ਸਮੇਤ ਮਾਸਟਰ ਚਤਰ ਸਿੰਘ ਦੇ ਐਤਵਾਰ ਨੂੰ ਘਾਹ ਸਾਫ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਮੇਜਰ ਮਰੇ ਨੇ ਇਨ੍ਹਾਂ ਦੇ ਇਨਕਾਰ ਨੂੰ ਜੋ ਕਾਨੂੰਨੀ ਤੌਰ ’ਤੇ ਠੀਕ ਸੀ, ਗੈਰ ਕਾਨੂੰਨੀ ਮਿਥ ਕੇ ਇਸ ਵਿੱਚ ਜੋ ਰਾਜਸੀ ਕੈਦੀ ਸ਼ਾਮਲ ਸਨ ਸਭ ਨੂੰ ਸਜ਼ਾ ਦੇ ਦਿੱਤੀ ਤੇ ਛੇ ਮਹੀਨੇ ਲਈ ਬੇੜੀਆਂ ਲਾ ਦਿੱਤੀਆਂ। ਮਾਸਟਰ ਚਤਰ ਸਿੰਘ ਦੇ ਦਿਲ ਤੇ ਇਸ ਅਨਿਆਂ ਦਾ ਬਹੁਤ ਅਸਰ ਹੋਇਆ। ਸੁਪਰੀਟੈਂਡੰਟ ਜੇਲ੍ਹ ਹਰ ਮਹੀਨੇ ਕੈਦੀਆਂ ਦਾ ਆਪਣੇ ਸਾਹਮਣੇ ਵਜ਼ਨ ਕਰਵਾਉਂਦਾ ਸੀ। ਜਦੋਂ ਚਤਰ ਸਿੰਘ ਕੰਡੇ ਤੇ ਵਜ਼ਨ ਕਰਾ ਕੇ ਹਟਿਆ, ਤਾਂ ਉਸ ਨੇ ਮਰੇ ਨੂੰ ਐਸਾ ਲੱਪੜ ਮਾਰਿਆ ਕਿ ਉਹ ਕੁਰਸੀ ਤੋਂ ਹੇਠਾਂ ਡਿੱਗ ਪਿਆ। ਉਸ ਦੇ ਆਦਮੀ ਚਤਰ ਸਿੰਘ ਨੂੰ ਫੜਨ ਲਈ ਉਸ ਤੇ ਟੁੱਟ ਪਏ। ਸਾਡੇ ਹੋਰ ਰਾਜਸੀ ਕੈਦੀ ਵੀ ਉਥੇ ਹੀ ਸਨ। ਉਹਨਾਂ ਲਲਕਾਰਿਆ ਕਿ ਖ਼ਬਰਦਾਰ! ਜੇ ਕਿਸੇ ਚਤਰ ਸਿੰਘ ਨੂੰ ਹੱਥ ਪਾਇਆ ਤਾਂ ਠੀਕ ਨਹੀਂ ਹੋਵੇਗਾ। ਹੁਣ ਮਰੇ ਵੀ ਉੱਠ ਖੜ੍ਹਾ ਹੋਇਆ। ਉਹਨੇ ਵੀ ਫਸਾਦ ਦੇ ਡਰ ਤੋਂ ਆਪਣੇ ਆਦਮੀਆਂ ਨੂੰ ਕਿਹਾ ਕਿ ਕੋਈ ਨਾ ਮਾਰੇ।

ਇਸ ਤੋਂ ਪਿੱਛੋਂ ਮਾਸਟਰ ਚਤਰ ਸਿੰਘ ਨੂੰ ਅਣਮਿਥੇ ਸਮੇਂ ਲਈ ਲੋਹੇ ਦੇ ਪਿੰਜਰੇ ਵਿੱਚ ਬੰਦ ਕਰ ਦਿੱਤਾ। ਰਾਤ ਦਿਨ ਲਗਾਤਾਰ ਪਿੰਜਰੇ ਵਿੱਚ ਸਾਢੇ ਤਿੰਨ ਸਾਲ ਬੰਦ ਰਹਿਣ ਕਰਕੇ ਸਿਹਤ ਬਿਲਕੁਲ ਕਮਜ਼ੋਰ ਹੋ ਗਈ। ਇੱਥੋਂ ਤੱਕ ਕਿ ਚੌਲਾਂ ਦੀ ਪਿੱਛ ਦੇ ਸਿਵਾ ਹੋਰ ਕੋਈ ਚੀਜ਼ ਅਰਥਾਤ ਰੋਟੀ ਵਗੈਰਾ ਹਜ਼ਮ ਨਹੀਂ ਹੁੰਦੀ ਸੀ, ਤਾਂ ਫਿਰ ਸਿਹਤ ਤਾਂ ਡਿਗਣੀ ਹੀ ਸੀ। ਇੱਕ ਦਿਨ ਮੈਂ ਮਾਸਟਰ ਚਤਰ ਸਿੰਘ ਨੂੰ ਉਹਨਾਂ ਦੀ ਸਿਹਤ ਬਾਰੇ ਪੁੱਛਿਆ ਤਾਂ ਉਹਨਾਂ ਜੁਆਬ ਦਿੱਤਾ ਕਿ ਹੁਣ ਤਾਂ ਛੇਤੀ ਹੀ ਛੁਟਕਾਰਾ ਹੋਣ ਵਾਲਾ ਹੈ। ਇਹ ਸੁਣਕੇ ਮੈਨੂੰ ਬੜਾ ਦੁੱਖ ਹੋਇਆ। ਹੁਣ ਮੇਜਰ ਮਰੇ ਬਦਲ ਚੁੱਕਿਆ ਸੀ ਤੇ ਉਹਦੀ ਜਗ੍ਹਾ ਮੇਜਰ ਬਾਰਕਰ ਆ ਚੁੱਕਿਆ ਸੀ। ਅਗਲੇ ਦਿਨ ਕੈਦੀਆਂ ਦੀ ਪਰੇਡ ਸੀ। ਮੈਂ ਮੇਜਰ ਬਾਰਕਰ ਨੂੰ ਕਿਹਾ, “ਚਤਰ ਸਿੰਘ ਦੀ ਸਿਹਤ ਬਹੁਤ ਵਿਗੜ ਚੁੱਕੀ ਹੈ ਤੇ ਸਜ਼ਾ ਦੀ ਵੀ ਕੋਈ ਹੱਦ ਹੁੰਦੀ ਹੈ। ਦੂਸਰਾ ਮੇਜਰ ਮਰੇ ਬਦਲ ਚੁੱਕੇ ਨੇ ਤੁਹਾਨੂੰ ਉਸ ਤੋਂ ਕੋਈ ਡਰ ਨਹੀਂ ਹੋ ਸਕਦਾ। ਮੇਹਰਬਾਨੀ ਕਰਕੇ ਤੁਸੀਂ ਚਤਰ ਸਿੰਘ ਨੂੰ ਪਿੰਜਰੇ ਤੋਂ ਹੁਣ ਬਾਹਰ ਕੱਢ ਦਿਉ!” ਮੇਜਰ ਬਾਰਕਰ ਬਗੈਰ ਕੋਈ ਜੁਆਬ ਦਿੱਤੇ ਮੁਸਕਰਾ ਕੇ ਅੱਗੇ ਚਲਾ ਗਿਆ। ਮੈਂ ਸਮਝ ਗਿਆ ਕਿ ਇਸ ਦੀ ਕੋਈ ਨੀਅਤ ਨਹੀਂ। ਅਜੇ ਉਹ ਥੋੜ੍ਹੀ ਦੂਰ ਹੀ ਗਿਆ ਹੋਵੇਗਾ ਕਿ ਮੈਂ ਉੱਚੀ ਆਵਾਜ਼ ਨਾਲ ਕਿਹਾ, “ਮੇਜਰ ਬਾਰਕਰ ਮੇਰੀ ਹੁਣ ਤੋਂ ਭੁੱਖ ਹੜਤਾਲ ਹੈ। ਜੇ ਚਤਰ ਸਿੰਘ ਦੀ ਲਾਸ਼ ਪਿੰਜਰੇ ਵਿੱਚੋਂ ਨਿਕਲੇਗੀ ਤਾਂ ਮੇਰੀ ਲਾਸ਼ ਵੀ ਉਸ ਦੇ ਪਿੱਛੇ ਹੋਵੇਗੀ।” ਇਸ ਤਰ੍ਹਾਂ ਨੋਟਿਸ ਦੇ ਕੇ ਮੈਂ ਲੋਹੇ ਦੇ ਬਰਤਨ ਜੋ ਪਰੇਡ ਵਿੱਚ ਕੈਦੀ ਰੱਖਦਾ ਹੈ ਉਲਟੇ ਕਰ ਦਿੱਤੇ। ਭੁੱਖ ਹੜਤਾਲ ਨੂੰ ਜਦ ਦੋ ਮਹੀਨੇ ਹੋ ਗਏ ਤੇ ਮੇਜਰ ਬਾਰਕਰ ਨੇ ਵੀ ਭੁੱਖ ਹੜਤਾਲ ਤੁੜਾਉਣ ਲਈ ਪੂਰਾ ਜ਼ੋਰ ਲਾ ਲਿਆ, ਤਾਂ ਫਿਰ ਪਰੇਡ ਦੇ ਦਿਨ ਭਾਈ ਕੇਸਰ ਸਿੰਘ ਤੇ ਦੂਸਰੇ ਸਾਥੀਆਂ ਨੇ ਬਾਰਕਰ ਨੂੰ ਨੋਟਿਸ ਦਿੱਤਾ ਕਿ ਜੇ ਤੂੰ ਚਤਰ ਸਿੰਘ ਨੂੰ ਪਿੰਜਰੇ ਵਿੱਚੋਂ ਨਹੀਂ ਕੱਢੇਂਗਾ

ਤਾਂ ਅਸੀਂ ਵੀ ਸੋਹਣ ਸਿੰਘ ਨਾਲ ਭੁੱਖ ਹੜਤਾਲ ਵਿੱਚ ਸ਼ਾਮਲ ਹੋ ਜਾਵਾਂਗੇ। 'ਜਮਾਤ ਕਰਾਮਾਤ' ਮੇਜਰ ਬਾਰਕਰ ਨੇ ਜਦ ਸਾਥੀਆਂ ਦੀ ਏਕਤਾ ਦੇਖੀ ਤਾਂ ਉਹ ਝੁਕ ਗਿਆ ਤੇ ਚਤਰ ਸਿੰਘ ਨੂੰ ਪਿੰਜਰੇ ਵਿੱਚੋਂ ਕੱਢ ਦਿੱਤਾ।

ਸਾਰਾ ਜੇਲ੍ਹ ਕਾਂਡ ਤਾਂ ਬਹੁਤ ਲੰਮਾ ਹੈ। ਉਸ ਨੂੰ ਤਾਂ ਕੋਈ ਚੰਗਾ ਲਿਖਾਰੀ ਹੀ ਪੂਰਾ ਕਰੇਗਾ। ਪਰ ਮੈਂ ਕੁਝ ਘਟਨਾਵਾਂ ਇਸ ਲਈ ਲਿਖੀਆਂ ਹਨ ਕਿ ਪੜ੍ਹਨ ਵਾਲਿਆਂ ਨੂੰ ਦੇਸ਼ ਭਗਤਾਂ ਦੇ ਉਸ ਸੰਗਰਾਮ ਦਾ ਥੋੜ੍ਹਾ ਬਹੁਤ ਪਤਾ ਲੱਗ ਸਕੇ ਕਿ ਉਹ ਗਲਤ ਸੀ ਜਾਂ ਠੀਕ। ਜਿਸ ਅੰਡੇਮਾਨ ਦੇ ਸੰਗਰਾਮ ਵਿੱਚ ਉਨ੍ਹਾਂ ਨੇ ਆਪਣੇ ਸੱਤ ਦੇਸ਼ ਭਗਤਾਂ ਦੀਆਂ ਆਹੂਤੀਆਂ ਦੇਣ ਤੋਂ ਇਲਾਵਾ ਸਾਲਾਂ ਬੱਧੀ ਪਿੰਜਰਿਆਂ ਵਿੱਚ ਬੰਦੀ, ਛੇ ਛੇ ਮਹੀਨੇ ਖੜੀ ਹੱਥਕੜੀ ਦੀਆਂ ਸਜ਼ਾਵਾਂ, ਹਮੇਸ਼ਾ ਦੀਆਂ ਪੈਰ-ਬੇੜੀਆਂ ਤੇ ਘੱਟ-ਖਾਣੇ ਦੇ ਦੰਡ, ਭੁੱਖ ਹੜਤਾਲਾਂ ਅਤੇ ਸਖ਼ਤ ਬੈਂਤਾਂ ਦੀਆਂ ਸਜ਼ਾਵਾਂ ਦੇ ਸਾਹਮਣੇ ਗ਼ਦਰ ਪਾਰਟੀ ਦੇ ਦੇਸ਼ ਭਗਤਾਂ ਤੇ ਗ਼ਦਰ ਪਾਰਟੀ ਨਾਲ ਸਬੰਧ ਰੱਖਣ ਵਾਲੇ ਬੰਗਾਲੀ ਦੇਸ਼ ਭਗਤਾਂ ਨੇ ਜ਼ੁਲਮ ਅੱਗੇ ਸਿਰ ਨਹੀਂ ਝੁਕਾਇਆ। ਅਖ਼ੀਰ ਵਿੱਚ ਉਹ ਅੰਡੇਮਾਨ ਨੂੰ ਤੁੜਾਉਣ ਵਿੱਚ ਸਫਲ ਹੋਏ ਤੇ ਹਜ਼ਾਰਾਂ ਕੈਦੀਆਂ ਦੀਆਂ ਜਾਨਾਂ ਬਚਾਈਆਂ, ਜੋ ਕਿ ਅੰਡੇਮਾਨ ਦੇ ਘਾਤਕ ਪੌਣ-ਪਾਣੀ ਤੇ ਅੱਤਿਆਚਾਰ ਦਾ ਸ਼ਿਕਾਰ ਹੋ ਜਾਂਦੇ ਸਨ।

## 14. ਹਿੰਦੁਸਤਾਨ ਨੂੰ ਰਾਜਸੀ ਕੈਦੀਆਂ ਦੀ ਵਾਪਸੀ

ਜਿੱਥੋਂ ਤੱਕ ਮੈਨੂੰ ਯਾਦ ਹੈ 1921 ਦੇ ਦਰਮਿਆਨ ਰਾਜਸੀ ਕੈਦੀਆਂ ਦੀ ਵਾਪਸੀ ਦਾ ਕੰਮ ਸ਼ੁਰੂ ਹੋ ਗਿਆ ਸੀ ਤੇ ਗ਼ਦਰ ਪਾਰਟੀ ਦੇ ਦੇਸ਼ ਭਗਤਾਂ ਨੂੰ ਪਹਿਲਾਂ ਸੂਬਾ ਮਦਰਾਸ ਦੀ ਸੈਂਟਰਲ ਜੇਲ੍ਹ ਵਿੱਚ ਲਿਆ ਕੇ ਕੁਝ ਦਿਨ ਪਿੱਛੋਂ ਪੰਜ ਪੰਜ ਛੇ ਛੇ ਕਰਕੇ ਮਦਰਾਸ ਦੀਆਂ ਵੱਖੋ ਵੱਖ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਸੀ। ਭਾਈ ਜਵਾਲਾ ਸਿੰਘ, ਹਰੀ ਸਿੰਘ ਕੱਕੜ, ਚੂਹੜ ਸਿੰਘ ਤੇ ਮੈਂ ਕੋਇੰਮਬਾਟੋਰ ਜੇਲ੍ਹ ਵਿੱਚ ਭੇਜੇ ਗਏ। ਮਦਰਾਸ ਦੀਆਂ ਜੇਲ੍ਹਾਂ ਵਿੱਚ ਕੈਦੀਆਂ ਨੂੰ ਖਾਣ ਲਈ ਚਾਵਲ ਤੇ ਭਾਜੀ ਮਿਲਦੀ ਸੀ। ਪਰ ਪੰਜਾਬੀਆਂ ਲਈ ਉਨ੍ਹਾਂ ਨੇ ਰੋਟੀਆਂ ਦਾ ਬੰਦੋਬਸਤ ਕਰ ਦਿੱਤਾ ਤੇ ਖੁਦ ਪਕਾਉਣ ਦੀ ਆਗਿਆ ਦੇ ਦਿੱਤੀ। ਭਾਈ ਜਵਾਲਾ ਸਿੰਘ ਲਾਂਗਰੀ ਲਗਾ ਲਏ ਗਏ। ਆਟਾ ਦਾਲ ਸੁੱਕੀ ਰਸਦ ਜੇਲ੍ਹ ਗੁਦਾਮ ਤੋਂ ਮਿਲਦੀ ਸੀ।

**ਮੋਪਲਾ ਐਜੀਟੈਸ਼ਨ** - ਸਾਨੂੰ ਕੋਇੰਮਬਾਟੋਰ ਜੇਲ੍ਹ ਵਿੱਚ ਗਿਆਂ ਅਜੇ ਕੁਝ ਦਿਨ ਹੀ ਹੋਏ ਸਨ ਕਿ ਖ਼ਲਾਫਤ ਤੇ ਕਾਂਗਰਸ ਅੰਦੋਲਨ ਦੇ ਮੋਪਲਾ ਕੈਦੀ ਸਾਡੀ ਜੇਲ੍ਹ ਵਿੱਚ ਲਿਆਂਦੇ ਗਏ। ਉਨ੍ਹਾਂ (ਮੋਪਲਾ ਕੈਦੀਆਂ) ਤੇ ਜੋ ਅੱਤਿਆਚਾਰ ਕੀਤਾ ਜਾਂਦਾ ਸੀ ਉਸ ਨੂੰ ਵੇਖ ਕੇ ਪੱਥਰ ਤੋਂ ਪੱਥਰ ਦਿਲ ਵੀ ਹਿੱਲ ਜਾਂਦਾ ਸੀ। ਕਲਕੱਤੇ ਦਾ ਬਲੈਕ ਹੋਲ ਤਾਂ ਅੰਗਰੇਜ਼ਾਂ ਨੇ ਹਿੰਦੀਆਂ ਵਿਰੁੱਧ ਪ੍ਰਾਪੇਗੰਡੇ ਲਈ ਵਰਤਿਆ ਤੇ ਉਸਦਾ ਢੰਡੋਰਾ ਸਾਰੀ ਦੁਨੀਆਂ ਵਿੱਚ ਪਿੱਟਿਆ, ਉਹ ਤਾਂ ਕਿਸੇ ਦੇਖਿਆ ਨਹੀਂ ਪਰ ਜੋ ਬਲੈਕ ਹੋਲ ਅੰਗਰੇਜ਼ਾਂ ਨੇ ਮੋਪਲਾ ਅੰਦੋਲਨ ਵੇਲੇ ਬਣਾਇਆ ਉਸ ਨੂੰ ਅਸੀਂ ਆਪਣੀ ਅੱਖੀਂ ਵੇਖਿਆ ਹੈ। ਪਤਨੂਰ ਦੇ ਸਟੇਸ਼ਨ ਤੋਂ 120 ਮੋਪਲੇ ਕੋਇੰਮਬਾਟੋਰ ਜੇਲ੍ਹ ਲਿਆਉਣ ਲਈ



ਇੱਕ ਮਾਲ ਗੱਡੀ ਦੇ ਡੱਬੇ ਵਿੱਚ ਬੰਦ ਕਰ ਕੇ ਸਭ ਦਰਵਾਜ਼ੇ ਬੰਦ ਕਰ ਦਿੱਤੇ ਤੇ ਹਵਾ ਲਈ ਕੋਈ ਰਸਤਾ ਨਾ ਰਹਿਣ ਦਿੱਤਾ। ਜਦ ਕੋਇੰਮਬਾਟੋਰ ਸਟੇਸ਼ਨ ਤੇ ਪੁਲੀਸ ਨੇ ਡੱਬਾ ਖੋਲ੍ਹਿਆ ਤਾਂ ਲਗਭਗ ਸਭ ਕੈਦੀ ਦਮ ਘੁੱਟਣ ਕਰਕੇ ਲਾਸ਼ਾਂ ਦਾ ਢੇਰ ਬਣ ਚੁੱਕੇ ਸਨ। ਸਿਰਫ 17 ਕੈਦੀ ਬੇਹੋਸ਼ੀ ਦੀ ਹਾਲਤ ਵਿੱਚ ਬਚੇ ਪਏ ਸਨ। ਜਦ ਉਨ੍ਹਾਂ ਨੂੰ ਕੁਇੰਮਬਾਟੋਰ ਜੇਲ੍ਹ ਵਿੱਚ ਲਿਆਂਦਾ ਗਿਆ ਤਾਂ ਉਨ੍ਹਾਂ ਵਿੱਚੋਂ ਦੋ ਹੋਰ ਮਰ ਗਏ। 15 ਹੀ ਬਚੇ ਤੇ 105 ਦਾ ਖ਼ਾਤਮਾ ਹੋ ਗਿਆ।

ਕੋਈ ਦਿਨ ਅਜਿਹਾ ਨਾ ਲੰਘਦਾ ਜਿਸ ਦਿਨ ਪੰਜ ਛੇ ਮੋਪਲੇ ਇਨਕਲਾਬੀ ਫਾਂਸੀ ਨਾ ਲਾਏ ਜਾਂਦੇ। ਪਰ ਇਹ ਬਹਾਦਰ ਮੋਪਲੇ 'ਅਲੀ ਅਲੀ' ਦੇ ਨਾਅਰੇ ਲਾਉਂਦੇ ਬੜੀ ਦਲੇਰੀ ਨਾਲ ਫਾਂਸੀ ਚੜ੍ਹ ਜਾਂਦੇ। ਫਾਂਸੀ ਵਾਲਿਆਂ ਦੇ ਇਲਾਵਾ ਜੋ ਕੈਦੀ ਬਣ ਕੇ ਆਉਂਦੇ ਉਨ੍ਹਾਂ ਵਿੱਚ ਦਸ ਦਸ ਬਾਰਾਂ ਬਾਰਾਂ ਸਾਲ ਦੇ ਬੱਚੇ ਵੀ ਹੁੰਦੇ, ਪਰ ਜੇਲ੍ਹ ਵਾਲੇ ਉਨ੍ਹਾਂ ਤੇ ਇਤਨਾ ਬੇ-ਰਹਿਮੀ ਵਾਲਾ ਅੱਤਿਆਚਾਰ ਕਰਦੇ ਕਿ ਜੋ ਕਹਿਣ ਤੋਂ ਬਾਹਰ ਹੈ। ਕਈ ਕਈ ਆਦਮੀਆਂ ਤੇ ਬੱਚਿਆਂ ਨੂੰ ਇੱਕ ਹੀ ਕੋਠੜੀ ਵਿੱਚ ਬੰਦ ਕਰ ਦਿੰਦੇ ਤੇ ਚਾਵਲਾਂ ਦੀ ਬਜਾਏ ਚਾਵਲਾਂ ਦਾ ਪਾਣੀ ਖੁਰਾਕ ਦੇ ਤੌਰ 'ਤੇ ਦਿੰਦੇ। ਬੱਚੇ ਭੁੱਖ ਨਾਲ ਕੁਰਲਾਂਦੇ ਪਰ ਜੇਲ੍ਹ ਅਫ਼ਸਰਾਂ ਨੂੰ ਕੋਈ ਤਰਸ ਨਾ ਆਉਂਦਾ। ਬੱਚਿਆਂ ਦੀ ਇਹ ਹਾਲਤ ਵੇਖ ਕੇ ਭਾਈ ਜਵਾਲਾ ਸਿੰਘ ਦਾ ਨਰਮ ਦਿਲ ਤੇ ਦੂਜੇ ਸਾਥੀਆਂ ਦਾ ਹਿਰਦਾ ਬਰਦਾਸ਼ਤ ਨਾ ਕਰ ਸਕਿਆ। ਆਪੋ ਵਿੱਚ ਸਲਾਹ ਕਰਕੇ ਫੈਸਲਾ ਹੋਇਆ ਕਿ ਜਿਵੇਂ ਕਿਵੇਂ ਵੀ ਹੋ ਸਕੇ ਆਪਣੇ ਰਾਸ਼ਨ ਤੋਂ ਬਚਾ ਕੇ ਬੱਚਿਆਂ ਨੂੰ ਰੋਟੀਆਂ ਪਹੁੰਚਾਈਆਂ ਜਾਣ। ਰਸਦ ਪਾਣੀ ਸਾਨੂੰ ਖੁੱਲ੍ਹਾ ਮਿਲਦਾ ਸੀ। ਭਾਈ ਜਵਾਲਾ ਸਿੰਘ ਨੇ ਰੋਟੀਆਂ ਪਹੁੰਚਾਉਣ ਦਾ ਕੰਮ ਆਪਣੇ ਸਿਰ ਤੇ ਲਿਆ। 5-6 ਦਿਨ ਤਾਂ ਜੇਲ੍ਹ ਵਾਲਿਆਂ ਨੂੰ ਪਤਾ ਨਾ ਲੱਗਾ ਅਖੀਰ ਉਨ੍ਹਾਂ ਨੂੰ ਪਤਾ ਲੱਗ ਹੀ ਗਿਆ ਤੇ ਭਾਈ ਜਵਾਲਾ ਸਿੰਘ ਨੂੰ ਸੁਪਰੀਟੈਂਡੰਟ ਜੇਲ੍ਹ ਨੇ ਬੈਂਤਾਂ ਦੀ ਸਜ਼ਾ ਦਿੱਤੀ। ਅਸਾਂ ਤਿੰਨਾਂ ਨੇ ਰੋਸ ਵਜੋਂ ਕੰਮ ਦੀ ਹੜਤਾਲ ਕਰ ਦਿੱਤੀ। ਜੇਲ੍ਹ ਵਾਲਿਆਂ ਨੇ ਸਾਨੂੰ ਕੋਠੜੀਆਂ ਵਿੱਚ ਬੰਦ ਕਰ ਦਿੱਤਾ। ਗੱਲ ਵਧਦੀ ਵੇਖ ਕੇ ਸੂਬਾ ਮਦਰਾਸ ਦੇ ਜੇਲ੍ਹਾਂ ਦੇ ਇਨਸਪੈਕਟਰ ਜਨਰਲ ਨੇ ਹਰੀ ਸਿੰਘ ਕੱਕੜ ਤੇ ਮੈਨੂੰ ਤਾਂ ਯਰਵਾਦਾ ਜੇਲ੍ਹ ਵਿੱਚ ਭੇਜ ਦਿੱਤਾ ਤੇ ਭਾਈ ਜਵਾਲਾ ਸਿੰਘ ਤੇ ਚੂਹੜ ਸਿੰਘ ਨੂੰ ਕਿਸੇ ਹੋਰ ਜੇਲ੍ਹ ਵਿੱਚ।

ਅੰਡੇਮਾਨ ਤੋਂ ਵਾਪਸੀ ਤੇ ਸੂਬਾ ਮਦਰਾਸ ਵਾਲਿਆਂ ਨੇ ਪੂਰੇ ਕੱਪੜੇ ਦਿੱਤੇ ਸਨ, ਪਰ ਜਦੋਂ ਅਸੀਂ ਯਰਵਾਦਾ (ਪੂੰਨੇ) ਵਿੱਚ ਆਏ ਤਾਂ ਉਨ੍ਹਾਂ ਨੇ ਦੂਸਰੇ ਕੈਦੀ ਕੱਪੜਿਆਂ ਦੇ ਨਾਲ ਪਗੜੀ ਦੀ ਬਜਾਏ ਟੋਪੀ ਲਿਆ ਰੱਖੀ ਤੇ ਕੱਛੇ ਉਤਾਰ ਦੇਣ ਲਈ ਕਿਹਾ। ਇਸ ਤੇ ਅਸਾਂ ਜੇਲ੍ਹ ਸੁਪਰੀਟੈਂਡੰਟ ਨੂੰ ਸਾਫ਼ ਕਹਿ ਦਿੱਤਾ ਕਿ ਸਾਡੀ ਪਗੜੀ ਤੇ ਕੱਛਾ ਪੰਜਾਬ ਸਰਕਾਰ ਦੀ ਮੰਜ਼ੂਰਦਸ਼ੁਦਾ ਹੈ ਅਸੀਂ ਇਹ ਨਹੀਂ ਉਤਾਰਾਂਗੇ, ਜੇ ਜ਼ਬਰਦਸਤੀ ਉਤਾਰੋਗੇ ਤਾਂ ਅਸੀਂ ਭੁੱਖ ਹੜਤਾਲ ਕਰ ਦੇਵਾਂਗੇ। ਇਸ ਤੇ ਜੇਲ੍ਹ ਸੁਪਰੀਟੈਂਡੰਟ ਨੇ ਕਿਹਾ, "ਮੈਂ ਆਈ. ਜੀ. ਨੂੰ ਪੁਛਦਾ ਹਾਂ ਜਿਵੇਂ ਉਹ ਹੁਕਮ ਦੇਵੇਗਾ ਮੈਂ ਉਸੇ ਤਰ੍ਹਾਂ ਹੀ ਕਰਾਂਗਾ।" ਆਈ. ਜੀ. ਨੇ ਜਵਾਬ ਦਿੱਤਾ ਜੇ ਇਹ ਨਹੀਂ ਮੰਨਦੇ ਤਾਂ ਜ਼ਬਰਦਸਤੀ ਉਤਾਰ ਲਵੋ। ਉਹਨੇ ਗੋਰੇ ਸਿਪਾਹੀ ਲਿਆ ਕੇ ਅਤੇ ਸਾਨੂੰ ਫੜ ਕੇ ਕੱਛੇ ਪਗੜੀ ਤੇ ਹੋਰ ਕੱਪੜੇ ਉਤਾਰ ਲਏ। ਅਸੀਂ ਦੋਹਾਂ ਨੇ ਕੰਬਲ ਸਰੀਰ ਤੇ ਲਪੇਟ ਕੇ ਭੁੱਖ ਹੜਤਾਲ

ਕਰ ਦਿੱਤੀ। ਸਾਡੇ ਪਿੱਛੋਂ ਭਾਈ ਅਰੂੜ ਸਿੰਘ, ਭਾਈ ਕੇਸਰ ਸਿੰਘ, ਪਰਮਾਨੰਦ (ਝਾਂਸੀ), ਹਿਰਦੇ ਰਾਮ (ਮੰਡੀ,) ਵਗੈਰਾ 13 ਸਾਥੀ ਹੋਰ ਆ ਗਏ। ਉਨ੍ਹਾਂ ਨਾਲ ਵੀ ਜੇਲ੍ਹ ਵਾਲਿਆਂ ਨੇ ਉਹੀ ਸਲੂਕ ਕੀਤਾ ਤੇ ਸਭ ਨੇ ਭੁੱਖ ਹੜਤਾਲ ਕਰ ਦਿੱਤੀ।

ਪਰਮਾਨੰਦ ਝਾਂਸੀ ਤੇ ਹਿਰਦੇ ਰਾਮ (ਮੰਡੀ) ਨੂੰ ਦੂਸਰੇ ਸਾਥੀਆਂ ਨੇ ਬਥੇਰਾ ਕਿਹਾ ਕਿ ਇਹ ਪਗੜੀ ਕੱਛੇ ਦੀ ਮੰਗ ਹੈ ਤੁਸੀਂ ਭੁੱਖ ਹੜਤਾਲ ਨਾ ਕਰੋ ਪ੍ਰੰਤੂ ਉਹ ਨਾ ਮੰਨੇ। ਗ਼ਦਰ ਪਾਰਟੀ ਦੇ ਮੈਂਬਰਾਂ ਦੇ ਅਸੂਲੀ ਪਿਆਰ ਦਾ ਸਬੂਤ ਇਨ੍ਹਾਂ ਦੀ ਭੁੱਖ ਹੜਤਾਲ ਤੋਂ ਮਿਲ ਜਾਂਦਾ ਹੈ। ਉਹ ਧਾਰਮਿਕ ਸਵਾਲ ਨੂੰ ਵੀ ਏਕਤਾ ਦੇ ਪੱਖ ਤੋਂ ਵੇਖਦੇ ਸਨ ਫਿਰਕਾਪ੍ਰਸਤੀ ਦੀ ਨਿਗਾਹ ਨਾਲ ਨਹੀਂ।

ਅਸਲੀ ਧਰਮ ਚਿੰਨਾਂ ਵਿੱਚ ਨਹੀਂ ਹੁੰਦਾ। ਮੇਰੀ ਜਾਚੇ ਅਸਲੀ ਸਿੱਖ ਸੱਚਾ ਮਾਨਵਵਾਦੀ ਤੇ ਇਨਕਲਾਬੀ ਹੁੰਦਾ ਹੈ। ਉਹ ਬੁਰਾਈ ਦੇ ਖਿਲਾਫ ਸਦਾ ਘੁਲਦਾ ਰਹਿੰਦਾ ਹੈ। ਆਤਮਿਕ ਤੇ ਧਾਰਮਿਕ ਅਵਸਥਾ ਨੂੰ ਸਮਝ ਕੇ ਤੇ ਬਾਣੀ ਦਾ ਅਭਿਆਸ ਕਰ ਕੇ ਮੈਂ ਜਾਣਿਆ ਹੈ ਕਿ ਸਿੱਖੀ ਫਿਰਕਾ-ਪ੍ਰਸਤੀ ਦਾ ਨਹੀਂ ਮਾਨਵ ਏਕਤਾ ਦਾ ਮਾਰਗ ਹੈ।

ਉਨੀਂ ਦਿਨੀਂ ਕਾਂਗਰਸ ਅੰਦੋਲਨ ਚੱਲ ਰਿਹਾ ਸੀ। ਮਹਾਤਮਾ ਗਾਂਧੀ, ਜੈ ਰਾਮ ਦਾਸ ਸਿੰਧੀ, ਲੋਕ ਰਾਮ ਸਿੰਧੀ, ਪਰੋਫ਼ੈਸਰ ਬੰਸਾਲੀ ਲਾਲ ਵਗ਼ੈਰਾ ਦੇਸ਼ ਭਗਤ ਯਰਵਾਦਾ ਜੇਲ੍ਹ ਵਿੱਚ ਹੀ ਸਨ। ਸਾਡਾ ਤੇ ਇਨ੍ਹਾਂ ਦਾ ਨੰਬਰ ਨੇੜੇ ਨੇੜੇ ਹੀ ਸੀ। ਵਿਚਾਲੇ ਸਿਰਫ ਮਾਮੂਲੀ ਜਿਹੀ ਕੰਧ ਹੀ ਸੀ।

ਸਾਨੂੰ ਜਾਲੀ ਵਾਲੀਆਂ ਕੋਠੜੀਆਂ ਵਿੱਚ ਇੱਕ ਇੱਕ ਨੂੰ ਵੱਖਰੇ ਬੰਦ ਕਰ ਦਿੱਤਾ ਤੇ ਸਖ਼ਤ ਪਹਿਰਾ ਲਾ ਦਿੱਤਾ। ਕਾਂਗਰਸੀ ਦੇਸ਼ ਭਗਤ ਸੁਨੇਹੇ ਭੇਜ ਕੇ ਸਾਡੀ ਹਮਦਰਦੀ ਵੀ ਕਰਦੇ ਤੇ ਹੱਲਾ ਸ਼ੇਰੀ ਵੀ ਦਿੰਦੇ। ਪਰ ਗਾਂਧੀ ਜੀ ਨੇ ਸਾਡੀ ਹਮਦਰਦੀ ਵਿੱਚ ਇੱਕ ਸ਼ਬਦ ਵੀ ਨਹੀਂ ਕਿਹਾ। ਇੱਕ ਮਹੀਨੇ ਤੱਕ ਤਾਂ ਜੇਲ੍ਹ ਅਧਿਕਾਰੀਆਂ ਨੇ ਨੱਕ ਰਾਹੀਂ ਜ਼ਬਰਦਸਤੀ ਦੁੱਧ ਵਗੈਰਾ ਦੇਣ ਦਾ ਕੋਈ ਖਿਆਲ ਨਾ ਕੀਤਾ। ਸਿਰਫ ਪਾਣੀ ਦੀ ਮਟਕੀ ਅੱਠੀਂ ਪਹਿਰੀਂ ਭਰ ਕੇ ਤਾਜ਼ੀ ਰੱਖ ਜਾਂਦੇ। ਅਜੇ ਭੁੱਖ ਹੜਤਾਲ ਚੱਲ ਹੀ ਰਹੀ ਸੀ ਕਿ ਇੱਕ ਪੰਜਾਬੀ ਸਿੱਖ ਸਿਪਾਹੀ, ਜੋ ਕਿਸੇ ਜੁਰਮ ਵਿੱਚ ਤਿੰਨ ਮਹੀਨੇ ਕੈਦ ਹੋ ਕੇ ਆਇਆ ਸੀ, ਰਿਹਾ ਹੋਇਆ। ਉਸ ਨੇ ਸ਼੍ਰੋਮਣੀ ਗੁਰਦਵਾਰਾ ਕਮੇਟੀ ਨੂੰ ਸਾਡੇ ਬਾਰੇ ਆ ਕੇ ਇਤਲਾਹ ਦਿੱਤੀ। ਸ਼੍ਰੋਮਣੀ ਗੁਰਦਵਾਰਾ ਕਮੇਟੀ ਨੇ ਪੰਜਾਬ ਗਵਰਨਰ ਨੂੰ ਲਿਖਿਆ ਤੇ ਉਸ ਨੇ ਬੰਬਈ ਸਰਕਾਰ ਨੂੰ ਲਿਖਿਆ ਕਿ ਸਿੱਖ ਕੈਦੀਆਂ ਲਈ ਕੱਛੇ ਤੇ ਪਗੜੀ ਤੇ ਦੂਜੇ ਕੈਦੀਆਂ ਲਈ ਪੂਰੇ ਕੱਪੜੇ ਮਨਜ਼ੂਰ ਕੀਤੇ ਹੋਏ ਹਨ। ਇਸ ਲਈ ਇਨ੍ਹਾਂ ਨੂੰ ਪੂਰੇ ਕੱਪੜੇ ਪਗੜੀ ਕੱਛੇ ਸਮੇਤ ਦਿੱਤੇ ਜਾਣੇ ਜ਼ਰੂਰੀ ਹਨ। ਇਸ ਤਰ੍ਹਾਂ ਇੱਕ ਮਹੀਨੇ ਪਿੱਛੋਂ ਭੁੱਖ ਹੜਤਾਲ ਖਤਮ ਹੋਈ। ਇਹ ਮੇਰੀ ਤੀਜੀ ਭੁੱਖ ਹੜਤਾਲ ਸੀ।

**ਮੁਲਸੀ ਪੇਟਾ ਅੰਦੋਲਨ** :- ਇਨ੍ਹੀਂ ਦਿਨੀਂ ਮਹਾਰਾਸ਼ਟਰ ਵਿੱਚ ਬਾਪਟ ਦੀ ਅਗਵਾਈ ਹੇਠਾਂ ਇੱਕ 'ਮੁਲਸੀ ਪੇਟਾ' ਨਾਮ ਦਾ ਅੰਦੋਲਨ ਚੱਲ ਰਿਹਾ ਸੀ ਜਿਸ ਵਿੱਚ ਬਹੁਤੇ ਵਿਦਿਆਰਥੀ ਹੀ ਹਿੱਸਾ ਲੈ ਰਹੇ ਸਨ। ਕੋਈ ਦਸ ਬਾਰਾਂ ਵਿਦਿਆਰਥੀ ਯਰਵਾਦਾ ਜੇਲ੍ਹ ਵੀ ਕੈਦ ਹੋ ਕੇ ਆਏ। ਜੇਲ੍ਹ ਵਾਲਿਆਂ ਨੇ ਬਦਲੇ ਦੀ ਭਾਵਨਾ ਨਾਲ ਉਨ੍ਹਾਂ ਨੂੰ ਚੱਕੀ ਦੀ ਮੁਸ਼ੱਕਤ ਦੇ ਦਿੱਤੀ। ਸਖਤ ਮੁਸ਼ੱਕਤ ਹੋਣ ਕਰਕੇ ਬੱਚੇ ਮੁਸ਼ੱਕਤ



ਪੂਰੀ ਨਾ ਕਰ ਸਕੇ। ਜੇਲ੍ਹ ਅਧਿਕਾਰੀਆਂ ਨੇ ਬੱਚਿਆਂ ਨੂੰ ਬੈਂਤਾਂ ਦੀ ਸਜ਼ਾ ਦੇ ਦਿੱਤੀ। ਇਸ ਤੇ ਬੱਚਿਆਂ ਨੇ ਦੁਬਾਰਾ ਚੱਕੀ ਪੀਹਣ ਤੋਂ ਇਨਕਾਰ ਕਰ ਦਿੱਤਾ। ਸੁਪਰੀਟੈਂਡੰਟ ਨੇ ਗਾਂਧੀ ਜੀ ਨੂੰ ਫਰਮਾਇਸ਼ ਪਾਈ ਕਿ ਬੱਚਿਆਂ ਨੂੰ ਸਮਝਾਉਣ। ਗਾਂਧੀ ਜੀ ਨੇ ਬੱਚਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇੱਕ ਸਤਿਆਗ੍ਰਹੀ ਲਈ ਜੇਲ੍ਹ ਵਾਲਿਆਂ ਦਾ ਹੁਕਮ ਮੰਨਣਾ ਜ਼ਰੂਰੀ ਹੈ। ਬੱਚਿਆਂ ਨੇ ਜਵਾਬ ਦਿੱਤਾ, "ਅਸੀਂ ਹੁਕਮ ਤਾਂ ਮੰਨਦੇ ਹਾਂ ਪਰ ਜੋ ਮੁਸ਼ੱਕਤ ਸਾਡੇ ਤੋਂ ਨਹੀਂ ਹੋ ਸਕਦੀ ਉਹਦੇ ਲਈ ਕੀ ਕਰੀਏ?" ਅਖੀਰ ਬੱਚਿਆਂ ਨੇ ਚੱਕੀ ਪੀਹਣ ਤੋਂ ਸਾਫ ਇਨਕਾਰ ਕਰ ਦਿੱਤਾ, ਤਦ ਮਜ਼ਬੂਰ ਹੋ ਕੇ ਜੇਲ੍ਹ ਵਾਲਿਆਂ ਨੇ ਮੁਸ਼ੱਕਤ ਬਦਲੀ।

ਸਾਡੇ ਹੁੰਦਿਆਂ ਹੀ ਵਿਨਾਇਕ ਸਾਵਰਕਰ ਜੋ ਅੰਡੇਮਾਨ ਵਿੱਚ ਸਾਡੇ ਨਾਲ ਸਨ, ਯਰਵਾਦਾ ਜੇਲ੍ਹ ਵਿੱਚ ਰਿਹਾਈ ਲਈ ਲਿਆਂਦੇ ਗਏ। ਇਨ੍ਹਾਂ ਦੀ ਸਿਹਤ ਬਹੁਤ ਕਮਜ਼ੋਰ ਹੋ ਚੁੱਕੀ ਸੀ ਤੇ ਕੁਝ ਸ਼ਰਤਾਂ ਤੇ ਰਿਹਾਅ ਕੀਤੇ ਗਏ। ਸਾਡੇ ਕੁੱਝ ਸਾਥੀ ਤਾਂ ਯਰਵਾਦਾ ਤੋਂ ਪੰਜਾਬ ਭੇਜੇ ਗਏ ਤੇ ਕੁੱਝ ਹੋਰ ਜੇਲ੍ਹਾਂ ਵਿੱਚ ਤਬਦੀਲ ਕੀਤੇ ਗਏ। ਅਖ਼ੀਰ ਮੈਂ ਤੇ ਭਾਈ ਕੇਸਰ ਸਿੰਘ ਠੱਠਗੜ੍ਹ ਪਿੱਛੇ ਰਹਿ ਗਏ। ਮੇਜਰ ਮਰੇ ਜੋ ਅੰਡੇਮਾਨ ਸੈਲੂਅਲਰ ਜੇਲ੍ਹ ਵਿੱਚ ਸਾਡੇ ਵੇਲੇ ਸੁਪਰਿੰਟੈਂਡੈਂਟ ਸੀ, ਸੂਬਾ ਬੰਬਈ ਦੇ ਜੇਲ੍ਹਾਂ ਦਾ ਆਈ. ਜੀ. ਬਣਕੇ ਆਇਆ। ਜਦ ਉਹ ਯਰਵਾਦਾ ਜੇਲ੍ਹ ਦਾ ਮੁਆਇਨਾ ਕਰਨ ਆਇਆ ਤਾਂ ਸਾਨੂੰ ਵੇਖ ਕੇ ਇਸ ਤਰ੍ਹਾਂ ਲੱਗਾ ਕਿ ਉਹ ਕੁਝ ਸ਼ਰਮਿੰਦਗੀ ਅਨੁਭਵ ਕਰ ਰਿਹਾ ਸੀ। ਉਸਨੇ ਬੜੀ ਨਰਮੀ ਨਾਲ ਗੱਲਬਾਤ ਕੀਤੀ ਪਰ ਅਸਾਂ ਉਸ ਕੋਲੋਂ ਕੋਈ ਮੰਗ ਨਾ ਕੀਤੀ। ਅਗਲੇ ਸਾਲ ਜਦ ਉਹ ਫਿਰ ਦੌਰੇ ਤੇ ਆਇਆ ਤਾਂ ਭਾਈ ਕੇਸਰ ਸਿੰਘ ਚਮੜੀ ਦੀ ਬੀਮਾਰੀ ਕਰਕੇ ਹਸਪਤਾਲ ਪਏ ਸਨ ਉਹਨੇ ਡਾਕਟਰੀ ਮੁਆਇਨਾ ਕੀਤਾ ਤੇ ਕਿਹਾ "ਮੈਂ ਤੁਹਾਨੂੰ ਦੋਹਾਂ ਨੂੰ ਪੰਜਾਬ ਭੇਜ ਦੇਵਾਂਗਾ ਤੇ ਪੌਣ ਪਾਣੀ ਦੀ ਤਬਦੀਲੀ ਨਾਲ ਬੀਮਾਰੀ ਠੀਕ ਹੋ ਜਾਵੇਗੀ।" 1928 ਦੇ ਸਿਆਲ ਵਿੱਚ ਸਾਨੂੰ ਦੋਹਾਂ ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਉਥੇ ਆ ਕੇ ਅਸਾਂ ਆਪਣੇ ਸਾਥੀਆਂ ਦੀ ਸ਼ਹੀਦੀ ਦੀ ਜਗ੍ਹਾ (ਫਾਂਸੀ ਦੀ ਜਗ੍ਹਾ) ਤੇ ਸ਼ਰਧਾ ਦੇ ਫੁੱਲ ਚੜ੍ਹਾਏ।

## 15. ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ

ਜਦ ਭਗਤ ਸਿੰਘ ਤੇ ਉਹਦੇ ਸਾਥੀਆਂ ਤੇ ਮੁਕੱਦਮਾ ਚਲਾਉਣ ਲਈ ਉਨ੍ਹਾਂ ਨੂੰ ਬੋਸਟਲ ਜੇਲ੍ਹ ਤੋਂ ਲਾਹੌਰ ਸੈਂਟਰਲ ਜੇਲ੍ਹ ਲਿਆਂਦਾ ਗਿਆ ਤਾਂ ਮੈਂ ਤੇ ਭਾਈ ਕੇਸਰ ਸਿੰਘ ਠੱਠਗੜ੍ਹ ਪਹਿਲਾਂ ਹੀ ਉਸ ਜੇਲ੍ਹ ਵਿੱਚ ਆ ਚੁੱਕੇ ਸਾਂ। ਕਿਸੇ ਨਾ ਕਿਸੇ ਢੰਗ ਨਾਲ ਤਿੰਨੀ ਕੁ ਦਿਨੀਂ ਅਸੀਂ (ਮੈਂ ਤੇ ਭਗਤ ਸਿੰਘ) ਜ਼ਰੂਰ ਮਿਲਦੇ ਸਾਂ ਤੇ ਵਿਚਾਰਾਂ ਦਾ ਖੁੱਲ੍ਹਾ ਵਟਾਂਦਰੇ ਕਰਦੇ ਸਾਂ। ਇੱਕ ਦਿਨ ਮੈਂ ਮਖੌਲ ਨਾਲ ਭਗਤ ਸਿੰਘ ਨੂੰ ਪੁੱਛਿਆ, "ਤੂੰ ਅਜੇ ਨੌਜਵਾਨ ਸੀ ਤੇ ਪੜ੍ਹਿਆ ਲਿਖਿਆ ਵੀ, ਤੇਰੀ ਖਾਣ ਪੀਣ ਤੇ ਐਸ਼ ਕਰਨ ਦੀ ਉਮਰ ਸੀ ਤੂੰ ਇਧਰ ਕਿਵੇਂ ਫਸ ਗਿਆ ?" ਭਗਤ ਸਿੰਘ ਨੇ ਹੱਸ ਕੇ ਜਵਾਬ ਦਿੱਤਾ, "ਇਹ ਮੇਰਾ ਕਸੂਰ ਨਹੀਂ ਤੁਹਾਡਾ ਤੇ ਤੁਹਾਡੇ ਸਾਥੀਆਂ ਦਾ ਹੈ।" ਮੈਂ ਕਿਹਾ "ਸਾਡਾ ਕਿਸ ਤਰ੍ਹਾਂ ਹੈ ?" ਭਗਤ ਸਿੰਘ ਨੇ ਕਿਹਾ, "ਜੇ ਕਰਤਾਰ ਸਿੰਘ ਸਰਾਭਾ

ਤੇ ਉਨ੍ਹਾਂ ਦੇ ਦੂਸਰੇ ਸਾਥੀ ਹੱਸ ਹੱਸ ਕੇ ਫ਼ਾਂਸੀਆਂ ਤੇ ਨਾ ਲਟਕਦੇ ਤੇ ਤੁਸੀਂ ਸਾਰੇ ਅੰਡੇਮਾਨ ਜਹੇ ਕੁੰਭੀ ਨਰਕ ਵਿੱਚ ਪੈ ਕੇ ਸਾਬਤ ਨਾ ਨਿਕਲਦੇ ਤਾਂ ਸ਼ਾਇਦ ਮੈਂ ਵੀ ਇਧਰ ਨਾ ਆਉਂਦਾ।" ਭਗਤ ਸਿੰਘ 6 ਫੁੱਟ ਲੰਮਾ ਬਹੁਤ ਖ਼ੂਬਸੂਰਤ ਤੇ ਮਸਫੁੱਟਾ ਨੌਜਵਾਨ ਸੀ। ਨਿਡਰ ਜਰਨੈਲ, ਫਿਲਾਸਫ਼ਰ ਤੇ ਉੱਚੇ ਦਰਜੇ ਦੀ ਰਾਜਸੀ ਸੂਝ ਰੱਖਣ ਵਾਲਾ ਸੀ। ਦੇਸ਼ ਭਗਤੀ ਦੇ ਨਾਲ ਨਾਲ ਦੁਨੀਆਂ ਭਰ ਦੀ ਪੀੜਤ ਜਨਤਾ ਦਾ ਦਰਦ ਉਹਦੇ ਦਿਲ ਵਿੱਚ ਕੁੱਟ ਕੁੱਟ ਭਰਿਆ ਹੋਇਆ ਸੀ। ਜਦ ਵੀ ਮੈਂ ਭਗਤ ਸਿੰਘ ਨੂੰ ਮਿਲਦਾ ਤਾਂ ਮੈਨੂੰ ਇੰਜ ਲਗਦਾ ਕਿ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭੇ ਦੀਆਂ ਕੇਵਲ ਮੂਰਤੀਆਂ ਹੀ ਦੋ ਹਨ ਪਰ ਉਹਨਾਂ ਦੇ ਗੁਣ, ਕਰਮ ਅੰਤਕਰਨ ਇੱਕੋ ਹੀ ਸਨ। "ਏਕ ਜੋਤ ਦੋਏ ਮੂਰਤਿ" ਵਾਲੀ ਮਿਸਾਲ ਇਹਨਾਂ ਤੇ ਢੁਕਦੀ ਸੀ। ਇੱਕ ਦਿਨ ਮੈਂ ਪੁੱਛਿਆ, "ਸਾਂਡਰਸ ਨੂੰ ਤੁਸੀਂ ਕਿਸ ਲਈ ਮਾਰਿਆ ਸੀ ? ਕੀ ਜੋ ਅਖ਼ਬਾਰਾਂ ਵਿੱਚ ਲਿਖਿਆ ਹੈ ਕਿ ਤੁਸਾਂ ਲਾਲਾ ਲਾਜਪਤ ਰਾਏ ਦੀ ਮਿਰਤੂ ਦਾ ਬਦਲਾ ਲੈਣ ਲਈ ਮਾਰਿਆ ਸੀ ਉਹ ਠੀਕ ਹੈ ? ਕੀ ਜੇ ਸਾਂਡਰਸ ਲਾਲ ਲਾਜਪਤ ਰਾਏ ਨੂੰ ਲਾਠੀ ਨਾ ਮਾਰਦਾ ਤੇ ਉਹਨਾਂ ਦੀ ਮਿਰਤੂ ਨਾ ਹੁੰਦੀ ਤਾਂ ਕੀ ਤੁਹਾਡੇ ਤੇ ਤੁਹਾਡੇ ਸਾਥੀਆਂ ਦੇ ਦਿਲ ਵਿੱਚ ਸਾਂਡਰਸ ਨੂੰ ਮਾਰਨ ਦਾ ਖ਼ਿਆਲ ਪੈਦਾ ਹੀ ਨਾ ਹੁੰਦਾ ?"

ਭਗਤ ਸਿੰਘ ਨੇ ਜਵਾਬ ਦਿੱਤਾ, "ਸਾਡੀ ਪਾਰਟੀ ਦਾ ਉਦੇਸ਼ ਸਿਰਫ ਦਹਿਸ਼ਤ ਜ਼ਦਗੀ ਹੀ ਨਹੀਂ ਸੀ। ਅਸੀਂ ਤਾਂ ਅੰਗਰੇਜ਼ਾਂ ਦੀ ਗੁਲਾਮੀ ਤੋਂ ਦੇਸ਼ ਨੂੰ ਆਜ਼ਾਦ ਕਰਾਉਣਾ ਚਾਹੁੰਦੇ ਸਾਂ। ਜਿਸ ਤਰ੍ਹਾਂ 1914-1915 ਵਿੱਚ ਗ਼ਦਰ ਪਾਰਟੀ ਦੇ ਦੇਸ਼ ਭਗਤਾਂ ਨੇ ਦੇਸ਼ ਦੀ ਆਜ਼ਾਦੀ ਲਈ ਝੰਡਾ ਚੁੱਕਿਆ ਸੀ। ਸਾਡੀ ਪਾਰਟੀ ਦਾ ਵੀ ਉਦੇਸ਼ ਉਹੀ ਸੀ, ਜੇ ਅਸਾਂ ਸਾਂਡਰਸ ਨੂੰ ਮਾਰਿਆ ਤੇ ਪਾਰਲੀਮੈਂਟ ਵਿੱਚ ਬੰਬ ਸੁੱਟਿਆ ਤਾਂ ਇਸੇ ਉਦੇਸ਼ ਦੀ ਪੂਰਤੀ ਲਈ ਤਾਂ ਕਿ ਦੁਸ਼ਮਣਾਂ ਨੂੰ ਪਤਾ ਲੱਗ ਜਾਏ ਕਿ ਹਿੰਦੁਸਤਾਨ ਦੇ ਨੌਜਵਾਨ ਹੁਣ ਤੁਹਾਡੀ ਗੁਲਾਮੀ ਬਰਦਾਸ਼ਤ ਨਹੀਂ ਕਰ ਸਕਦੇ।"

ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਰਾਜਸੀ ਕੈਦੀਆਂ ਲਈ ਇੱਕ ਸਪੈਸ਼ਲ ਕਲਾਸ ਬਣਾਏ ਜਾਣ ਦੀ ਮੰਗ ਕੀਤੀ, ਜਿਸ ਵਿੱਚ ਅਮੀਰ ਗਰੀਬ ਸਾਰਿਆਂ ਨਾਲ ਇੱਕੋ ਜਿਹਾ ਵਰਤਾਓ ਹੋਵੇ ਤੇ ਮੰਗ ਨਾ ਮੰਨੇ ਜਾਣ ਤੇ ਭੁੱਖ ਹੜਤਾਲ ਕਰ ਦਿੱਤੀ। ਕੁਝ ਦਿਨ ਤਾਂ ਮੈਂ ਵੇਖਦਾ ਰਿਹਾ। ਪਰ ਜਦ ਹੜਤਾਲ ਲੰਮੀ ਹੁੰਦੀ ਦਿਸੀ ਤਾਂ ਮੈਂ ਬਰਦਾਸ਼ਤ ਨਾ ਕਰ ਸਕਿਆ ਤੇ ਜੇਲ੍ਹ ਵਾਲਿਆਂ ਨੂੰ ਭੁੱਖ ਹੜਤਾਲ ਦਾ ਨੋਟਿਸ ਦੇ ਦਿੱਤਾ। ਜਦ ਭਗਤ ਸਿੰਘ ਨੂੰ ਪਤਾ ਲੱਗਾ ਤਾਂ ਉਸ ਨੇ ਕਈ ਸੁਨੇਹੇ ਭੇਜੇ "ਬਾਬਾ ਜੀ ਤੁਸੀਂ ਪਹਿਲਾਂ ਹੀ ਬਹੁਤ ਕਸ਼ਟ ਉਠਾ ਚੁੱਕੇ ਹੋ, ਹੁਣ ਭੁੱਖ ਹੜਤਾਲ ਨਾ ਕਰੋ।" ਮੈਂ ਪਿਆਰ ਨਾਲ ਜਵਾਬ ਦਿੱਤਾ, "ਭਗਤ ਸਿੰਘ ਜਦ ਤੁਸੀਂ ਨੌਜਵਾਨ ਦੂਜਿਆਂ ਦੇ ਦੁੱਖਾਂ ਨੂੰ ਦੂਰ ਕਰਨ ਲਈ ਕੁਰਬਾਨੀ ਦੇ ਰਹੇ ਹੋ ਤਾਂ ਮੈਂ ਬੁੱਢੀ ਉਮਰ ਵਿੱਚ ਜੋ ਖ਼ਤਮ ਹੋਣ ਤੇ ਹੈ, ਬਾਹਰ ਬੈਠਾ ਕਿਸ ਤਰ੍ਹਾਂ ਤਮਾਸ਼ਾ ਵੇਖ ਸਕਦਾ ਹਾਂ ?" ਸੋ ਮੈਂ ਵੀ ਭੁੱਖ ਹੜਤਾਲ ਕਰ ਦਿੱਤੀ ਤੇ ਆਖ਼ਰ ਤੱਕ ਭੁੱਖ ਹੜਤਾਲ ਵਿੱਚ ਸ਼ਾਮਲ ਰਿਹਾ। ਇਹ ਮੇਰੀ ਚੌਥੀ ਭੁੱਖ ਹੜਤਾਲ ਸੀ।

ਸਰਕਾਰ ਨੇ ਗੋਪੀ ਚੰਦ ਭਾਰਗੋ ਤੇ ਦੁਨੀ ਚੰਦ ਅੰਬਾਲਵੀ ਵਰਗਿਆਂ ਨੂੰ ਵਿੱਚ ਪਵਾ ਕੇ ਇਹ ਮਨਵਾ ਲਿਆ ਕਿ ਭੁੱਖ ਹੜਤਾਲ ਤੋੜ ਦਿੱਤਾ ਜਾਵੇਗੀ। ਭਗਤ ਸਿੰਘ ਸਰਕਾਰੀ ਚਾਲ ਵਿੱਚ ਆ ਗਿਆ ਤੇ ਹੜਤਾਲ ਫੇਲ੍ਹ ਹੋ ਗਈ। ਭਗਤ ਸਿੰਘ ਨੇ ਪਿੱਛੋਂ



ਮੈਨੂੰ ਦੱਸਿਆ ਕਿ ਹੜਤਾਲ ਛੁਡਾ ਕੇ ਉਸ ਨੇ ਗਲਤੀ ਕੀਤੀ ਹੈ ਤੇ ਜਤੀਨ ਦਾਸ ਦੀ ਸ਼ਹੀਦੀ ਅਜਾਈਂ ਗਈ ਹੈ। ਕਿਉਂਕਿ ਸਰਕਾਰ ਨੇ ਉਹ ਅਸਲ ਮੁਤਾਲਬਾ ਨਹੀਂ ਸੀ ਮੰਨਿਆ ਜਿਸ ਰਾਹੀਂ ਸਾਰੇ ਰਾਜਸੀ ਕੈਦੀਆਂ ਨਾਲ ਇੱਕੋ ਜਿਹਾ ਸਲੂਕ ਕੀਤਾ ਜਾਂਦਾ। ਉਸ ਰਾਜਸੀ ਕੈਦੀਆਂ ਦੇ ਏ-ਬੀ-ਸੀ ਤਿੰਨ ਦਰਜੇ ਬਣਾ ਦਿੱਤੇ, ਜਿਸ ਨਾਲ ਗ਼ਰੀਬ ਕੈਦੀਆਂ ਦੀ ਸਗੋਂ ਹੋਰ ਭੈੜੀ ਹਾਲਤ ਹੋ ਗਈ। ਮੇਰੇ ਖ਼ਿਆਲ ਵਿੱਚ ਵੀ ਇਹ ਜਿੱਤ ਨਹੀਂ ਹਾਰ ਸੀ।

ਇਸ ਤੇ ਪਹਿਲੋਂ ਏਸੇ ਜੇਲ੍ਹ ਵਿੱਚ ਮੈਂ ਇੱਕ ਹੋਰ ਵੀ ਛੋਟੀ ਜਿਹੀ ਭੁੱਖ ਹੜਤਾਲ ਕੀਤੀ ਸੀ। ਭੋਜਨ ਸਮੇਂ ਗੈਰ ਸਿਆਸੀ ਜੱਟ-ਸਿੱਖ ਕੈਦੀ ਹਰੀਜਨ ਕੈਦੀਆਂ ਨੂੰ ਪੰਗਤ ਵਿੱਚ ਨਹੀਂ ਸਨ ਬੈਠਣ ਦੇਂਦੇ। 15 ਕੁ ਦਿਨ ਮੈਂ ਕੱਲੇ ਨੇ ਮਰਨਵਰਤ ਰੱਖਿਆ। ਜਦ ਮੈਂ ਡਟਿਆ ਰਿਹਾ ਤਾਂ ਉਹਨਾਂ ਨੂੰ ਬਰਾਬਰ ਦੇ ਹੱਕ ਮਿਲ ਗਏ।

## 16. ਰਿਹਾਈ

ਜਦ ਮੇਰੀ ਸੋਲਾਂ ਸਾਲ ਦੀ ਤਾਰੀਖ਼ੀ ਕੈਦ (ਭਾਵ ਉਮਰ ਕੈਦ ਜੋ 20 ਸਾਲ ਸੁਣਾਉਂਦੇ ਹਨ ਤੇ 14 ਸਾਲ ਪਿੱਛੋਂ ਰਿਹਾ ਕਰ ਦੇਂਦੇ ਹਨ) ਗੁਜ਼ਰ ਗਈ, ਅਰਥਾਤ ਜਿੰਨੀ ਦੇਰ ਇੱਕ ਉਮਰ ਕੈਦ ਵਾਲੇ ਨੇ ਕੱਟਣੀ ਹੁੰਦੀ ਸੀ ਪੂਰੀ ਹੋ ਗਈ ਅਤੇ ਮੈਂ ਅੰਗਰੇਜ਼ੀ ਸਰਕਾਰ ਦੀ ਨੀਯਤ ਨੂੰ ਚੰਗੀ ਤਰ੍ਹਾਂ ਸਮਝ ਲਿਆ ਕਿ ਉਹ ਮੈਨੂੰ ਜੇਲ੍ਹ ਵਿੱਚ ਹੀ ਮਾਰਨਾ ਚਾਹੁੰਦੀ ਹੈ, ਤਾਂ ਮੈਂ ਆਖ਼ਰੀ ਭੁੱਖ ਹੜਤਾਲ ਦਾ ਨੋਟਿਸ ਜੇਲ੍ਹ ਵਾਲਿਆਂ ਨੂੰ ਦੇ ਦਿੱਤਾ। ਮੇਰੇ ਖ਼ਿਆਲ ਵਿੱਚ ਇਹ ਅਪ੍ਰੈਲ 1930 ਦੀ ਗੱਲ ਹੈ। ਜਦ ਭੁੱਖ ਹੜਤਾਲ ਨੂੰ ਕੋਈ ਦੋ ਮਹੀਨੇ ਹੋ ਗਏ ਤਾਂ ਮੇਰੀ ਹਾਲਤ ਖ਼ਰਾਬ ਹੋ ਗਈ। ਕਿਉਂਕਿ ਨੱਕ ਰਾਹੀਂ ਦੁੱਧ ਪਾਉਣ ਲਈ ਜਦ ਉਹ ਨਲਕੀ ਪਾਉਂਦੇ ਸਨ ਤਾਂ ਮੈਂ ਸਖ਼ਤ ਮੁਕਾਬਲਾ ਕਰਦਾ ਸਾਂ। ਅਜਿਹੇ ਮੌਕੇ ਭੁੱਖ ਹੜਤਾਲੀ ਦੇ ਮਰ ਜਾਣ ਦਾ ਵੀ ਖ਼ਤਰਾ ਹੁੰਦਾ ਹੈ। ਸੁਪਰੀਟੈਂਡੰਟ ਜੇਲ੍ਹ ਨੇ ਜੋ ਜੇਲ੍ਹ ਦਾ ਸਿਵਲ ਸਰਜਨ ਡਾਕਟਰ ਵੀ ਹੁੰਦਾ ਹੈ ਮੇਰੀ ਹਾਲਤ ਨਾਜ਼ਕ ਦੇਖੀ ਤਾਂ ਪੰਜਾਬ ਸਰਕਾਰ ਨੂੰ ਮੇਰੀ ਹਾਲਤ ਬਾਰੇ ਲਿਖਿਆ। ਸਰਕਾਰ ਨੇ ਜੇਲ੍ਹ ਤੋਂ ਤਬਦੀਲ ਕਰਕੇ ਮਿਓ ਹਸਪਤਾਲ ਲਾਹੌਰ ਵਿੱਚ ਭੇਜ ਦੇਣ ਦਾ ਹੁਕਮ ਦਿੱਤਾ, ਤੇ ਮੈਨੂੰ ਮਿਓ ਹਸਪਤਾਲ ਦਾਖ਼ਲ ਕਰਾਇਆ ਗਿਆ।

ਮੇਰੇ ਤੋਂ ਪਹਿਲਾਂ ਭਾਈ ਕੇਸਰ ਸਿੰਘ ਨੂੰ ਵੀ ਚਮੜੀ ਰੋਗ ਵਧ ਜਾਣ ਕਰਕੇ ਮਿਓ ਹਸਪਤਾਲ ਭੇਜ ਦਿੱਤਾ ਗਿਆ ਸੀ। ਸਾਨੂੰ ਦੋਹਾਂ ਨੂੰ ਇੱਕੋ ਹੀ ਕਮਰੇ ਵਿੱਚ ਰੱਖਿਆ ਗਿਆ ਤਾਂ ਕਿ ਇੱਕ ਕਮਰੇ ਉੱਤੇ ਇੱਕ ਹੀ ਸਿਪਾਹੀ ਦੇ ਪਹਿਰੇ ਨਾਲ ਕੰਮ ਚਲ ਜਾਏ। ਅਜੇ ਹਸਪਤਾਲ ਵਿੱਚ ਗਿਆਂ ਮੈਨੂੰ ਥੋੜ੍ਹੇ ਹੀ ਦਿਨ ਹੋਏ ਸਨ ਕਿ ਜੇਲ੍ਹ ਸੁਪਰੀਟੈਂਡੰਟ ਰਿਹਾਈ ਦੇ ਕਾਗਜ਼ ਲੈ ਕੇ ਆ ਗਿਆ ਤੇ ਮੈਨੂੰ ਵਧਾਈ ਦੇ ਕੇ ਕਹਿਣ ਲੱਗਾ ਕਿ ਤੁਹਾਡੀ ਰਿਹਾਈ ਆ ਗਈ ਹੈ। ਸਾਨੂੰ ਸਰਕਾਰ ਦੀਆਂ ਚਾਲਾਂ ਦਾ ਕਾਫ਼ੀ ਤਜ਼ਰਬਾ ਹੋ ਚੁੱਕਾ ਸੀ। ਇਸ ਲਈ ਮੈਂ ਪੁੱਛਿਆ ਕਿ ਕਿਸ ਤਰ੍ਹਾਂ ? ਸੁਪਰੀਟੈਂਡੰਟ ਨੇ ਕਿਹਾ ਕਿ ਤੁਸਾਂ ਥਾਨੇ ਜਾ ਕੇ ਕੋਈ ਹਾਜ਼ਰੀ ਨਹੀਂ ਦੇਣੀ ਸਿਰਫ਼ ਪਿੰਡ ਦੇ ਨੰਬਰਦਾਰ ਨੂੰ ਹੀ ਕਹਿ ਦੇਣਾ ਹੈ ਕਿ ਮੈਂ ਪਿੰਡ ਵਿੱਚ ਹਾਜ਼ਰ ਹਾਂ। ਮੈਂ ਸ਼ਰਤੀ ਰਿਹਾਈ ਠੁਕਰਾ

ਦਿੱਤੀ ਤੇ ਕਿਹਾ ਕਿ ਮੈਨੂੰ ਇਸ ਜ਼ਲੀਲ ਰਿਹਾਈ ਦੀ ਕੋਈ ਲੋੜ ਨਹੀਂ। ਇਸ ਦੇ ਕੁਝ ਦਿਨਾਂ ਪਿੱਛੋਂ ਮੇਰੀ ਹਾਲਤ ਹੋਰ ਵੀ ਵਿਗੜ ਗਈ। ਉਧਰ ਅਖ਼ਬਾਰਾਂ ਨੇ ਵੀ ਮੇਰੀ ਬਿਨਾਂ ਸ਼ਰਤ ਰਿਹਾਈ ਲਈ ਕਾਫ਼ੀ ਲਿਖਿਆ ਤੇ ਸਰਕਾਰ ਨੂੰ ਝੁਕਣਾ ਪਿਆ। ਇਸ ਤਰ੍ਹਾਂ ਮੇਰੀ ਬਿਨਾਂ ਸ਼ਰਤ ਰਿਹਾਈ ਹੋਈ। ਜਦ ਫਿਰ ਸੁਪਰੀਟੈਂਡੈਂਟ ਜੇਲ੍ਹ ਰਿਹਾਈ ਦੇ ਕਾਗਜ਼ ਲੈ ਕੇ ਆਇਆ ਤਾਂ ਮੈਂ ਕਿਹਾ ਕਿ ਮੈਨੂੰ ਸਰਕਾਰ ਤੇ ਭਰੋਸਾ ਨਹੀਂ। ਇਸ ਲਈ ਮੈਂ ਕਾਗਜ਼ਾਂ ਤੇ ਦਸਖ਼ਤ ਨਹੀਂ ਕਰ ਸਕਦਾ ਅਤੇ ਨਾ ਹੀ ਕੀਤੇ।

ਉਹ ਵਾਪਸ ਚਲਾ ਗਿਆ। ਅਗਲੇ ਦਿਨ ਹੋਮ ਸੈਕਟਰੀ ਪੰਜਾਬ ਨੇ ਅਖ਼ਬਾਰ 'ਸ਼ੇਰੇ ਪੰਜਾਬ' ਦੇ ਐਡੀਟਰ ਸਰਦਾਰ ਅਮਰ ਸਿੰਘ ਨੂੰ ਸੰਤ ਵਸਾਖਾ ਸਿੰਘ ਕੋਲ ਭੇਜਿਆ। ਸੰਤ ਵਸਾਖਾ ਸਿੰਘ, ਸਰਦਾਰ ਖੜਕ ਸਿੰਘ ਤੇ ਸਰਦਾਰ ਅਮਰ ਸਿੰਘ ਮਿਓ ਹਸਪਤਾਲ ਆਏ। ਉਨ੍ਹਾਂ ਨੇ ਫਰਮਾਇਆ ਕਿ ਮੋਰਚਾ ਬਿਨਾਂ ਸ਼ਰਤ ਫਤਿਹ ਹੋ ਗਿਆ ਹੈ ਤੇ ਅਸੀਂ ਅਕਾਲ ਤਖਤ ਤੋਂ ਹੁਕਮ ਲੈ ਕੇ ਆਏ ਹਾਂ। ਪੰਥ ਦਾ ਹੁਕਮ ਹੈ ਕਿ ਭੁੱਖ ਹੜਤਾਲ ਤੋੜ ਦਿੱਤੀ ਜਾਏ ਤੇ ਰਿਹਾਈ ਮੰਨ ਲਈ ਜਾਏ। ਤਦ ਮੈਂ ਸੰਗਤ ਦਾ ਹੁਕਮ ਮੰਨ ਕੇ ਭੁੱਖ ਹੜਤਾਲ ਖ਼ਤਮ ਕਰ ਦਿੱਤੀ। ਇਹ ਮੇਰੀ ਪੰਜਵੀਂ ਭੁੱਖ ਹੜਤਾਲ ਸੀ।

ਮੇਰੇ ਖ਼ਿਆਲ ਵਿੱਚ ਜੁਲਾਈ 1930 ਦੀ ਕਿਸੇ ਤਰੀਕ ਨੂੰ 90 ਦਿਨ ਦੀ ਭੁੱਖ ਹੜਤਾਲ ਪਿੱਛੋਂ ਮੇਰੀ 16 ਸਾਲਾਂ ਪਿੱਛੋਂ ਰਿਹਾਈ ਹੋਈ। ਮੇਰੇ ਪਿੱਛੋਂ ਭਾਈ ਕੇਸਰ ਸਿੰਘ ਦੀ ਵੀ ਉਹੀ ਸ਼ਰਤ ਵਾਲੀ ਰਿਹਾਈ (ਜੋ ਪਹਿਲਾਂ ਮੈਨੂੰ ਦਿੱਤੀ ਗਈ ਸੀ) ਆਈ। ਪਰ ਇਸ ਸ਼ੇਰ ਦਿਲ ਸੂਰਮੇ ਨੇ ਸ਼ਰਤ ਵਾਲੀ ਰਿਹਾਈ ਠੁਕਰਾ ਦਿੱਤੀ। ਤਿੰਨ ਸਾਲ ਭਾਈ ਕੇਸਰ ਸਿੰਘ ਤੇ ਸਰਕਾਰ ਦੋਵੇਂ ਅੜੇ ਰਹੇ। ਅਖ਼ੀਰ ਜਦ ਵੀਹ ਸਾਲ ਦੀ ਪੂਰੀ ਕੈਦ ਕੱਟੀ ਗਈ ਤਾਂ ਸਰਕਾਰ ਨੂੰ ਹਾਰ ਮੰਨਣੀ ਪਈ ਤੇ ਸਰਕਾਰ ਨੂੰ ਬਿਨਾਂ ਸ਼ਰਤ ਰਿਹਾਈ ਕਰਨੀ ਪਈ। ਪਰ ਅਫ਼ਸੋਸ ਹੈ ਕਿ ਇਸ ਸੂਰਮੇ ਦੀ ਮੌਤ ਬੜੀ ਦਰਦਨਾਕ ਹੋਈ ਜਿਸ ਦਾ ਅੱਜ ਤੱਕ ਪੂਰਾ ਪਤਾ ਨਹੀਂ ਲੱਗ ਸਕਿਆ ਕਿ ਕਿੱਥੇ ਅਤੇ ਕਿਸ ਤਰ੍ਹਾਂ ਹੋਈ।

## 17. ਪਿੰਡ ਵਾਪਸੀ ਅਤੇ ਜ਼ਮੀਨ ਦਾ ਕਲੇਸ਼

ਰਿਹਾਈ ਵੇਲੇ ਮੇਰੀ ਹਾਲਤ ਬਹੁਤ ਕਮਜ਼ੋਰ ਸੀ। ਪਰ ਸੰਤ ਵਿਸਾਖਾ ਸਿੰਘ ਤੇ ਦੂਸਰੇ ਆਗੂਆਂ ਨੇ ਬੜੇ ਧਿਆਨ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਮੈਨੂੰ ਟਿਕਾਇਆ। ਲਾਹੌਰ ਦੀਆਂ ਸੰਗਤਾਂ ਵੱਲੋਂ ਗੁਰਦਵਾਰਾ ਡੇਰਾ ਸਾਹਿਬ ਵਿੱਚ ਬੜਾ ਭਾਰੀ ਦੀਵਾਨ ਸਜਿਆ ਜਿਸ ਵਿੱਚ ਸੰਗਤ ਨੇ ਦਸਤਾਰ ਤੇ ਸਰੋਪਾ ਦਿੱਤਾ। ਇਸ ਤੋਂ ਪਿੱਛੋਂ ਕਾਂਗਰਸ ਕਮੇਟੀ ਅੰਮ੍ਰਿਤਸਰ ਵੱਲੋਂ ਸ਼ਹਿਰ ਵਿੱਚ ਕਾਫ਼ੀ ਵੱਡਾ ਜਲੂਸ ਕੱਢਿਆ ਗਿਆ। ਕਾਂਗਰਸ ਕਮੇਟੀ, ਅਕਾਲੀ ਦਲ, ਅਕਾਲ ਤਖਤ ਤੇ ਇਸਤਰੀ ਸਭਾ ਵੱਲੋਂ ਕਿਰਪਾਨਾਂ ਤੇ ਦਸਤਾਰੇ, ਸਰੋਪਾ ਦਿੱਤੇ ਗਏ। ਪਿੱਛੋਂ ਪਿੰਡ ਵਾਲਿਆਂ ਵੱਲੋਂ ਇਲਾਕੇ ਦਾ ਬੜਾ ਭਾਰੀ ਇਕੱਠ ਹੋਇਆ। ਜਦ ਮੈਂ ਘਰ ਵੱਲ ਨੂੰ ਆਇਆ ਤਾਂ ਘਰ ਭੁੱਲ ਗਿਆ ਸੀ। ਕਿਉਂਕਿ ਹੁਣ ਸਾਰੀ ਹਵੇਲੀ ਮਿੱਟੀ ਦਾ ਢੇਰ ਹੋ ਚੁੱਕੀ ਸੀ। ਮੇਰੀਆਂ ਦੋਵੇਂ ਮਾਤਾਵਾਂ ਮੇਰੇ ਵਿਜੋਗ ਵਿੱਚ ਮੇਰਾ ਨਾਮ ਜਪਦੀਆਂ ਪਰਲੋਕ ਸਿਧਾਰ ਚੁੱਕੀਆਂ ਸਨ। ਮੇਰੀ ਪਤਨੀ ਆਪਣੇ ਪੇਕੇ ਦਿਨ ਕਟਦੀ ਰਹੀ। ਬਾਬਾ ਕੇਸਰ ਜੀ ਸੁਰਗਵਾਸ ਹੋ ਚੁੱਕੇ



ਸੀ। ਪਿੰਡ ਦਾ ਨਕਸ਼ਾ ਹੀ ਬਲਦਿਆ ਹੋਇਆ ਸੀ। ਪੁਰਾਣੇ ਬੰਦਿਆਂ ਨੂੰ ਛੱਡ ਕੇ ਨੌਜਵਾਨ ਮੈਨੂੰ ਪਛਾਣਦੇ ਵੀ ਨਹੀਂ ਸੀ ਤੇ ਨਾ ਹੀ ਮੈਂ ਉਹਨਾਂ ਨੂੰ।

ਮੈਂ ਅੱਜ ਵੀ ਆਪਣੀ ਪਤਨੀ ਦਾ ਧੰਨਵਾਦੀ ਹਾਂ। ਉਨ੍ਹਾਂ ਕਦੀ ਵੀ ਮੇਰੀ ਦੇਸ਼ ਸੇਵਾ ਵਿੱਚ ਰੁਕਾਵਟ ਨਹੀਂ ਪਾਈ ਬਲਕਿ ਮਦਦ ਕੀਤੀ। ਜਿਉਂਦੇ ਵਕਤ ਮੈਂ ਉਹਨਾਂ ਦੀ ਪੂਰੀ ਸੇਵਾ ਕੀਤੀ। ਮਿਰਤੂ ਤੋਂ ਬਾਅਦ ਸਿਰਫ ਆਪਣੇ ਅਕੀਦੇ ਅਨੁਸਾਰ ਹੀ ਨਹੀਂ ਬਲਕਿ ਬਾਣੀ ਅਨੁਸਾਰ ਵੀ ਉਹਨਾਂ ਦੀ ਦੇਹ ਠਿਕਾਣੇ ਲਾ ਦਿੱਤੀ। ਮੇਰਾ ਅਕੀਦਾ ਹੈ ਅਤੇ ਇਹ ਮਤ ਬਾਣੀ ਦਾ ਵੀ ਹੈ ਕਿ ਮਿਰਤਕ ਸਰੀਰ ਨੂੰ ਪਰਲੋਕ ਵਿੱਚ ਕੁਝ ਨਹੀਂ ਪਹੁੰਚ ਸਕਦਾ। ਮੈਂ ਉਹਨਾਂ ਦਾ ਅੰਗੀਠਾ ਪਾਣੀ ਵਿੱਚ ਪਰਵਾਹ ਕਰ ਦਿੱਤਾ ਅਤੇ ਕੋਈ ਪਾਠ, ਭੋਗ, ਕਿਰਿਆ-ਕਰਮ ਕੁਝ ਨਹੀਂ ਕੀਤਾ। ਜਨਮ ਸੰਸਕਾਰ ਦੀ ਬਾਬਤ ਮੇਰਾ ਅਕੀਦਾ ਹੈ-ਮਾਤਾ ਅਤੇ ਬੱਚੇ ਦੀ ਸੇਵਾ ਕਰੋ। ਹੋਰ ਰਸਮਾਂ ਰਿਵਾਜਾਂ ਨੂੰ ਮੈਂ ਸਮਝਦਾ ਗਲਤ ਹਨ। ਜਿਹੜੀ ਸੰਭਾਲ ਅਸਾਂ ਮਾਂ ਅਤੇ ਬੱਚੇ ਦੀ ਕਰਨੀ ਸੀ ਉਹ ਅਸੀਂ ਗਲਤ ਰਸਮਾਂ ਤੇ ਖ਼ਰਚ ਕਰਕੇ ਬੱਚੇ ਦੀ ਸਿਹਤ ਉੱਤੇ ਸੱਟ ਮਾਰਦੇ ਹਾਂ। ਸ਼ਾਦੀ ਬਾਬਤ ਮੇਰਾ ਇਹ ਖ਼ਿਆਲ ਹੈ ਕਿ ਅੱਜ ਕੱਲ੍ਹ ਨੌਜਵਾਨ ਲੜਕੇ ਲੜਕੀਆਂ ਪ੍ਰੇਮ ਮਈ ਖੁਦ ਪਸੰਦ ਸ਼ਾਦੀਆਂ ਦੇ ਹੱਕ ਵਿੱਚ ਹਨ। ਜਿਸ ਜਗ੍ਹਾ ਪ੍ਰੇਮ ਹੈ ਉਸ ਜਗ੍ਹਾ ਦਾਜ ਦਹੇਜ, ਮਾਇਆ ਆਦਿ ਦਾ ਕੋਈ ਸਵਾਲ ਨਹੀਂ ਹੋਣਾ ਚਾਹੀਦਾ। ਕਿਉਂਕਿ ਪ੍ਰੇਮ ਅਤੇ ਸਵਾਰਥ ਇੱਕ ਜਗ੍ਹਾ ਨਹੀਂ ਟਿਕ ਸਕਦੇ। ਜਿਹੜੇ ਲੜਕੇ ਵਾਲੇ ਦਹੇਜ ਮੰਗਦੇ ਹਨ ਇਸ ਦਾ ਮਤਲਬ ਇਹ ਹੈ ਕਿ ਉਹ ਆਪਣੇ ਪ੍ਰੇਮ ਨੂੰ ਵੇਚਦੇ ਹਨ।

ਮੈਂ ਪਹਿਲਾਂ ਲਿਖ ਚੁੱਕਿਆ ਹਾਂ ਕਿ ਮੇਰੇ ਅਮਰੀਕਾ ਜਾਣ ਦਾ ਕਾਰਨ ਮਾਇਕ ਹਾਲਤ ਦੀ ਕਮਜ਼ੋਰੀ ਸੀ। ਪਰ ਇਹ ਗਰੀਬੀ ਪਿਉ ਦਾਦੇ ਤੋਂ ਵਿਰਸੇ ਵਿੱਚ ਨਹੀਂ ਮਿਲੀ ਸੀ ਬਲਕਿ ਮੇਰੇ ਆਪਣੇ ਹੀ ਕਰਮਾਂ ਦਾ ਫਲ ਸੀ। ਪਹਿਲਾਂ ਅਯਾਸ਼ੀ ਵਿੱਚ ਘਰ ਦਾ ਨਕਦ ਪੈਸਾ ਬਰਬਾਦ ਕੀਤਾ ਫਿਰ ਰੱਬ ਭਗਤੀ ਤੇ ਦੇਸ਼ ਭਗਤੀ ਦੀ ਲਗਨ ਵਿੱਚ 130 ਵਿੱਘੇ ਜ਼ਮੀਨ ਰਹਿਣ ਕਰ ਦਿੱਤੀ ਤੇ ਜ਼ਮੀਨ ਤੋਂ ਇਲਾਵਾ 3000 ਰੁਪਏ ਦਾ ਕਰਜ਼ਾ ਵੀ ਹੋ ਗਿਆ ਜਿਸ ਨੂੰ ਉਤਾਰਨਾ ਜ਼ਰੂਰੀ ਸੀ। ਮਾਤਾਵਾਂ ਤੇ ਪਤਨੀ ਦੀ ਰੋਟੀ ਦਾ ਵੀ ਸਵਾਲ ਸੀ। ਅਖੀਰ ਮਜ਼ਬੂਰ ਹੋ ਕੇ ਅਮਰੀਕਾ ਜਾਣਾ ਪਿਆ। ਅਮਰੀਕਾ ਜਾ ਕੇ ਦੋ ਸਾਲਾਂ ਵਿੱਚ ਦੋਸਤਾਂ ਦਾ ਕਰਜ਼ਾ ਲਾਹਿਆ ਤੇ ਕੁਝ ਖਰਚ ਘਰ ਨੂੰ ਵੀ ਭੇਜਦਾ ਰਿਹਾ। ਪਰ 1911 ਵਿੱਚ ਜਦ ਹਿੰਦੀਆਂ ਵਿਰੁੱਧ ਹਮਲੇ ਸ਼ੁਰੂ ਹੋਏ ਤਾਂ ਗੁਲਾਮੀ ਵਿਰੁੱਧ ਘਿਰਨਾ ਫੈਲ ਗਈ ਅਤੇ ਗ਼ਦਰ ਪਾਰਟੀ ਦਾ ਆਰੰਭ ਹੋਇਆ (ਜਿਸਦਾ ਜ਼ਿਕਰ ਮੈਂ ਪਹਿਲਾਂ ਕਰ ਚੁੱਕਿਆ ਹਾਂ) ਥੋੜ੍ਹੇ ਬਹੁਤ ਡਾਲਰ ਬੈਂਕ ਵਿੱਚ ਜਮ੍ਹਾਂ ਸੀ ਉਹ ਵੀ ਦੂਜੇ ਮੈਂਬਰਾਂ ਵਾਂਗ ਪਾਰਟੀ ਨੂੰ ਦੇ ਦਿੱਤੇ ਤੇ 24 ਘੰਟੇ ਵਕਤ ਵੀ। ਹੁਣ ਨਾ ਮੇਰੇ ਪਾਸ ਰੁਪਿਆ ਸੀ ਤੇ ਨਾ ਹੀ ਰੁਪਿਆ ਕਮਾਉਣ ਲਈ ਵਕਤ। ਤਾਂ ਫਿਰ ਜ਼ਮੀਨ ਛੁਡਾਉਣ ਦਾ ਸਵਾਲ ਹੀ ਖ਼ਤਮ ਹੋ ਗਿਆ। ਫਿਰ ਸਵਾਲ ਉਠਦਾ ਹੈ ਕਿ ਜੋ ਇਸ ਵੇਲੇ 22 ਏਕੜ ਜ਼ਮੀਨ ਮੇਰੇ ਕੋਲ ਹੈ ਉਹ ਕਿੱਥੋਂ ਆ ਗਈ ? ਉਹ ਇਸ ਤਰ੍ਹਾਂ ਕਿ ਅਜੇ ਮੈਂ ਜੇਲ੍ਹ ਵਿੱਚ ਹੀ ਸੀ ਕਿ ਜ਼ਮੀਨ ਦੇ ਭਾਅ ਚੜ੍ਹਨੇ ਸ਼ੁਰੂ ਹੋ ਗਏ। ਮੇਰੇ ਇੱਕ ਦੋਸਤ ਨੇ ਮੈਨੂੰ ਖ਼ਤ ਲਿਖਿਆ ਕਿ ਜ਼ਮੀਨਾਂ ਦੀਆਂ ਕੀਮਤਾਂ ਚੜ੍ਹ ਰਹੀਆਂ ਹਨ, ਜੇ ਮੁਖਤਾਰ-ਨਾਮਾ ਭੇਜ ਦਿਉ, ਤਾਂ ਕਰਜ਼ਾ ਅੱਧੀ ਜ਼ਮੀਨ ਤੇ ਹੋ ਸਕਦਾ ਹੈ। ਮੈਂ ਮੁਖਤਾਰ-ਨਾਮਾ ਭੇਜ ਦਿੱਤਾ ਤੇ ਅੱਧੀ ਜ਼ਮੀਨ ਫ਼ਕ ਰਹਿਣ ਹੋ ਗਈ। ਇਸ ਤੋਂ ਪਿੱਛੋਂ ਵੱਡੀ ਜੰਗ ਵੇਲੇ

ਮੇਰੀ ਦਿਉਲੀ ਕੈਂਪ ਵਿੱਚ ਤਿੰਨ ਸਾਲ ਨਜ਼ਰਬੰਦ ਰਹਿਣ ਪਿੱਛੋਂ ਅਪ੍ਰੈਲ 1943 ਵਿੱਚ ਰਿਹਾਈ ਹੋਈ। ਜਦ ਭਕਨੇ ਵਿੱਚ ਸਰਬ ਹਿੰਦ ਕਿਸਾਨ ਸਭਾ ਦੀ ਕਾਨਫਰੰਸ ਹੋ ਰਹੀ ਸੀ ਤਾਂ ਮੈਂ ਕੀਮਤਾਂ ਹੋਰ ਚੜ੍ਹ ਜਾਣ ਤੇ 2000 ਰੁਪਿਆ ਹੋਰ ਲੈ ਕੇ ਪਾਰਟੀ ਨੂੰ ਦੇ ਦਿੱਤਾ। ਬਾਕੀ ਰਹਿੰਦੀ ਜ਼ਮੀਨ ਵਿੱਚੋਂ ਅੱਧੀ ਜ਼ਮੀਨ ਹੋਰ ਫ਼ਕ ਰਹਿਣ ਹੋ ਗਈ ਅਰਥਾਤ ਛੁੱਟ ਗਈ। ਹੁਣ ਸਿਰਫ ਚੌਥਾ ਹਿੱਸਾ ਜ਼ਮੀਨ ਹੀ ਰਹਿਣ ਰਹਿ ਗਈ ਸੀ।

ਬਾਅਦ ਵਿੱਚ ਜਦ ਇਲਾਕੇ ਨੇ ਹਾਈ ਸਕੂਲ ਲਈ ਜ਼ਮੀਨ ਦੀ ਮੰਗ ਕੀਤੀ ਤਾਂ ਸਾਢੇ 8 ਏਕੜ ਸਕੂਲ ਲਈ ਦੇ ਦਿੱਤੀ। ਜਦ ਮੈਂ 1930 ਵਿੱਚ ਉਮਰ ਕੈਦ ਤੋਂ ਰਿਹਾ ਹੋ ਕੇ ਆਇਆ ਤਾਂ ਮੈਂ ਵੇਖਿਆ ਕਿ ਲੜਕੀਆਂ ਦੀ ਵਿਦਿਆ ਲਈ ਕੋਈ ਬੰਦੋਬਸਤ ਨਹੀਂ। ਮੈਂ ਪਹਿਲਾਂ ਹੀ ਇਰਾਦਾ ਬਣਾ ਚੁੱਕਾ ਸਾਂ ਕਿ ਇੱਕ ਤਾਂ ਕੰਨਿਆਂ ਪਾਠਸ਼ਾਲਾ ਪਿੰਡ ਵਾਲਿਆਂ ਦੀ ਮਦਦ ਨਾਲ ਬਣਾਈ ਜਾਵੇ ਤੇ ਦੂਸਰੇ ਮੈਂ ਇਹ ਸੋਚਿਆ ਕਿ ਸਾਥੀ ਤਾਂ ਆਉਂਦੇ ਜਾਂਦੇ ਹੀ ਰਹਿਣੇ ਹਨ, ਅਤੇ ਸਰਕਾਰ ਦੀ ਸੀ. ਆਈ. ਡੀ. ਨੇ ਵੀ ਵਾਚ ਕਰਨੀ ਹੈ, ਬਿਹਤਰ ਇਹ ਹੀ ਹੈ ਕਿ ਮਕਾਨ ਪਿੰਡ ਦੇ ਹਵਾਲੇ ਕਰ ਦਿੱਤਾ ਜਾਏ ਤੇ ਮੈਂ ਬਾਹਰ ਖੇਤਾਂ ਵਿੱਚ ਚਲਾ ਜਾਵਾਂ।

ਮੈਂ ਪਿੰਡ ਵਾਲਿਆਂ ਨੂੰ ਇਕੱਠੇ ਕਰਕੇ ਕਿਹਾ, "ਤੁਸੀਂ ਜਾਣਦੇ ਹੋ ਕਿ ਮੇਰੇ ਕੋਲ ਨਕਦ ਰੁਪਿਆ ਹੈ ਨਹੀਂ, ਪਰ ਜੇ ਤੁਸੀਂ ਲੜਕੀਆਂ ਨੂੰ ਪੜ੍ਹਾਉਣਾ ਚਾਹੋ ਤਾਂ ਮੈਂ ਸਾਰੀ ਹਵੇਲੀ ਲੜਕੀਆਂ ਦੇ ਸਕੂਲ ਲਈ ਦੇ ਦੇਂਦਾ ਹਾਂ। ਅੱਧੀ ਹਵੇਲੀ ਵੇਚ ਕੇ ਸਕੂਲ ਲਈ ਕਮਰਾ ਬਣ ਸਕਦਾ ਹੈ ਤੇ ਅੱਧੇ ਵਿੱਚ ਸਕੂਲ ਦਾ ਕੰਮ ਭਲੀ ਭਾਂਤ ਚੱਲ ਸਕਦਾ ਹੈ। ਪਿੰਡ ਵਾਲਿਆਂ ਨੇ ਮੰਨ ਲਿਆ। ਇਸ ਇਰਾਦੇ ਨੂੰ ਦ੍ਰਿੜ ਕਰਕੇ ਮੈਂ ਪਿੰਡ ਵਾਲਿਆਂ ਨੂੰ ਇਸ ਸ਼ਰਤ ਤੇ ਮਕਾਨ ਲਿਖ ਦਿੱਤਾ ਕਿ ਉਹ ਅੱਧੀ ਹਵੇਲੀ ਵੇਚ ਕੇ ਤੇ ਬਾਕੀ ਰੁਪਿਆ ਪਿੰਡ ਵਿੱਚੋਂ ਉਗਰਾਹ ਕੇ ਕੰਨਿਆਂ ਪਾਠਸ਼ਾਲਾ ਖੋਲ੍ਹ ਦੇਣਗੇ। ਪਿੰਡ ਵਾਲਿਆਂ ਨੇ ਇਸ ਤਰ੍ਹਾਂ ਹੀ ਕੀਤਾ। ਕੁਝ ਹਵੇਲੀ ਦਾ ਅੱਧ ਵੇਚ ਕੇ ਅਤੇ ਕੁਝ ਪਿੰਡ ਵਾਲਿਆਂ ਨੇ ਇਕੱਠਾ ਕਰਕੇ ਉਸਤਾਨੀ ਰੱਖ ਲਈ। ਸਕੂਲ ਖੋਲ੍ਹ ਦਿੱਤਾ ਅਤੇ ਮੈਂ ਪਿੰਡ ਛੱਡ ਕੇ ਬਾਹਰ ਖੇਤਾਂ ਵਿੱਚ ਜਾ ਡੇਰਾ ਲਾਇਆ।

## 18. ਕਿਰਤੀ ਕਿਸਾਨ ਆਸ਼ਰਮ

ਸੜਕ ਦੇ ਕੰਢੇ ਬੜੀ ਚੰਗੀ ਥਾਂ ਤੇ ਮੇਰਾ ਇੱਕ 17 ਵਿਘੇ (4 ਕਨਾਲ ਦਾ ਵਿਘਾ) ਦਾ ਇਕੱਠਾ ਖੇਤ ਸੀ, ਮੈਂ ਇਸ ਨੂੰ ਪਸੰਦ ਕੀਤਾ। ਅੱਛੀ ਥਾਂ ਹੋਣ ਕਰਕੇ ਮੈਨੂੰ ਖਿਆਲ ਆਇਆ ਕਿ ਕਿਉਂ ਨਾ ਇਹ ਸਾਡੀ ਥਾਂ ਤੇ ਜ਼ਮੀਨ ਦੇਸ਼ ਭਗਤ ਪ੍ਰੀਵਾਰ ਸਹਾਇਕ ਕਮੇਟੀ ਨੂੰ ਦੇ ਦਿੱਤੀ ਜਾਵੇ ਤੇ ਕਮੇਟੀ ਦੇ ਜ਼ੇਰੇ-ਸਾਯਾ ਦੇਸ਼ ਭਗਤਾਂ ਦੇ ਬੱਚੇ ਲਿਆ ਕੇ ਰੱਖੇ ਜਾਣ। ਉਹਨਾਂ ਨੂੰ ਪੜ੍ਹਾਇਆ ਜਾਵੇ ਤੇ ਦੇਸ਼ ਸੇਵਾ ਲਈ ਤਿਆਰ ਕੀਤਾ ਜਾਵੇ। ਇਹ ਮੁੱਖ ਰੱਖ ਕੇ, ਮੈਂ ਦੇਸ਼ ਭਗਤ ਪ੍ਰੀਵਾਰ ਸਹਾਇਕ ਕਮੇਟੀ ਸਾਹਮਣੇ ਇੱਕ ਮਤਾ ਪੇਸ਼ ਕੀਤਾ, ਜੋ ਸਰਬ ਸੰਮਤੀ ਨਾਲ ਪਾਸ ਹੋ ਗਿਆ।

ਹੁਣ ਬੱਚੇ ਲਿਆਉਣ ਤੋਂ ਪਹਿਲਾਂ ਉਹਨਾਂ ਦੇ ਰਹਿਣ ਵਾਸਤੇ ਕੁਝ ਮਕਾਨ ਵਗੈਰਾ ਜ਼ਰੂਰੀ ਸੀ। ਸਰਦਾਰ ਰਣਜੋਧ ਸਿੰਘ ਕਸੇਲ ਤੇ ਕਸੇਲ ਦੀ ਹੋਰ ਸੰਗਤ ਨੇ



ਬੜੀ ਮਦਦ ਕੀਤੀ। ਹੋਰ ਵੀ ਇਲਾਕੇ ਤੇ ਬਾਹਰ ਦੇ ਸਾਥੀਆਂ ਨੇ ਸਹਾਇਤਾ ਕੀਤੀ ਤੇ ਮਕਾਨ ਤੇ ਹਲਟ ਚੱਲਣ ਵਾਲਾ ਨਵਾਂ ਖੂਹ ਪੂਰੇ ਕੀਤੇ। ਮੈਂ ਇਸ ਅਦਾਰੇ ਦਾ ਨਾਂ ਕਿਰਤੀ ਕਿਸਾਨ ਆਸ਼ਰਮ ਰੱਖਕੇ ਜ਼ਮੀਨ, ਮਕਾਨ ਤੇ ਖੂਹ ਆਦਿ ਆਸ਼ਰਮ ਦੇ ਨਾਂ ਲਿਖ ਦਿੱਤੇ।

ਹੁਣ ਦੇਸ਼ ਭਗਤ ਪ੍ਰੀਵਾਰ ਸਹਾਇਕ ਕਮੇਟੀ ਨੇ 12 ਬੱਚੇ-ਸੱਤ ਮੁੰਡੇ ਤੇ ਪੰਜ ਬੀਬੀਆਂ ਆਸ਼ਰਮ ਵਿੱਚ ਘੱਲ ਦਿੱਤੇ। ਮੈਂ ਚੰਦੇ ਉਗਰਾਹ ਕੇ ਬੱਚਿਆਂ ਨੂੰ ਖੁਆਉਣਾ, ਜਿਵੇਂ ਕਿ ਯਤੀਮਖਾਨਿਆਂ ਵਾਲੇ ਕਰਦੇ ਹਨ, ਪਸੰਦ ਨਹੀਂ ਕਰਦਾ ਸਾਂ। ਮੈਂ ਦੇਸ਼ ਭਗਤਾਂ ਦੇ ਬੱਚਿਆਂ ਨੂੰ ਸੱਚੇ ਅਰਥਾਂ ਵਿੱਚ ਕਿਰਤੀ ਤੇ ਕਿਸਾਨ ਬਣਾਉਣਾ ਚਾਹੁੰਦਾ ਸਾਂ ਇਸੇ ਲਈ ਆਸ਼ਰਮ ਦਾ ਨਾਂ ਵੀ ਕਿਰਤੀ ਕਿਸਾਨ ਆਸ਼ਰਮ ਰੱਖਿਆ ਸੀ।

ਮੇਰੇ ਪਾਸ ਛੇ ਮਹੀਨਿਆਂ ਦੀ ਖੁਰਾਕ ਤੇ ਇੱਕ ਲਵੇਰੀ ਭੈਂਸ ਸੀ। ਮੈਂ ਬੱਚਿਆਂ ਨੂੰ ਸਮਝਾਇਆ, "ਪੁੱਤਰ ਤੁਸੀਂ ਦੇਸ਼ਭਗਤਾਂ ਦੀ ਸੰਤਾਨ ਹੋ। ਮੈਂ ਮੰਗੇ ਹੋਏ ਟੁਕੜੇ ਨਹੀਂ ਖਵਾਉਣਾ ਚਾਹੁੰਦਾ। ਇਹ ਛੇ ਮਹੀਨਿਆਂ ਲਈ ਕਾਫ਼ੀ ਖੁਰਾਕ ਹੈ ਜੋ ਤੁਹਾਡੀ ਹੀ ਹੈ।" ਤੇ ਫੇਰ ਬੱਚਿਆਂ ਦੀ ਸਲਾਹ ਨਾਲ, ਰੋਟੀ ਤੇ ਫਲ ਸਬਜ਼ੀਆਂ ਪੈਦਾ ਕਰਨ ਲਈ, ਖੇਤੀ ਬਾੜੀ ਦਾ ਪ੍ਰੋਗਰਾਮ ਬਣਾਇਆ। ਇੱਕ ਜੋੜੀ ਬੈਲਾਂ ਦੀ ਲਈ। ਇੱਕ ਬੱਚਾ ਸਾਰਿਆਂ ਵਿੱਚੋਂ ਸਿਆਣਾ ਸੀ, ਉਸ ਨੇ ਹਲ ਚਲਾਉਣ ਦਾ ਕੰਮ ਲਿਆ। ਦੂਜਿਆਂ ਆਪਣੀ ਤਾਕਤ ਅਨੁਸਾਰ ਕੰਮ ਵੰਡ ਲਏ। ਬੀਬੀਆਂ ਨੇ ਲੰਗਰ ਦਾ ਕੰਮ ਕਰਨ ਤੇ ਪਿੰਡ ਕੰਨਿਆਂ ਪਾਠਸ਼ਾਲਾ ਵਿੱਚ ਪੜ੍ਹਾਈ ਦਾ ਪ੍ਰੋਗਰਾਮ ਬਣਾ ਲਿਆ। ਮੈਂ ਬੱਚਿਆਂ ਨਾਲ ਕੰਮ ਕਰਦਾ ਤੇ ਰੋਟੀ ਵੀ ਉਹਨਾਂ ਦੇ ਵਿੱਚ ਬਹਿ ਕੇ ਖਾਂਦਾ ਤਾਂਕਿ ਉਨ੍ਹਾਂ ਦੇ ਮਨ ਵਿੱਚ ਇਹ ਸ਼ੱਕ ਪੈਦਾ ਨਾ ਹੋਵੇ, "ਇਹ ਅੱਡ ਕੀ ਖਾਂਦਾ ਹੈ ?"

ਅਸੀਂ ਰੋਜ਼ ਰਾਤ ਨੂੰ ਅਗਲੇ ਦਿਨ ਦਾ ਪ੍ਰੋਗਰਾਮ ਉਲੀਕ ਲੈਂਦੇ ਸਾਂ ਤੇ ਸਵੇਰੇ ਲੱਸੀ-ਪਾਣੀ ਤੇ ਥੋੜ੍ਹੀ ਰੋਟੀ ਖਾ ਕੇ, ਰਾਤ ਦੇ ਪ੍ਰੋਗਰਾਮ ਮੁਤਾਬਕ ਆਪਣੇ ਆਪਣੇ ਕੰਮ ਤੇ ਚਲੇ ਜਾਂਦੇ ਸਾਂ ਤੇ ਬੀਬੀਆਂ ਕੰਨਿਆਂ ਪਾਠਸ਼ਾਲਾ ਵਿੱਚ ਪੜ੍ਹਨ ਚਲੀਆਂ ਜਾਂਦੀਆਂ ਸਨ। ਮੇਰੀ ਪਤਨੀ ਸਫ਼ਾਈ ਤੇ ਹੋਰ ਉਤਲਾ ਕੰਮ ਕਰਦੀ ਸੀ। ਅਸੀਂ ਇੱਕ ਸੁਖੀ ਪਰਿਵਾਰ ਬਣ ਗਏ।

ਕਾਸ਼ਤ ਵਿੱਚ, ਬੂਟੇ ਲਾਉਣ ਵਿੱਚ ਤੇ ਖਰਬੂਜੇ ਤਰਕਾਰੀਆਂ ਲਾਉਣ ਵਿੱਚ, ਅਸੀਂ ਚੰਗੇ ਕਾਮਯਾਬ ਹੋਏ। ਸਾਡੀ ਮਸ਼ਹੂਰੀ ਇੱਥੋਂ ਤੱਕ ਹੋਈ ਕਿ ਗੁਰਦਾਸਪੁਰ ਦੇ ਫਾਰਮ ਵਾਲੇ ਸਾਨੂੰ ਪੁੱਛਣ ਆਏ ਕਿ ਅਸੀਂ ਕਿਸ ਤਰੀਕੇ ਨਾਲ ਖਰਬੂਜੇ ਤੇ ਹੋਰ ਤਰਕਾਰੀਆਂ ਪੈਦਾ ਕੀਤੀਆਂ ਹਨ।

ਸਾਡਾ ਸਾਰੇ ਦਿਨ ਦਾ ਪ੍ਰੋਗਰਾਮ ਇਸ ਤਰ੍ਹਾਂ ਸੀ-ਸਵੇਰੇ ਨਾਸ਼ਤੇ ਤੋਂ ਬਾਅਦ ਬਾਰਾਂ ਵਜੇ ਤੱਕ ਖੇਤੀ ਦਾ ਕੰਮ। ਬਾਰਾਂ ਵਜੇ ਛੁੱਟੀ ਦੇ ਬਾਅਦ ਵਿੱਚ ਘੰਟਾ ਇਸ਼ਨਾਨ ਤੇ ਰੋਟੀ ਖਾਣਾ, ਇੱਕ ਤੋਂ ਤਿੰਨ ਵਜੇ ਤੱਕ ਆਰਾਮ। ਤਿੰਨ ਤੋਂ ਛੇ ਤੱਕ ਪੜ੍ਹਾਈ ਤੇ ਪਿੱਛੋਂ ਖੇਡ ਕੂਦ।

ਸਾਨੂੰ ਇਹ ਖਿਆਲ ਰੱਖਣਾ ਚਾਹੀਦਾ ਹੈ ਕਿ ਬੱਚੇ ਦਾ ਦਿਮਾਗ ਸਿਆਣੇ ਆਦਮੀ ਨਾਲੋਂ ਜ਼ਿਆਦਾ ਸਾਫ਼ ਹੈ। ਉਹ ਜੋ ਵਰਤਾਅ ਸਿਆਣਿਆਂ ਵਲੋਂ ਆਪਣੇ ਨਾਲ ਹੁੰਦਾ ਵੇਖਦਾ ਹੈ, ਉਸਦੀ ਨਕਲ ਕਰਦਾ ਹੈ। ਇਸੇ ਲਈ ਬਾਂਦਰ ਤੇ ਬੱਚੇ ਨੂੰ ਨਕਲ ਕਰਨ ਵਾਲਾ ਆਖਿਆ ਗਿਆ ਹੈ। ਆਸ਼ਰਮ ਦੇ ਬੱਚਿਆਂ ਦਾ ਸਦਾਚਾਰ ਵੀ

ਦਿਨ-ਬਦਿਨ ਚੰਗਾ ਬਣਦਾ ਗਿਆ।

**ਮਿਸਾਲ** - ਪਹਿਲੇ ਸਾਲ, ਜਦ ਅਸਾਂ ਬਾਗ ਲਾਇਆ ਤਾਂ ਆੜੂ ਦੇ ਇੱਕ ਬੂਟੇ ਨੂੰ ਇੱਕ ਆੜੂ ਲੱਗਾ, ਮੈਂ ਸਾਰੇ ਬੱਚਿਆਂ ਨੂੰ ਵਿਖਾ ਕੇ ਪੁੱਛਿਆ, "ਜਾਣਦੇ ਹੋ ਇਹ ਬਾਗ਼ ਕਿਸ ਦਾ ਹੈ ?"

ਬੱਚਿਆਂ ਉੱਤਰ ਦਿੱਤਾ, "ਸਾਡਾ ਸਾਰਿਆਂ ਦਾ।"

"ਤੇ ਇਹ ਆੜੂ ?"

"ਸਾਡੇ ਸਾਰਿਆਂ ਦਾ।"

ਫੇਰ ਮੈਂ ਆਖਿਆ ਕਿ ਜ਼ਬਾਨੀ ਨਹੀਂ ਇਹ ਪਰਖ ਦੱਸੇਗੀ। ਬੱਚਿਆਂ ਨੇ ਮਲਮਲ ਦੀ ਇੱਕ ਬਰੀਕ ਟਾਕੀ ਲਈ ਤੇ ਆੜੂ ਉੱਤੇ ਬੰਨ ਦਿੱਤੀ, ਤਾਂਕਿ ਕੋਈ ਜਾਨਵਰ ਨਾ ਟੁੱਕੇ। ਆੜੂ ਪੱਕਿਆ ਤਾਂ ਬੱਚਿਆਂ ਨੇ ਮੈਨੂੰ ਆਖਿਆ, "ਆੜੂ ਪੱਕ ਗਿਆ ਹੈ।" ਮੈਂ ਆੜੂ ਤੋੜ ਲਿਆਉਣ ਲਈ ਆਖਿਆ। ਬੱਚੇ ਤੋੜ ਲਿਆਏ ਤੇ ਛੋਟੇ ਛੋਟੇ ਟੁਕੜੇ ਕਰਕੇ ਮੈਂ ਸਭ ਨੂੰ ਵੰਡ ਦਿੱਤਾ।

**ਦੂਸਰੀ ਮਿਸਾਲ** - ਸਾਡੇ ਪਾਸ ਇੱਕ ਭੈਂਸ ਲਵੇਰੀ ਸੀ। ਰਾਤ ਨੂੰ ਮੇਰੇ ਸਮੇਤ ਸਾਨੂੰ ਸਾਰਿਆਂ ਨੂੰ ਇੱਕ ਇੱਕ ਪਾ ਦੁੱਧ ਮਿਲਦਾ ਸੀ। ਇੱਕ ਦਿਨ ਵਰਤਾਉਣ ਪਿੱਛੋਂ ਅੱਧ ਪਾ ਦੁੱਧ ਬਚ ਗਿਆ।

ਮੈਂ ਇੱਕ ਬੱਚੇ ਨੂੰ ਆਖਿਆ, "ਤੂੰ ਲੈ ਲੈ।"

ਉਸਨੇ ਜਵਾਬ ਦਿੱਤਾ, "ਕਿਉਂ ਮੈਂ ਸਾਰਿਆਂ ਨਾਲੋਂ ਵੱਧ ਕਿਉਂ ਲਵਾਂ ?"

ਅਖੀਰ ਲਾਜਵਾਬ ਹੋ ਕੇ, ਅੱਧਾ ਪਾ ਪਾਣੀ ਪਾਕੇ, ਮੈਂ ਥੋੜ੍ਹਾ ਥੋੜ੍ਹਾ ਸਾਰਿਆਂ ਨੂੰ ਵੰਡ ਦਿੱਤਾ।

**ਤੀਸਰੀ ਮਿਸਾਲ** - ਬੱਚਿਆਂ ਨੇ ਛੇ ਵਿਘੇ ਕਣਕ ਆਪਣੀ ਹੱਥੀਂ ਬੀਜੀ। ਜਦ ਵਾਢੀ ਦਾ ਸਮਾਂ ਆਇਆ ਤਾਂ ਮੈਂ ਬੱਚਿਆਂ ਨੂੰ ਆਖਿਆ, "ਮੈਂ ਬੁੱਢਾ ਹਾਂ ਤੇ ਤੁਸੀਂ ਬੱਚੇ, ਬਿਹਤਰ ਹੈ ਕਿ ਕਣਕ ਲਾਵਿਆਂ ਤੋਂ ਵਢਾ ਲਈਏ।" ਬੱਚਿਆਂ ਨੇ ਮੇਰਾ ਮਖੌਲ ਉਡਾਉਂਦਿਆਂ ਆਖਿਆ, "ਜੇ ਅੱਜ ਅਸੀਂ ਕਣਕ ਨਹੀਂ ਵੱਢ ਸਕਦੇ ਤਾਂ ਕੱਲ੍ਹ ਇਨਕਲਾਬ ਕਿਸ ਤਰ੍ਹਾਂ ਕਰਾਂਗੇ ?"

ਮੈਂ ਚੁੱਪ ਕਰ ਗਿਆ। ਬੱਚਿਆਂ ਨੇ ਖੁਦ ਕਣਕ ਵੱਢੀ ਤੇ ਗਾਹੀ। ਸਾਡੇ ਪਾਸ ਸਾਲ ਭਰ ਦੀ ਖੁੱਲ੍ਹੀ ਖੁਰਾਕ ਹੋ ਗਈ।

ਹੁਣ ਮੈਂ ਲਿਖਤ ਦੇ ਵੱਡੇ ਹੋ ਜਾਣ ਦੇ ਡਰ ਤੋਂ, ਬੱਚਿਆਂ ਬਾਬਤ ਦੱਸਣਾ ਬੰਦ ਕਰਦਾ ਹਾਂ ਤੇ ਜੋ ਸਰਕਾਰੀ ਵਤੀਰਾ ਹੋਇਆ, ਉਹ ਸੰਖੇਪ ਵਿੱਚ ਦਰਸਾਉਂਦਾ ਹਾਂ।

ਖੇਤਾਂ ਵਿੱਚ ਬਾਹਰ ਜਾਣ ਤੇ ਹੀ ਮੇਰੇ ਪਿੱਛੇ ਇੱਕ ਸਿਪਾਹੀ ਦੀ ਨਿਗਰਾਨੀ ਲੱਗ ਗਈ ਤੇ ਸਾਲ ਪਿੱਛੋਂ ਨਿਗਰਾਨੀ ਕਰਨ ਵਾਲੀ ਇੱਕ ਪੂਰੀ ਗਾਰਦ, ਚਾਰ ਸਿਪਾਹੀ ਤੇ ਇੱਕ ਹੌਲਦਾਰ, ਪੰਜ ਆਦਮੀ ਹੋ ਗਏ। ਇਸ ਦੀ ਵਜ੍ਹਾ ਇਹ ਸੀ ਕਿ ਬਾਹਰ ਤੋਂ ਆਏ ਸਾਡੇ ਸਾਥੀ ਅੰਡਰ ਗਰਾਉਂਡ (ਗੁਪਤਵਾਸ) ਰਹਿੰਦੇ ਸਨ, ਤੇ ਸਰਕਾਰ ਨੂੰ ਯਕੀਨ ਸੀ ਕਿ ਮੈਨੂੰ ਜ਼ਰੂਰ ਮਿਲਦੇ ਹੋਣਗੇ। ਇਹ ਸੀ ਵੀ ਸੱਚ। ਅਸੀਂ ਆਪੋ ਵਿੱਚ ਮਿਲਦੇ ਰਹਿੰਦੇ ਸਾਂ। ਸਰਕਾਰ ਦੀ ਨੀਤੀ ਨੂੰ ਸਮਝ ਕੇ ਮੈਂ ਪਿੰਡ ਛੱਡਿਆ ਸੀ। ਖ਼ੈਰ ਸਰਕਾਰ ਕਿਸੇ ਨੂੰ ਫੜਨ ਵਿੱਚ ਕਾਮਯਾਬ ਨਾ ਹੋਈ।



## 19. ਜਲ੍ਹਿਆਂਵਾਲੇ ਬਾਗ ਵਿੱਚ ਮਰਨ ਵਰਤ

ਜਿਵੇਂ ਦੱਸਿਆ ਜਾ ਚੁੱਕਾ ਹੈ ਕਿ ਕਿਵੇਂ ਲੰਮੇ ਸੰਘਰਸ਼ ਪਿੱਛੋਂ ਅਸੀਂ ਅੰਡੇਮਾਨ ਤੁੜਾਉਣ ਤੇ ਹਜ਼ਾਰਾਂ ਸਾਥੀਆਂ ਦੀਆਂ ਜਾਨਾਂ ਬਚਾਉਣ ਵਿੱਚ ਸਫਲ ਹੋਏ-ਪਰ 1939 ਵਿੱਚ ਸਰਕਾਰ ਨੇ ਕੁਝ ਦੇਸ਼ ਭਗਤਾਂ ਨੂੰ ਫਿਰ ਕਾਲੇਪਾਣੀ ਭੇਜ ਦਿੱਤਾ। ਭਾਈ ਗੁਰਮੁਖ ਸਿੰਘ, ਧੰਨਵੰਤਰੀ ਤੇ ਹੋਰ ਦੇਸ਼ ਭਗਤਾਂ ਨੇ ਦੁਬਾਰਾ ਅੰਡੇਮਾਨ ਭੇਜੇ ਜਾਣ ਵਿਰੁੱਧ ਭੁੱਖ ਹੜਤਾਲ ਕੀਤੀ। ਜਦ ਇਸ ਭੁੱਖ ਹੜਤਾਲ ਦੀ ਖਬਰ ਅਖ਼ਬਾਰਾਂ ਵਿੱਚ ਨਿਕਲੀ ਤਾਂ ਇਸ ਸਿਲਸਿਲੇ ਵਿੱਚ ਮੈਂ ਜਲ੍ਹਿਆਂਵਾਲੇ ਬਾਗ ਵਿੱਚ ਇੱਕ ਜਲਸਾ ਰਖਵਾਇਆ ਪਰ ਇਸ ਵਿੱਚ ਸ਼ਹਿਰ ਵਾਲਿਆਂ ਦੀ ਹਾਜ਼ਰੀ ਬਹੁਤ ਘੱਟ ਹੋਈ। ਇਸ ਲਈ ਮੈਂ ਜਲ੍ਹਿਆਂ ਵਾਲੇ ਬਾਗ ਦੀ ਸਟੇਜ ਤੇ ਭੁੱਖ ਹੜਤਾਲ ਦਾ ਐਲਾਨ ਕਰ ਦਿੱਤਾ। ਮੈਂ ਉਸ ਵੇਲੇ ਤੱਕ ਭੁੱਖ ਹੜਤਾਲ ਤੇ ਪਿਆ ਰਿਹਾ, ਜਦ ਤੱਕ ਅੰਡੇਮਾਨ ਵਾਲਿਆਂ ਦੇ ਭੁੱਖ ਹੜਤਾਲ ਛੱਡਣ ਦੀ ਖਬਰ ਅਖ਼ਬਾਰਾਂ ਵਿੱਚ ਨਾ ਆਈ। ਇਸ ਭੁੱਖ ਹੜਤਾਲ ਸਮੇਂ ਮੇਰੇ ਪਰਮ ਮਿੱਤਰ ਨਿਰੰਜਨ ਸਿੰਘ (ਮਾਸਟਰ ਤਾਰਾ ਸਿੰਘ ਦੇ ਛੋਟੇ ਭਰਾ ਜੋ ਪਿੱਛੋਂ ਸਿੱਖ ਨੈਸ਼ਨਲ ਕਾਲਜ ਦੇ ਪ੍ਰਿੰਸੀਪਲ ਰਹੇ) ਅਤੇ ਪ੍ਰੋ: ਬ੍ਰਿਜ ਨਾਰਾਇਣ ਮੇਰੇ ਕੋਲ ਸਨ। ਜਦ ਮੇਰੀ ਹਾਲਤ ਨਾਜ਼ਕ ਹੋ ਗਈ ਤਾਂ ਬ੍ਰਿਜ ਨਾਰਾਇਣ ਮੇਰੇ ਕੋਲ ਸਿਰਹਾਣੇ ਬੈਠੇ ਸਨ ਤੇ ਨਿਰੰਜਨ ਸਿੰਘ ਹੋਰੀਂ ਤਲੀਆਂ ਝੱਸ ਰਹੇ ਸਨ। ਅਫਸੋਸ ਕਿ ਬ੍ਰਿਜ ਨਾਰਾਇਣ ਵਰਗਾ ਆਦਮੀ ਗੜਬੜ (1947) ਦੇ ਲੇਖੇ ਲੱਗ ਗਿਆ। ਖ਼ਬਰ ਸਾਫ ਹੋਣ ਤੇ ਮੈਂ ਇਹ ਭੁੱਖ ਹੜਤਾਲ ਛੱਡ ਦਿੱਤੀ। ਇਹ ਮੇਰੀ ਛੇਵੀਂ ਭੁੱਖ ਹੜਤਾਲ ਸੀ।

ਅੰਡੇਮਾਨ ਜੇਲ੍ਹ ਤੇ ਜਲ੍ਹਿਆਂ ਵਾਲੇ ਬਾਗ ਵਿੱਚ ਰੱਖੇ ਮਰਨ ਵਰਤਾਂ ਦੇ ਤਜਰਬੇ ਵਜੋਂ ਮੈਂ ਕਹਿ ਸਕਦਾ ਹਾਂ ਕਿ ਜਿਸ ਵਕਤ ਅਖ਼ੀਰ ਦੀ ਹਾਲਤ ਹੁੰਦੀ ਹੈ ਤਾਂ ਇਉਂ ਲਗਦਾ ਹੈ ਕਿ ਆਦਮੀ ਆਰਾਮ ਦੀ ਨੀਂਦ ਸੌਂ ਰਿਹਾ ਹੈ। ਇੱਕ ਮਸਤੀ ਜਿਹੀ ਚੜ੍ਹ ਜਾਂਦੀ ਹੈ, ਸਵਾਸਾਂ ਵਿੱਚੋਂ ਖੁਸ਼ਬੋਈ ਜਿਹੀ ਆਣ ਲੱਗਦੀ ਹੈ। ਤੇ ਬਾਹਰ ਦੀਆਂ ਆਵਾਜ਼ਾਂ ਪੋਲੇ ਪੋਲੇ ਸੁਣਦੀਆਂ ਹਨ। ਇਹਨਾਂ ਦੋਹਾਂ ਹਾਲਤਾਂ ਵਿੱਚ ਡਾਕਟਰਾਂ ਨੇ ਟੀਕੇ ਲਾ ਕੇ ਮੈਨੂੰ ਸੁਰਜੀਤ ਕੀਤਾ।

ਮੌਤ ਬੜੀ ਸੁਹਾਵਣੀ ਚੀਜ਼ ਹੈ। ਜੇ ਕਿਸੇ ਨੂੰ ਛਾਤੀ ਦੀ ਬਿਮਾਰੀ ਹੋਵੇ, ਸਾਹ ਰੁਕਦਾ ਹੋਵੇ ਤਾਂ ਭਾਵੇਂ ਤਕਲੀਫ ਹੋਵੇ। ਵੈਸੇ ਕਿਸੇ ਉਚੇਰੇ ਆਦਰਸ਼ ਖਾਤਰ ਮਰਨ ਵਾਲੇ ਇਸ ਨੂੰ ਖੇਡ ਹੀ ਸਮਝਦੇ ਹਨ।

## 20. ਕਿਸਾਨ ਲਹਿਰਾਂ ਵਿੱਚ ਕੰਮ

**ਕਾਂਗਰਸ ਵਿੱਚ ਕੰਮ ਕਰਨਾ**- ਮੈਂ ਹੀ ਨਹੀਂ ਗ਼ਦਰ ਪਾਰਟੀ ਦੇ ਸਭ ਸਾਥੀ, ਜੋ ਹਜ਼ਾਰਾਂ ਦੀ ਗਿਣਤੀ ਵਿੱਚ ਪਿੰਡਾਂ ਵਿੱਚ ਨਜ਼ਰਬੰਦ ਸਨ, ਸਦਾ ਆਪਣੇ ਆਦਰਸ਼ ਤੇ ਨੀਤੀ ਤੇ ਡਟੇ ਰਹੇ। ਹਰ ਪਾਰਟੀ ਤੇ ਲਹਿਰ ਕੀ ਕਾਂਗਰਸ, ਕੀ ਗੁਰਦੁਆਰਾ ਅੰਦੋਲਨ, ਕੀ ਬਬਰ ਅਕਾਲੀ ਲਹਿਰ, ਕੀ ਅਕਾਲੀ ਦਲ, ਕੀ ਨੌਜਵਾਨ ਭਾਰਤ ਸਭਾ ਤੇ ਕੀ ਭਗਤ ਸਿੰਘ ਦੀ ਪਾਰਟੀ ਜੋ ਵੀ ਅੰਗਰੇਜ਼ਾਂ ਦੇ ਖਿਲਾਫ਼ ਕੰਮ ਕਰਦੀ, ਸਾਡੇ ਸਾਥੀ ਆਪਣੀ ਸ਼ਕਤੀ ਅਨੁਸਾਰ ਉਸ ਵਿੱਚ ਹਿੱਸਾ ਪਾਉਂਦੇ।

ਗੁਰਦੁਆਰਾ ਲਹਿਰ ਵਿੱਚ ਭਾਈ ਈਸ਼ਰ ਸਿੰਘ ਮਰਹਾਣਾ ਤੇ ਭਾਈ ਭਗਵਾਨ ਸਿੰਘ ਕਨੇਡੀਅਨ ਦਾ ਨਾਂ ਉੱਘਾ ਹੈ, ਹੋਰ ਵੀ ਬਹੁਤ ਸਾਰੇ ਸਾਥੀਆਂ ਨੇ ਹਿੱਸਾ ਲਿਆ। ਅਕਾਲੀ ਦਲ ਵਿੱਚ ਤੇ ਬਬਰ ਅਕਾਲੀ ਲਹਿਰ ਵਿੱਚ ਵੀ 1915 ਵਾਲੇ ਦੇਸ਼ ਭਗਤਾਂ ਨੇ ਕਾਫੀ ਹਿੱਸਾ ਲਿਆ। ਗੁਰਦੁਆਰਾ ਚੋਣਾਂ ਵੀ ਇੱਕ ਸਮੇਂ 1915 ਵਾਲੇ ਦੇਸ਼ ਪ੍ਰੇਮੀਆਂ ਰਾਹੀਂ ਹੋਈਆਂ। ਸੰਤ ਵਿਸਾਖਾ ਸਿੰਘ ਜੀ ਨੂੰ ਦੋਹਾਂ ਧਿਰਾਂ ਨੇ ਸਾਲਸ ਚੁਣਿਆ ਤੇ ਉਨ੍ਹਾਂ ਨੇ ਕਿਸੇ ਕਾਰਨ ਮੇਰੇ ਹੱਥੀਂ ਚੋਣਾਂ ਕਰਾਈਆਂ। 1915 ਵਾਲਿਆਂ ਨੇ ਨੌਜਵਾਨ ਭਾਰਤ ਸਭਾ ਵਿੱਚ ਵੀ ਧਨਵੰਤਰੀ ਆਦਿ ਦੇਸ਼ ਭਗਤਾਂ ਨਾਲ ਕੰਮ ਕੀਤਾ। ਧੰਨਵੰਤਰੀ ਕਈ ਜਗ੍ਹਾ ਮੇਰੇ ਨਾਲ ਵੀ ਰਹੇ ਤੇ ਮੈਂ ਉਨ੍ਹਾਂ ਦੇ ਜਲਸਿਆਂ ਵਿੱਚ ਜਾਂਦਾ ਰਿਹਾ। ਸੈਂਟਰਲ ਜੇਲ੍ਹ ਵਿੱਚ ਭਗਤ ਸਿੰਘ ਦੀ ਭੁੱਖ ਹੜਤਾਲ ਵਿੱਚ ਮੈਂ ਵੀ ਸ਼ਾਮਲ ਹੋਇਆ ਤੇ ਅਖੀਰ ਤੱਕ ਨਾਲ ਰਿਹਾ। ਭਾਵ ਇਹ ਕਿ ਅਸੀਂ ਸਾਰੀਆਂ ਰਾਜਸੀ ਲਹਿਰਾਂ ਨੂੰ ਜਿੰਨ੍ਹਾਂ ਸਵਤੰਤਰਤਾ ਸੰਗਰਾਮ ਵਿੱਚ ਹਿੱਸਾ ਲਿਆ, ਆਪਣੀਆਂ ਲਹਿਰਾਂ ਸਮਝਿਆ। ਹੁਣ ਵੀ ਇਹੀ ਸਮਝਦੇ ਹਾਂ ਤੇ ਇਹਨਾਂ ਦੀ ਏਕਤਾ ਦੇ ਯਤਨ ਕਰਦੇ ਹਾਂ ਤਾਂ ਕਿ ਸਮਾਜਵਾਦ ਅਸਲੀ ਅਰਥਾਂ ਵਿੱਚ ਲਾਗੂ ਹੋ ਸਕੇ।

ਏਸੇ ਅਸਰ ਹੇਠ ਮੈਂ ਕਿਰਤੀ ਕਿਸਾਨ ਆਸ਼ਰਮ ਦਾ ਕੰਮ ਕਰਦਾ ਹੋਇਆ ਵੀ ਕਾਂਗਰਸ ਅੰਦੋਲਨ ਵਿੱਚ ਹਿੱਸਾ ਪਾਉਂਦਾ ਰਿਹਾ। ਸੱਚ ਤਾਂ ਇਹ ਹੈ ਕਿ ਕਾਂਗਰਸ ਨੂੰ ਸ਼ਹਿਰਾਂ ਵਿੱਚੋਂ ਕੱਢ ਕੇ, ਬਾਹਰ ਪਿੰਡਾਂ ਵਿੱਚ ਲਿਆਉਣ ਦਾ ਬਹੁਤਾ ਕੰਮ 1915 ਵਾਲੇ ਦੇਸ਼ ਭਗਤਾਂ ਨੇ ਹੀ ਕੀਤਾ ਹੈ। ਚਿੰਤ ਰਾਮ, ਗੋਪੀ ਚੰਦ ਭਾਰਗੋ ਤੇ ਵਿਦਿਆਲੰਕਾਰ ਆਦਿ ਪੁਰਾਣੇ ਕਾਂਗਰਸੀ ਨੇਤਾ ਇਸ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਮੈਂ ਕਾਂਗਰਸ ਪ੍ਰਵਿਨਸ਼ਿਅਲ ਕਮੇਟੀ ਦਾ ਮੈਂਬਰ ਸਾਂ ਤੇ ਕਾਂਗਰਸ ਐਜੀਟੇਸ਼ਨ ਵਿੱਚ ਦੋ ਵਾਰ ਛੇ ਛੇ ਮਹੀਨੇ ਕੈਦ ਵੀ ਹੋਇਆ ਸਾਂ।

ਪਰ ਜਦੋਂ ਬਾਬਾ ਜਵਾਲਾ ਸਿੰਘ ਜੀ ਨੇ ਸਭ ਤੋਂ ਪਹਿਲਾਂ (ਪੰਜਾਬ) ਮਿੰਟਗੁਮਰੀ ਵਿੱਚ ਉਥੋਂ ਦੇ ਜ਼ਿਮੀਂਦਾਰਾਂ ਦੇ ਖਿਲਾਫ਼ ਮੁਜ਼ਾਰਾ ਲਹਿਰ ਖੜ੍ਹੀ ਕੀਤੀ, ਜ਼ਿਮੀਦਾਰਾਂ ਤੇ ਸਰਕਾਰ ਦੇ ਗੋਡੇ ਲੁਆਏ, ਮੁਜ਼ਾਰਿਆਂ ਦੇ ਮੁਤਾਲਬੇ ਮੰਨਵਾਏ ਅਤੇ ਕਾਮਯਾਬੀ ਤੋਂ ਪਿੱਛੋਂ ਲਾਹੌਰ ਨੂੰ ਆਉਂਦੇ ਹੋਏ ਬਸ ਹਾਦਸੇ ਵਿੱਚ ਸ਼ਹੀਦ ਹੋ ਗਏ ਤਾਂ ਉਹਨਾਂ ਦੇ ਕੰਮ ਨੇ ਸਾਰੇ ਸਾਥੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ, ਜਿਨ੍ਹਾਂ ਵਿੱਚੋਂ ਇੱਕ ਮੈਂ ਵੀ ਸਾਂ।

ਇਸ ਤਰ੍ਹਾਂ ਪੰਜਾਬ ਵਿੱਚ ਕਿਸਾਨ ਲਹਿਰ ਸ਼ੁਰੂ ਹੋਈ। ਪਰ ਕਾਂਗਰਸ ਨੇ ਇਸ ਦੀ ਮੁਖ਼ਾਲਫਤ ਸ਼ੁਰੂ ਕਰ ਦਿੱਤੀ ਤੇ ਮੈਂ ਕਾਂਗਰਸ ਵਿੱਚੋਂ ਅਸਤੀਫਾ ਦੇ ਦਿੱਤਾ ਤੇ ਕਿਸਾਨ ਕਮੇਟੀ ਵਿੱਚ ਸ਼ਾਮਲ ਹੋ ਗਿਆ।

ਕਿਸਾਨ ਕਮੇਟੀ ਦੇ ਕੰਮ ਦਾ ਅੰਦਾਜ਼ਾ ਸਾਨੂੰ ਉਨ੍ਹਾਂ ਕਿਸਾਨ ਐਜੀਟੇਸ਼ਨਾਂ ਤੋਂ ਹੋ ਸਕਦਾ ਹੈ ਜਿਹੜੇ ਪੰਜਾਬ ਵਿੱਚ ਹੋਏ। ਜਿਵੇਂ ਲਾਹੌਰ ਕਿਸਾਨ ਐਜੀਟੇਸ਼ਨ ਜਿਸ ਵਿੱਚ ਪੰਜ ਹਜ਼ਾਰ ਦੇ ਕਰੀਬ ਕਿਸਾਨ ਤੇ 50 ਬੀਬੀਆਂ ਕੈਦ ਹੋਈਆਂ, ਤੇ ਸਰਕਾਰ ਨੂੰ ਅਖ਼ੀਰ ਝੁਕਣਾ ਪਿਆ। ਬਿਨਾਂ ਸ਼ਰਤ ਸਾਰੇ ਕੈਦੀ ਰਿਹਾ ਹੋਏ ਤੇ ਸਰਕਾਰ ਨੂੰ ਵਧਾਇਆ ਹੋਇਆ ਮਾਲੀਆ ਵਾਪਸ ਲੈਣਾ ਪਿਆ। ਭਾਈ ਕੇਸਰ ਸਿੰਘ ਠੱਠਗੜ੍ਹ ਪ੍ਰਵਿਨਸ਼ਿਅਲ (ਸੂਬਾਈ) ਕਿਸਾਨ ਕਮੇਟੀ ਦੇ ਪ੍ਰਧਾਨ ਸਨ। ਇਸ ਅੰਦੋਲਨ ਵਿੱਚ ਉਹਨਾਂ ਨੂੰ ਤੇ ਮੈਨੂੰ ਵੀ ਸਜ਼ਾ ਹੋਈ।



ਦੂਸਰਾ ਐਜ਼ੀਟੇਸ਼ਨ ਜਿਸ ਨੂੰ ਚੜਿੱਕ ਕਿਸਾਨ ਮੋਰਚਾ ਕਿਹਾ ਜਾਂਦਾ ਹੈ, ਭਾਈ ਰੂੜ ਸਿੰਘ ਤੇ ਚੰਨਣ ਸਿੰਘ ਚੂਹੜਚੱਕ ਦੀ ਅਗਵਾਈ ਵਿੱਚ ਲੜਿਆ ਗਿਆ। ਇਸ ਵਿੱਚ ਲਾਹੌਰ ਮੋਰਚੇ ਨਾਲੋਂ ਵੱਧ ਕਿਸਾਨ ਤੇ ਸੌ ਦੇ ਲਗਭਗ ਬੀਬੀਆਂ ਕੈਦ ਹੋਈਆਂ। ਇਥੇ ਵੀ ਸਰਕਾਰ ਨੂੰ ਝੁਕਣਾ ਪਿਆ।

ਤੀਸਰਾ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਵਾਲਾ ਮਸ਼ਹੂਰ ਲਾਠੀ ਚਾਰਜ ਹੈ ਜੋ ਮੋਘਾ ਮੋਰਚਾ ਅਕਾਲੀਆਂ ਨਾਲ ਸਾਂਝਾ ਲੜਿਆ ਗਿਆ। ਇਸ ਦੇ ਦੌਰਾਨ ਵੀ ਸਜ਼ਾਵਾਂ ਹੋਈਆਂ। ਪੰਜ ਸੌ ਵਲੰਟੀਅਰ ਸਨ ਤੇ ਦੋ ਜਥੇਦਾਰ-ਹਰਨਾਮ ਸਿੰਘ ਕਸੇਲ ਤੇ ਊਧਮ ਸਿੰਘ ਨਾਗੋਕੇ ਅਗਵਾਈ ਕਰ ਰਹੇ ਸਨ। ਲਾਠੀ ਚਾਰਜ ਬਹੁਤ ਸਖ਼ਤ ਸੀ ਤੇ ਹੇਠੋਂ ਸੜਕ, ਜਿਸ ਤੇ ਲੁੱਕ ਪਈ ਹੋਈ ਸੀ, ਲੋਹੇ ਦੀ ਤਵੀ ਵਾਂਗ ਤਪਦੀ ਸੀ। ਪਰ ਕੀ ਮਜਾਲ ਜੇ ਇੱਕ ਵੀ ਵਲੰਟੀਅਰ ਨੇ ਸੀ ਕੀਤੀ ਹੋਵੇ। ਪੁਲ ਤੇ ਪੁਲੀਸ ਲਾਠੀਆਂ ਦੀ ਜੰਜ਼ੀਰ ਬੰਨ੍ਹ ਕੇ ਰਾਹ ਰੋਕੀ ਖੜ੍ਹੀ ਸੀ। ਪੁਲੀਸ ਦੀ ਨੀਅਤ ਵੇਖ ਕੇ ਮੈਂ ਵੀ ਕੁੱਦ ਪਿਆ ਤੇ ਊਧਮ ਸਿੰਘ ਅਤੇ ਹਰਨਾਮ ਸਿੰਘ ਦੇ ਨਾਲ ਹੋ ਗਿਆ। ਪੁਲਸੀਏ ਲਾਠੀ ਚਾਰਜ ਨਾਲ ਬੇਹੋਸ਼ ਤੱਤੀ ਸੜਕ ਤੇ ਪਏ ਕਿਸਾਨ ਵਰਕਰਾਂ ਨੂੰ ਧੂ ਧੂ ਕੇ ਲਾਰੀਆਂ ਵਿੱਚ ਸੁੱਟ ਕੇ, ਸ਼ਹਿਰੋਂ ਦੂਰ ਛੱਡ ਆਏ। ਬਾਅਦ ਵਿੱਚ ਮੁਕੱਦਮੇ ਚੱਲੇ ਤੇ ਛੇ ਛੇ ਮਹੀਨੇ ਕੈਦਾਂ ਹੋਈਆਂ। ਪਰ ਬੰਦ ਕੀਤੇ ਮੋਘੇ ਸਰਕਾਰ ਨੂੰ ਦੁਬਾਰਾ ਬਹਾਲ ਕਰਨੇ ਪਏ। ਇਸ ਵਿੱਚ ਵੀ ਕਿਸਾਨ ਕਮੇਟੀ ਦੀ ਜਿੱਤ ਹੋਈ।

ਚੌਥੇ ਛੀਨਿਆਂ ਦੇ ਕਿਸਾਨ ਮੋਰਚੇ ਵਿੱਚ ਵੀ ਸਰਕਾਰ ਹਾਰੀ ਤੇ ਕਿਸਾਨ ਕਮੇਟੀ ਦੀ ਜਿੱਤ ਹੋਈ।

ਇਹਨਾਂ ਕਿਸਾਨ ਮੋਰਚਿਆਂ ਵਿੱਚ ਡਾਕਟਰ ਕਿਚਲੂ ਨੇ ਹਰ ਤਰ੍ਹਾਂ ਮਦਦ ਕੀਤੀ, ਪ੍ਰਿੰਸੀਪਲ ਛਬੀਲ ਦਾਸ ਨੇ ਕਿਸਾਨ ਸਟੇਜਾਂ ਤੇ ਆ ਕੇ ਲੈਕਚਰਾਂ ਰਾਹੀਂ ਅਤੇ ਪ੍ਰੋ: ਬ੍ਰਿਜ ਨਾਰਾਇਣ ਲਾਹੌਰ ਨੇ ਕਿਸਾਨੀ ਤੇ ਪੰਫਲਿਟ ਲਿਖ ਕੇ ਕਾਫ਼ੀ ਸਹਾਇਤਾ ਕੀਤੀ। ਇਸ ਤੋਂ ਛੁੱਟ ਬਿਹਾਰ ਤੇ ਬੰਗਾਲ ਨੇ ਵੀ ਕਾਫ਼ੀ ਕੰਮ ਕੀਤਾ। ਇਹ ਕਿਸਾਨ ਸਭਾ ਦੀਆਂ ਕੁਰਬਾਨੀਆਂ ਦਾ ਹੀ ਫਲ ਸੀ ਕਿ ਸਾਰਾ ਪੰਜਾਬ 1915 ਵਾਲੇ ਤੇ ਨਵੇਂ ਨੌਜਵਾਨ ਕਿਸਾਨ ਵਰਕਰਾਂ ਦੀ ਇੱਜ਼ਤ ਕਰਦਾ ਸੀ। ਇਸ ਦੀ ਮਿਸਾਲ 1937 ਦੀਆਂ ਚੋਣਾਂ ਹਨ।

1914-15 ਦੇ ਦੇਸ਼ ਭਗਤਾਂ ਦੀ ਜਨਤਾ ਵਿੱਚ ਬੜੀ ਇੱਜ਼ਤ ਸੀ ਤੇ ਜਨਤਾ ਭਗਤ ਸਿੰਘ ਅਤੇ ਕਰਤਾਰ ਸਿੰਘ ਦੀਆਂ ਕੁਰਬਾਨੀਆਂ ਨੂੰ ਨਹੀਂ ਭੁੱਲੀ ਸੀ। ਇਹ ਇਸ ਗੱਲ ਤੋਂ ਪ੍ਰਗਟ ਹੁੰਦਾ ਹੈ ਕਿ 1937 ਵਿੱਚ 'ਬਾਬਾ ਬੋਰਡ' ਵੱਲੋਂ 9 ਉਮੀਦਵਾਰ ਖੜ੍ਹੇ ਕੀਤੇ ਗਏ। 2 ਬਿਨਾਂ ਮੁਕਾਬਲੇ ਤੇ 6 ਬਹੁਸੰਮਤੀ ਨਾਲ ਕਾਮਯਾਬ ਹੋਏ। ਕੇਵਲ ਇੱਕ ਹਾਰਿਆ ਤੇ ਉਹ ਵੀ ਆਪਣੀ ਗ਼ਲਤ ਨਾਲ, ਕਿਉਂਕਿ ਉਸਨੇ ਬੋਰਡ ਦੀ ਹਿਦਾਇਤ ਤੇ ਪੂਰਾ ਅਮਲ ਨਾ ਕੀਤਾ। ਇਸ ਤੋਂ ਪਿੱਛੋਂ ਅੱਜ ਤੱਕ ਰਾਜਸੀ ਕੰਮ ਕਰਨ ਵਾਲੀਆਂ ਪਾਰਟੀਆਂ ਨੂੰ, ਆਪਣੀ ਹਾਲਤ ਨੂੰ ਸਮਝ ਲੈਣਾ ਚਾਹੀਦਾ ਹੈ। ਖ਼ਾਸ ਕਰਕੇ 1967 ਦੀਆਂ ਚੋਣਾਂ ਵਿੱਚ ਰਾਜਸੀ ਪਾਰਟੀਆਂ ਪਿੱਛੇ ਗਈਆਂ ਹਨ। ਜਨਤਾ ਨੇ ਜਿਹੜੇ 9 ਸੂਬੇ ਕਾਂਗਰਸ ਹੇਠੋਂ ਕੱਢੇ ਸਨ, ਇਸ ਵਿੱਚ ਪਾਰਟੀਆਂ ਦੀ ਵਡਿਆਈ ਨਹੀਂ, ਬਲਕਿ ਇਹ ਜਨਤਾ ਦੀ ਸੂਝ ਦਾ ਫਲ ਹੈ। ਮੇਰੇ ਵਿਚਾਰ ਵਿੱਚ ਮੌਜੂਦਾ ਹਾਲਤ,

ਮਹਿੰਗਾਈ, ਰਿਸ਼ਵਤਖੋਰੀ, ਕੁਨਬਾਪਰਵਰੀ ਇਹਨਾਂ ਸਾਰੀਆਂ ਬੀਮਾਰੀਆਂ ਦੀ ਜ਼ਿੰਮੇਵਾਰ ਪਹਿਲਾਂ ਕਾਂਗਰਸ ਹੈ ਤੇ ਬਾਅਦ ਵਿੱਚ ਦੂਜੀਆਂ ਰਾਜਸੀ ਪਾਰਟੀਆਂ। ਮੈਂ ਅਪੀਲ ਕਰਦਾ ਹਾਂ ਕਿ ਆਓ ਜੇ ਦੇਸ਼ ਨੂੰ ਬਚਾਉਣਾ ਹੈ ਤਾਂ ਸੱਚੀ ਦੇਸ਼ ਭਗਤੀ ਦਾ ਮਾਦਾ ਪੈਦਾ ਕਰੋ ਅਤੇ ਮਹਿਕਮਿਆਂ ਨੂੰ ਸਾਫ਼ ਕਰੋ ਜਿਹੜੇ ਕਿ ਆਪਣੇ ਫ਼ਰਜ਼ ਪੂਰਾ ਕਰਨ ਤੋਂ ਅਸਮਰਥ ਹਨ। ਨਾ ਹੀ ਹਿੰਦੁਸਤਾਨ ਦਾ ਮਜ਼ਦੂਰ ਕਮਜ਼ੋਰ ਹੈ ਤੇ ਨਾ ਹੀ ਹੋਰ ਕਿਰਤੀ। ਜੇ ਕਮਜ਼ੋਰੀ ਹੈ ਤਾਂ ਮੌਜੂਦਾ ਹਕੂਮਤ ਅਤੇ ਉਸ ਦੇ ਮਹਿਕਮਿਆਂ ਦੀ।

ਕਿਸਾਨ ਸਭਾ ਦੇ ਕੰਮ ਤੋਂ ਬਿਨਾਂ ਦੂਜੇ ਐਜ਼ੀਟੇਸ਼ਨ ਵੀ ਹੋਏ। ਮਿਸਾਲ ਦੇ ਤੌਰ 'ਤੇ ਕੈਦੀ ਛੁਡਾਉ ਕਮੇਟੀ ਐਜ਼ੀਟੇਸ਼ਨ। ਸਾਡੇ ਜੋ ਸਾਥੀ ਅਜੇ ਜੇਲ੍ਹਾਂ ਵਿੱਚ ਸਨ, ਜਦ ਉਹਨਾਂ ਅੰਗਰੇਜ਼ੀ ਸਰਕਾਰ ਦੀ ਨੀਅਤ ਨੂੰ ਵੇਖਿਆ ਕਿ ਕੈਦਾਂ ਪੂਰੀਆਂ ਹੋਣ ਤੇ ਵੀ ਉਹ ਰਿਹਾ ਨਹੀਂ ਕਰਨਾ ਚਾਹੁੰਦੀ ਤਾਂ ਉਹਨਾਂ ਐਜ਼ੀਟੇਸ਼ਨ ਸ਼ੁਰੂ ਕਰ ਦਿੱਤੀ। ਜਦ ਭੁੱਖ ਹੜਤਾਲ ਲੰਬੀ ਹੁੰਦੀ ਦਿਸੀ ਤਾਂ 1915 ਵਾਲੇ ਦੇਸ਼ ਭਗਤਾਂ ਨੇ ਇੱਕ ਕੈਦੀ ਛੁਡਾਉ ਕਮੇਟੀ ਕਾਇਮ ਕਰਕੇ ਐਜ਼ੀਟੇਸ਼ਨ ਸ਼ੁਰੂ ਕੀਤਾ। ਇਸ ਸਿਲਸਿਲੇ ਵਿੱਚ ਮੈਂ ਪਾਦਰੀ ਐਡਰੀਊਜ਼ ਨੂੰ ਮਿਲਿਆ ਤੇ ਸਾਰੀ ਗੱਲ ਉਸਨੂੰ ਸਮਝਾਈ। ਪਾਦਰੀ ਨੇ ਹਮਦਰਦੀ ਜ਼ਾਹਰ ਕੀਤੀ ਤੇ ਇੱਕ ਚਿੱਠੀ ਗਵਰਨਰ ਪੰਜਾਬ ਦੇ ਨਾਂ ਲਿਖੀ। ਅਜੇ ਪਾਦਰੀ ਨਾਲ ਗੱਲਬਾਤ ਕਰਕੇ ਮੈਂ ਪਿੰਡ ਪੁੱਜਾ ਹੀ ਸਾਂ ਕਿ ਹੱਦ ਨਜ਼ਰਬੰਦੀ ਦਾ ਨੋਟਿਸ ਮਿਲ ਗਿਆ। ਕੈਦੀ ਛੁਡਾਉ ਅੰਦੋਲਨ ਵਿੱਚ ਵੀ ਲੋਕ ਦਬਾਅ ਹੇਠਾਂ ਸਰਕਾਰ ਨੂੰ ਝੁਕਣਾ ਪਿਆ ਅਤੇ ਭਾਈ ਚੂਹੜ ਸਿੰਘ, ਦੂਜੇ ਸਾਥੀਆਂ ਅਤੇ ਮਾਰਸ਼ਲ ਲਾਅ ਦੇ ਕੈਦੀਆਂ ਨੂੰ ਰਿਹਾ ਕਰਨਾ ਪਿਆ।

ਥੋੜ੍ਹੇ ਦਿਨਾਂ ਪਿੱਛੋਂ ਮੈਂ ਨਜ਼ਰਬੰਦੀ ਤੋੜ ਦਿੱਤੀ ਤੇ ਛੇ ਮਹੀਨੇ ਦੀ ਸਜ਼ਾ ਹੋਈ। ਉਸ ਸਮੇਂ ਸਵਾਮੀ ਸਹਿਜਾ ਨੰਦ ਆਲ ਇੰਡੀਆ ਕਿਸਾਨ ਸਭਾ ਦੇ ਪ੍ਰਧਾਨ ਸਨ। ਉਹ ਸੱਚੇ ਤੇ ਸੁੱਚੇ ਵਰਕਰ ਸਨ। ਉਹ ਕੈਦ ਹੋ ਗਏ ਤੇ ਤਰੀਪਤੀ ਆਲ ਇੰਡੀਆ ਕਿਸਾਨ ਸਭਾ ਦੇ ਇਜਲਾਸ ਵਿੱਚ ਸਰਬ ਸੰਮਤੀ ਨਾਲ ਮੈਨੂੰ ਆਰਜ਼ੀ ਪ੍ਰਧਾਨ ਚੁਣ ਲਿਆ ਗਿਆ। ਜਦ ਦੂਜੀ ਜੰਗ ਸ਼ੁਰੂ ਹੋਈ ਤਾਂ ਮੈਂ ਆਪਣੀ ਡਿਊਟੀ ਕਰਦਾ ਬਨਾਰਸ ਵਿੱਚ "ਚੰਗਿਆੜੀ" ਅਖ਼ਬਾਰ ਦੇ ਦਫਤਰ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਦੇਵਲੀ ਕੈਂਪ ਵਿੱਚ ਸਾਰੇ ਭਾਰਤ ਦੇ ਕਮਿਊਨਿਸਟ ਤੇ ਸੋਸ਼ਲਿਸਟ ਸਾਥੀਆਂ ਨਾਲ ਕੈਦ ਰਿਹਾ। ਅਪ੍ਰੈਲ 1943 ਵਿੱਚ, ਜਦ ਮੇਰੇ ਪਿੰਡ ਭਕਨੇ, ਕਿਸਾਨ ਸਭਾ ਦਾ ਇਤਿਹਾਸਕ ਇਜਲਾਸ ਹੋ ਰਿਹਾ ਸੀ ਤਾਂ ਸਰਕਾਰ ਨੇ ਦੂਸਰੇ ਕਮਿਊਨਿਸਟ ਸਾਥੀਆਂ ਸਮੇਤ ਐਨ ਉਸੇ ਦਿਨ ਤਿੰਨਾਂ ਸਾਲਾਂ ਪਿੱਛੋਂ ਮੈਨੂੰ ਰਿਹਾ ਕੀਤਾ। ਇਸ ਤਰ੍ਹਾਂ ਕੁੱਲ ਕੈਦ 16 ਸਾਲ ਉਮਰ ਕੈਦ ਤੇ ਦੂਜੀਆਂ 10 ਸਾਲ ਦੀਆਂ ਕੈਦਾਂ ਮਿਲਾ ਕੇ 26 ਸਾਲ ਕੱਟੀ ਹੈ।

ਮੈਂ ਦੱਸ ਚੁੱਕਿਆ ਹਾਂ ਕਿ 1930 ਵਿੱਚ ਦੀ ਰਿਹਾਈ ਤੋਂ ਬਾਅਦ ਮੈਂ ਸੜਕ ਦੇ ਕੰਢੇ ਖੇਤਾਂ ਵਿੱਚ ਕਿਰਤੀ ਕਿਸਾਨ ਆਸ਼ਰਮ ਕਾਇਮ ਕੀਤਾ ਤੇ ਇਹ ਜਾਇਦਾਦ ਕਮੇਟੀ ਦੇ ਨਾਂ ਲਵਾ ਦਿੱਤੀ। ਕੁਝ ਦੇਰ ਆਸ਼ਰਮ ਚਲਾਉਣ ਬਾਅਦ ਮੈਨੂੰ ਦੋ ਵਾਰ ਛੇ ਛੇ ਮਹੀਨੇ ਲਈ ਜੇਲ੍ਹ ਜਾਣਾ ਪਿਆ। ਇਨ੍ਹਾਂ ਕੈਦਾਂ ਦੇ ਦੌਰਾਨ ਤਾਂ ਬੱਚੇ ਡਟੇ ਰਹੇ ਪਰ ਮੈਂ ਦੇਵਲੀ ਕੈਂਪ ਦੀ ਤਿੰਨ ਸਾਲ ਦੀ ਨਜ਼ਰਬੰਦੀ ਦੇ ਬਾਅਦ ਰਿਹਾ ਹੋ ਕੇ ਆਇਆ



ਤਾਂ ਬਾਗ਼ ਬਗ਼ੀਚਾ ਤੇ ਮਕਾਨ ਸਭ ਬਰਬਾਦ ਹੋ ਚੁੱਕੇ ਸਨ। ਅਖ਼ੀਰ ਜਦ ਯਾਦਗਾਰ (ਦੇਸ਼ ਭਗਤ ਯਾਦਗਾਰ ਹਾਲ ਜਲੰਧਰ) ਦਾ ਸਵਾਲ ਆਇਆ ਤਾਂ ਕਿਰਤੀ ਕਿਸਾਨ ਆਸ਼ਰਮ ਦਾ ਮਕਾਨ ਤੇ ਜ਼ਮੀਨ 7000 ਰੁਪਏ ਨੂੰ ਵੇਚ ਕੇ ਰਕਮ ਯਾਦਗਾਰ ਕਮੇਟੀ ਨੂੰ ਦੇ ਦਿੱਤਾ। ਇਸ ਪਿੱਛੋਂ ਇਲਾਕੇ ਦੀ ਮੰਗ ਤੇ ਵੀਹ ਵਿਘੇ ਜ਼ਮੀਨ (ਚਾਰ ਕਨਾਲ ਦਾ ਵਿਘਾ) ਗਹਿਣੇ ਪਾ ਕੇ, ਸਾਢੇ ਸੱਤ ਹਜ਼ਾਰ ਰੁਪਿਆ, ਦੋ ਦੋ, ਢਾਈ ਢਾਈ ਹਜ਼ਾਰ ਕਰਕੇ, ਸਕੂਲ ਦੀ ਇਮਾਰਤ ਲਈ ਦਿੱਤਾ।

## 21. ਦੇਵਲੀ ਕੈਂਪ ਤੇ ਉਸ ਦੇ ਲਾਭ

ਦੇਵਲੀ ਕੈਂਪ ਨਜ਼ਰਬੰਦੀ ਦਾ ਸਭ ਤੋਂ ਪਹਿਲਾ ਲਾਭ ਇਹ ਹੋਇਆ ਕਿ ਹਿੰਦੁਸਤਾਨ ਭਰ ਦੇ ਰਾਜਸੀ ਨੇਤਾ ਕੀ ਕਮਿਊਨਿਸਟ, ਕੀ ਸੋਸ਼ਲਿਸਟ ਤੇ ਕੀ ਦੂਜੀਆਂ ਪਾਰਟੀਆਂ ਦੇ, ਇਕੱਠੇ ਹੋਏ ਤੇ ਆਪਸੀ ਵਿਚਾਰ-ਵਟਾਂਦਰਾ ਸ਼ੁਰੂ ਹੋਇਆ। ਬਾਬੇ ਤੇ ਕੇਂਦਰੀ ਕਮਿਊਨਿਸਟ ਨੇਤਾ ਇੱਕ ਹਿੱਸੇ ਵਿੱਚ ਇਕੱਠੇ ਹੀ ਸਨ। ਸਭ ਤੋਂ ਪਹਿਲਾਂ ਘਾਟੇ ਜੀ ਨੇ, ਜੋ ਭਾਰਤੀ ਕਮਿਊਨਿਸਟ ਪਾਰਟੀ ਦੇ ਪਹਿਲੇ ਮੁੱਖ ਸਕੱਤਰ ਸਨ, ਬਾਬਿਆਂ ਨਾਲ ਗੱਲਬਾਤ ਸ਼ੁਰੂ ਕੀਤੀ। ਘਾਟੇ ਆਖਿਆ ਕਿ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਅਸੀਂ ਤੇ ਤੁਸੀਂ ਦੋਵੇਂ ਇੱਕੋ ਆਦਰਸ਼ ਨੂੰ ਮੰਨਣ ਵਾਲੇ ਹਾਂ। ਫੇਰ ਵਿਤਕਰਾ ਕੀ ਹੈ ? ਬੈਠ ਕੇ ਵਿਚਾਰ ਹੋਣੀ ਚਾਹੀਦੀ ਹੈ।

ਕੇਂਦਰ ਵਾਲਿਆਂ ਤੇ ਸਾਡੇ ਵਿਚਾਲੇ ਵਿਚਾਰ ਵਟਾਂਦਰਾ ਹੋਣ ਲੱਗਾ, ਵਿਚਾਰ ਵਟਾਂਦਰੇ ਪਿੱਛੋਂ ਕਿਰਤੀ ਗਰੁਪ, ਬਾਬੇ ਤੇ ਕਮਿਊਨਿਸਟ ਪਾਰਟੀ ਇਕੱਠੇ ਹੋ ਗਏ। ਮਾਮਲਾ ਸਾਫ ਹੋ ਗਿਆ। ਪਰ ਅਸਾਂ ਇਹ ਗੱਲ ਸਾਫ਼ ਕਰ ਲਈ ਕਿ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਖੁੱਲ੍ਹੀ ਰਹੇਗੀ। ਪਾਰਟੀ ਦਾ ਇਸ ਵਿੱਚ ਕੋਈ ਹੱਥ ਨਹੀਂ ਹੋਵੇਗਾ ਕਿਉਂਕਿ ਇਹ ਕਮੇਟੀ ਬਾਬੇ ਹੀ ਚਲਾ ਸਕਦੇ ਹਨ ਕਮਿਊਨਿਸਟ ਪਾਰਟੀ ਨਹੀਂ। ਇਸ ਵਿੱਚ ਕੋਈ ਸ਼ੱਕ ਨਹੀਂ। ਇਸ ਵਿੱਚ ਸ਼ੱਕ ਨਹੀਂ ਕਿ ਪੰਜਾਬ ਵਿੱਚ ਕਮਿਊਨਿਸਟ ਪਾਰਟੀ ਨਾਲੋਂ ਕਿਰਤੀ ਗਰੁਪ ਦਾ ਕੰਮ ਜ਼ਿਆਦਾ ਸੀ ਕਿਉਂਕਿ ਬਾਬੇ ਇਹਨਾਂ ਦੀ ਪਿੱਠ ਉੱਤੇ ਸਨ। ਜਿੰਨੇ ਕਿਸਾਨ ਮੋਹਰੇ ਲੜੇ ਸਨ ਉਹ ਸਾਰੇ ਕਿਰਤੀ ਗਰੁੱਪ ਤੇ ਬਾਬਿਆਂ ਦੇ ਅਸਰ ਹੇਠ ਲੜੇ ਗਏ ਸਨ। ਹੁਣ ਉਮੀਦ ਬੱਝ ਗਈ ਕਿ ਦੇਵਲੀ ਵਿੱਚ ਜੋ ਏਕਤਾ ਦੀ ਨੀਤੀ ਦੋਹਾਂ ਧਿਰਾਂ ਨੇ ਅਪਣਾਈ ਹੈ ਇਸ ਦੀ ਸ਼ਕਤੀ ਨਾਲ ਕਮਿਊਨਿਜ਼ਮ ਦਾ ਕੰਮ ਸਾਰੇ ਹਿੰਦੁਸਤਾਨ ਵਿੱਚ ਬੜੀ ਆਸਾਨੀ ਨਾਲ ਹੋ ਸਕੇਗਾ। ਜਦੋਂ ਦੇਵਲੀ ਕੈਂਪ ਤੋਂ ਸਾਰੇ ਨਜ਼ਰਬੰਦਾਂ ਨੂੰ ਉਹਨਾਂ ਦੇ ਆਪਣੇ ਆਪਣੇ ਸੂਬੇ ਵਿੱਚ ਭੇਜਿਆ ਗਿਆ ਤਾਂ ਸਾਨੂੰ ਵੀ ਪੰਜਾਬ (ਗੁਜਰਾਤ) ਜੇਲ੍ਹ ਵਿੱਚ ਲਿਆਂਦਾ ਗਿਆ। ਗੁਜਰਾਤ ਜੇਲ੍ਹ ਵਿੱਚ ਆ ਕੇ ਫੇਰ ਪੁਰਾਣੀ ਬਿਮਾਰੀ ਜਾਗ ਪਈ। ਦੋਹਾਂ ਧਿਰਾਂ ਦੇ ਲੀਡਰਾਂ ਨੇ ਆਪਣੇ ਆਪਣੇ ਗਰੁੱਪ ਨੂੰ ਇੱਕ ਦੂਜੇ ਦੇ ਖਿਲਾਫ ਵਰਗਲਾਣਾ ਸ਼ੁਰੂ ਕਰ ਦਿੱਤਾ।

ਕਮਿਊਨਿਸਟ ਲੀਡਰਾਂ ਨੇ ਆਖਿਆ, "ਦੇਖਣਾ ਕਿਰਤੀ ਗਰੁੱਪ ਦੇ ਵਰਕਰਾਂ ਨੂੰ ਸਮਝ ਸੋਚ ਕੇ ਕਮਿਊਨਿਸਟ ਪਾਰਟੀ ਵਿੱਚ ਲੈਣਾ।"

ਤੇ ਦੂਸਰੇ ਬੰਨੇ ਕਿਰਤੀ ਗਰੁੱਪ ਦੇ ਲੀਡਰਾਂ ਨੇ ਆਖਿਆ, "ਦੇਖਣਾ ਹਥਿਆਰ ਨਾ ਸੁੱਟ ਦੇਣਾ। ਇਹ ਫੈਸਲਾ ਗਲਤ ਹੈ।"

ਬਸ ਓਡੀ ਰਾਤ ਤੇ ਓਡਾ ਦਿਨ ਵਾਲੀ ਕਹਾਵਤ ਨਜ਼ਰ ਆਉਣ ਲੱਗੀ ਜਦ ਰਿਹਾ ਹੋ ਕੇ ਦੋਵੇਂ ਧਿਰਾਂ ਬਾਹਰ ਆਏ ਤਾਂ ਦੋਹਾਂ ਨੇ ਆਪਣੀ ਪੂਰੀ ਵਾਹ ਲਾ ਦਿੱਤੀ ਤੇ ਫੁੱਟ ਦਾ ਬੀਜ ਫਿਰ ਹਰਾ ਹੋ ਗਿਆ।

ਅਖ਼ੀਰ ਦੱਬ ਘੁੱਟ ਕੇ ਦਫ਼ਤਰ ਤਾਂ ਇੱਕ ਬਣ ਗਿਆ ਪਰ ਦਿਲ ਦੋ ਹੀ ਰਹੇ। ਦੋ ਲੀਡਰ ਪੰਜਾਬ ਦੇ ਮੁੱਖ ਸਕੱਤਰ ਚੁਣੇ ਗਏ ਸੋਹਣ ਸਿੰਘ ਜੋਸ਼ ਤੇ ਤੇਜਾ ਸਿੰਘ ਸਵਤੰਤਰ। ਪਰ ਥੋੜ੍ਹੇ ਹੀ ਚਿਰ ਪਿੱਛੋਂ ਕੇਂਦਰ ਨੂੰ ਅੱਡ ਅੱਡ ਸ਼ਿਕਾਇਤਾਂ ਜਾਣ ਲੱਗ ਪਈਆਂ। ਕੇਂਦਰ ਡਾਕਟਰ ਅਧਿਕਾਰੀ ਨੂੰ ਹਮੇਸ਼ਾ ਸੁਲ੍ਹਾ-ਸਫ਼ਾਈ ਕਰਾਉਣ ਲਈ ਘਲਦਾ ਰਿਹਾ, ਪਰ ਫੁੱਟ ਦੀ ਮਰਜ਼ ਦੂਰ ਨਾ ਹੋਈ। ਦਫ਼ਤਰ ਲਾਹੌਰ ਸੀ। ਹੁਣ ਤੱਕ ਬਾਬਾ ਗੁਰਮੁਖ ਸਿੰਘ ਵੀ ਰਿਹਾ ਹੋ ਕੇ ਆ ਗਏ ਸਨ। ਤੇ ਲਾਹੌਰ ਦਫ਼ਤਰ ਵਿੱਚ ਹੀ ਰਹਿੰਦੇ ਤੇ ਕੰਮ ਕਰਦੇ ਸਨ।

ਕਾਮਰੇਡ ਰੰਧੀਵੇ ਪਿੱਛੋਂ ਕਮਿਊਨਿਸਟ ਪਾਰਟੀ ਨੇ ਕੇਂਦਰ ਵਿੱਚ ਅਜੈ ਕੁਮਾਰ ਘੋਸ਼ ਨੂੰ ਮੁੱਖ ਸਕੱਤਰ ਚੁਣਿਆ। ਅਜੈ ਘੋਸ਼ ਭਗਤ ਸਿੰਘ ਹੋਰਾਂ ਦੇ ਸਾਥੀ ਰਹਿ ਚੁੱਕੇ ਸਨ ਤੇ ਮੁਕੱਦਮੇ ਅਤੇ ਭੁੱਖ ਹੜਤਾਲ ਵਿੱਚ ਵੀ ਸ਼ਾਮਲ ਸਨ। ਉਹ ਜੋਸ਼ੀਲੇ ਤੇ ਸਿਆਣੇ ਵੀ ਬਹੁਤ ਸਨ। ਜਦ ਪੰਜਾਬ ਕਮਿਊਨਿਸਟ ਪਾਰਟੀ ਦਾ ਯਤਨ ਕਰਨ ਤੇ ਵੀ ਸੁਧਾਰ ਨਾ ਹੋਇਆ, ਗੁਟਬੰਦੀ ਦੋਹੀਂ ਬੰਨੀ ਬਰਾਬਰ ਕਾਇਮ ਰਹੀ ਤਾਂ ਅਜੈ ਘੋਸ਼ ਆਪਣਾ ਫੈਸਲਾ ਕਰਨ ਆਏ। ਪਰ ਉਨ੍ਹਾਂ ਨੇ ਵੀ ਇਲਾਜ ਦਰੁਸਤ ਨਾ ਕੀਤਾ। ਹਾਲਾਂਕਿ ਇਹ ਸਾਫ਼ ਸੀ ਕਿ ਗੁਟਬੰਦੀ ਦੋਹੀਂ ਬੰਨੀਂ ਸੀ। ਉਹਨਾਂ ਕਿਰਤੀ ਗਰੁੱਪ ਦੇ ਬਹੁਮਤ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ। ਮੇਰੇ ਖਿਆਲ ਵਿੱਚ ਇਹ ਫੈਸਲਾ ਗਲਤ ਸੀ। ਇਹ ਪਤਾ ਨਹੀਂ ਉਹਨਾਂ ਇਹ ਫੈਸਲਾ ਆਪ ਕੀਤਾ ਜਾਂ ਹੋਰ ਕਿਸੇ ਦੀ ਸਲਾਹ ਦਾ ਆਸਰਾ ਮਿਲ ਗਿਆ। ਕਿਉਂਕਿ ਗੁਟਬੰਦੀ ਦੋਵੇਂ ਪਾਸੇ ਸੀ ਇਸ ਲਈ ਹੋਣਾ ਇਹ ਚਾਹੀਦਾ ਸੀ ਕਿ ਦੋਹਾਂ ਬੰਨਿਆਂ ਦੇ ਲੀਡਰਾਂ ਨੂੰ ਸਜ਼ਾ ਮਿਲਦੀ। ਜੇ ਕਿਰਤੀ ਗਰੁੱਪ ਵਾਲਿਆਂ ਨੂੰ ਕੱਢਿਆ ਸੀ ਤਾਂ ਦੂਸਰਿਆਂ ਨੂੰ ਵੀ ਘੱਟ ਤੋਂ ਘੱਟ ਲੀਡਰਸ਼ਿਪ ਤੋਂ ਹਟਾ ਕੇ ਸੈੱਲਾਂ (ਹੇਠਲੀਆਂ ਇਕਾਈਆਂ) ਵਿੱਚ ਸੁੱਟਣਾ ਚਾਹੀਦਾ ਸੀ ਤਾਂ ਕਿ ਦੋਹਾਂ ਨੂੰ ਪਾਰਟੀ ਅਸੂਲ ਦੇ ਅਨੁਸਾਰ ਸਜ਼ਾ ਮਿਲ ਜਾਂਦੀ ਸੀ ਤੇ ਕਿਸੇ ਨੂੰ ਗਿਲਾ ਨਾ ਹੁੰਦਾ।

ਇਸ ਫੈਸਲੇ ਤੋਂ ਕਿਰਤੀ ਗਰੁੱਪ ਵਾਲਿਆਂ ਨੇ ਇਹ ਮਹਿਸੂਸ ਕੀਤਾ ਕਿ ਉਹਨਾਂ ਨਾਲ ਅਨਿਆਂ ਹੋਇਆ ਹੈ। ਉਹਨਾਂ ਦੂਸਰੀ ਪਾਰਟੀ ਖੜ੍ਹੀ ਕਰਨ ਵਾਸਤੇ ਲਾਹੌਰ ਹੀ ਆਪਣੇ ਆਦਮੀਆਂ ਦੀ ਮੀਟਿੰਗ ਬੁਲਾਈ, ਦਫ਼ਤਰ ਵਿੱਚ ਨਹੀਂ ਕਿਸੇ ਹੋਰ ਥਾਂ ਤੇ। ਮੈਨੂੰ ਦਫ਼ਤਰੋਂ ਸੁਨੇਹਾ ਘਲਿਆ, ਕਿ ਮੈਂ ਦਫ਼ਤਰ ਆਵਾਂ। ਇਹ ਪਤਾ ਨਹੀਂ ਕੀਹਨੇ ਸੁਨੇਹਾ ਘੱਲਿਆ, ਪਰ ਮੇਰੇ ਖਿਆਲ ਵਿੱਚ ਭਾਈ ਗੁਰਮੁਖ ਸਿੰਘ ਹੀ ਹੋ ਸਕਦਾ ਹੈ। ਹੋਰ ਕਿਨ੍ਹੇ ਘੱਲਣਾ ਸੀ ? ਮੇਰੀ ਯਾਦ ਵਿੱਚ ਇਹ ਆਉਂਦਾ ਹੈ ਕਿ ਜਦ ਮੈਂ ਗਿਆ ਤਾਂ ਭਾਈ ਗੁਰਮੁਖ ਸਿੰਘ ਨੇ ਮੈਨੂੰ ਸੱਦਣ ਦਾ ਭਾਵ ਦੱਸਿਆ ਤੇ ਆਖਿਆ, "ਹੁਣ ਸਾਰੇ ਇਕੱਠੇ ਹੋਏ ਹੋਏ ਹਨ ਤਾਂ ਕਿ ਦੂਸਰੀ ਪਾਰਟੀ ਖੜ੍ਹੀ ਕਰਨ। ਤੂੰ ਜਾ ਕੇ ਸਮਝਾ ਕੇ ਦੂਸਰੀ ਕੋਈ ਪਾਰਟੀ ਖੜੀ ਨਾ ਕਰਨ।" ਮੈਂ ਦੱਸੇ ਪਤੇ ਤੇ ਗਿਆ। ਅੱਗੋਂ ਤੇਜਾ



ਸਿੰਘ ਸਵਤੰਤਰ, ਰਾਮ ਸਿੰਘ ਦੱਤ, ਬੂਝਾ ਸਿੰਘ ਤੇ ਕਰਮ ਸਿੰਘ ਚੀਮਾ ਆਦਿ ਮੀਟਿੰਗ ਕਰ ਰਹੇ ਸਨ। ਮੈਂ ਸਭ ਨੂੰ ਮਿਲਿਆ। ਇਸ ਫੈਸਲੇ ਤੇ ਜੋ ਮੇਰੀ ਰਾਇ ਸੀ ਪ੍ਰਗਟ ਕੀਤੀ ਤੇ ਆਖਿਆ, "ਇਹ ਅਨਿਆਂ ਤੁਹਾਡੇ ਨਾਲ ਹੀ ਨਹੀਂ ਹੋਇਆ ਸਗੋਂ ਸਾਰੇ ਬੁੱਢਿਆਂ ਨਾਲ ਹੋਇਆ ਹੈ। ਪਰ ਇਸਦਾ ਇਲਾਜ ਅਲੱਗ ਪਾਰਟੀ ਬਣਾਉਣਾ ਨਹੀਂ। ਪਾਰਟੀ ਤੁਹਾਨੂੰ ਕਿਸਾਨਾਂ ਮਜ਼ਦੂਰਾਂ ਤੇ ਹੋਰ ਖੁੱਲ੍ਹੇ ਕੰਮ 'ਚੋਂ ਨਹੀਂ ਕੱਢ ਸਕਦੀ। ਛੇ ਮਹੀਨੇ ਸਬਰ ਕਰੋ। ਇਸ ਅਰਸੇ ਵਿੱਚ ਇਹ ਅਨਿਆ ਭਰਿਆ ਫੈਸਲਾ ਖੁਦ ਹੀ ਨੰਗਾ ਹੋ ਜਾਵੇਗਾ ਤੇ ਕੇਂਦਰ ਨੂੰ ਤੁਹਾਨੂੰ ਵਾਪਸ ਲੈਣਾ ਪਵੇਗਾ।" ਇਹਨਾਂ ਲੀਡਰਾਂ ਨੇ ਹੋਰ ਕੋਈ ਹਾਂ ਜਾਂ ਨਾਂਹ, ਨਾ ਕੀਤੀ ਤੇ ਇਹ ਆਖਿਆ ਕਿ ਮੈਂ ਦਫ਼ਤਰ ਨੂੰ ਚੱਲਾਂ ਉਹ ਵੀ ਆਉਂਦੇ ਹਨ। ਮੈਂ ਦਫ਼ਤਰ ਵਿੱਚ ਉਡੀਕਦਾ ਰਿਹਾ ਪਰ ਜਦ ਕੋਈ ਨਾ ਆਇਆ ਤਾਂ ਸ਼ਾਮ ਨੂੰ ਮੈਂ ਵੀ ਮੁੜ ਆਇਆ। ਮੈਨੂੰ ਯਾਦ ਨਹੀਂ ਕਿਹੜਾ ਨਾਂ ਰੱਖ ਕੇ ਤੇ ਤੇਜਾ ਸਿੰਘ ਸਵਤੰਤਰ ਨੂੰ ਮੁੱਖ ਸਕੱਤਰ ਬਣਾ ਕੇ ਇਹਨਾਂ ਨੇ ਦੂਸਰੀ ਪਾਰਟੀ ਖੜ੍ਹੀ ਕਰ ਲਈ। ਬਾਅਦ ਵਿੱਚ ਲਾਲ ਪਾਰਟੀ ਦਾ ਨਾਂ ਮੈਨੂੰ ਯਾਦ ਹੈ। ਇਹ ਪਾਰਟੀ ਥੋੜ੍ਹੇ ਦਿਨ ਚੱਲ ਕੇ ਸਮਾਪਤ ਹੋ ਗਈ। ਇਸ ਦੀ ਸਮਾਪਤੀ ਦੇ ਕਾਰਨਾਂ ਦਾ ਮੈਨੂੰ ਪੂਰਾ ਪਤਾ ਨਹੀਂ। ਇਸ ਲਈ ਕੋਈ ਕਾਰਨ ਅਧੂਰੇ ਲਿਖਣਾ ਠੀਕ ਨਹੀਂ

ਲਾਲ ਪਾਰਟੀ ਵਿੱਚ ਮੈਂ ਸ਼ਾਮਲ ਨਹੀਂ ਹੋਇਆ ਤੇ ਨਾ ਹੀ ਕਮਿਊਨਿਸਟ ਪਾਰਟੀ ਵਿੱਚ ਮੇਰੀ ਦਿਲਚਸਪੀ ਰਹੀ। ਇਸ ਲਈ ਇਸ ਦੌਰ ਦੀ ਬਾਬਤ ਕੁਝ ਲਿਖਣਾ ਵੀ ਮੇਰੀ ਪਹੁੰਚ ਤੋਂ ਬਾਹਰ ਹੈ।

**ਬੰਗਾਲ ਦਾ ਭਿਅੰਕਰ ਕਾਲ** - ਸੰਨ ਤਾਂ ਪੂਰਾ ਯਾਦ ਨਹੀਂ ਪਰ 1947 ਤੋਂ ਪਹਿਲਾਂ ਇਹ ਕਾਲ ਪਿਆ। ਇਸ ਸਮੇਂ 3 ਵਰਕਰ ਲੜਕੀਆਂ ਵੀ ਕਾਲ ਪੀੜਤਾਂ ਲਈ ਫੰਡ ਇਕੱਠਾ ਕਰਨ ਆ ਗਈਆਂ। ਇਹਨਾਂ ਤਿੰਨਾਂ ਦੇ ਨਾਂ ਸਨ, ਪੈਰਨ, ਲਿਟੋ ਤੇ ਵਿਮਲਾ। ਉਦੋਂ ਇਹ ਤਿੰਨੋਂ ਕਵਾਰੀਆਂ ਹੀ ਸਨ। ਬਾਅਦ ਵਿੱਚ ਪੈਰਨ ਨੇ ਜੋ ਪਾਰਸੀ ਲੜਕੀ ਸੀ, ਸੈਕਟਰੀ ਅਮਨ ਕਮੇਟੀ ਰਮੇਸ਼ ਨਾਲ, ਲਿਟੋ ਨੇ ਅਜੈ ਘੋਸ਼ ਨਾਲ ਜੋ ਰੰਧੀਵੇ ਤੋਂ ਬਾਅਦ ਕਮਿਊਨਿਸਟ ਪਾਰਟੀ ਦੇ ਮੁੱਖ ਸਕੱਤਰ ਚੁਣੇ ਗਏ ਤੇ ਵਿਮਲਾ ਨੇ ਸਤਪਾਲ ਡਾਂਗ ਨਾਲ ਵਿਆਹ ਕਰ ਲਿਆ।

ਇਹਨਾਂ ਲੜਕੀਆਂ ਨੇ ਮੈਨੂੰ ਕਿਹਾ ਕਿ ਉਹ ਕਾਲ ਪੀੜਤਾਂ ਲਈ ਝੋਨਾ ਇਕੱਠਾ ਕਰਨ ਆਈਆਂ ਹਨ ਤੇ ਮੈਂ ਉਹਨਾਂ ਦੇ ਨਾਲ ਚੱਲਾਂ। ਪੰਜਾਬ ਵਿੱਚ ਝੋਨਾ ਬੰਗਾਲ ਤੋਂ ਪਿੱਛੋਂ ਪੱਕਦਾ ਹੈ। ਇਸ ਲਈ ਸਾਡੇ ਉਸ ਸਮੇਂ ਝੋਨਾ ਲਾਉਣ ਦੀ ਰੁੱਤ ਸੀ, ਮੈਂ ਕਿਹਾ, "ਸਾਡੇ ਤਾਂ ਹੁਣ ਝੋਨਾ ਲਾਉਣ ਦੀ ਰੁੱਤ ਹੈ, ਤੁਸੀਂ ਇੰਝ ਕਰੋ, ਪੰਜ ਮਰਲੇ ਪੈਲੀ ਮੈਂ ਤੁਹਾਨੂੰ ਦੇਂਦਾ ਹਾਂ, ਪਰ ਸ਼ਰਤ ਇਹ ਹੈ ਕਿ ਤੁਸੀਂ ਇਸ ਨੂੰ ਆਪਣੀ ਹੱਥੀਂ ਬਣਾਉ ਤੇ ਆਪ ਲਾਉ। ਜਦ ਤੁਹਾਡਾ ਝੋਨਾ ਪੱਕੇਗਾ ਤਾਂ ਵੇਚ ਕੇ ਤੁਹਾਨੂੰ ਪੈਸੇ ਦੇ ਦੇਵਾਂਗਾ। ਵੇਚਣਾ ਮੇਰੀ ਜ਼ਿੰਮੇਵਾਰੀ ਰਹੀ।

ਉਹਨਾਂ ਜ਼ਮੀਨ ਬਣਾਉਣੀ ਸ਼ੁਰੂ ਕਰ ਦਿੱਤੀ, ਹੱਥੀਂ ਛਾਲੇ ਤਾਂ ਪੈ ਗਏ ਪਰ ਹਿੰਮਤ ਨਾ ਹਾਰੀ। ਲੋਕੀਂ ਵੇਖ ਕੈ ਹੈਰਾਨ ਸਨ ਕਿ ਇਹ ਲਿਖੀਆਂ ਪੜ੍ਹੀਆਂ ਲੜਕੀਆਂ, ਹੱਥੀਂ ਛਾਲੇ ਪੈਣ ਤੇ ਵੀ ਨਹੀਂ ਘਬਰਾਈਆਂ। ਲੋਕਾਂ ਦੇ ਦਿਲਾਂ ਉੱਤੇ ਬੜਾ ਅਸਰ ਹੋਇਆ। ਅਖ਼ੀਰ ਇਹਨਾਂ ਝੋਨਾ ਲਾ ਲਿਆ।

ਜਦ ਝੋਨਾ ਲੱਗ ਗਿਆ ਤਾਂ ਮੈਂ ਪੁੱਛਿਆ, "ਤੁਹਾਡਾ ਖੇਤ (ਝੋਨਾ) ਮੈਂ ਖ਼ਰੀਦਣਾ ਚਾਹੁੰਦਾ ਹਾਂ। ਦੱਸੋ ਕੀ ਲੈਣਾ ਏ ?"

ਤੇ ਜੋ ਬੀਬੀਆਂ ਆਖਿਆਂ ਝੋਨੇ ਦਾ ਮੁੱਲ ਦੇ ਦਿੱਤਾ।

ਪਹਿਲੇ ਪਹਿਰ ਇਹ ਖੇਤ ਬਣਾਉਣ ਤੇ ਝੋਨਾ ਲਾਉਣ ਦਾ ਕੰਮ ਕਰਦੀਆਂ ਤੇ ਪਿਛਲੇ ਪਹਿਰ ਦਵਾਈਆਂ ਤੇ ਮੱਲ੍ਹਮ ਪੱਟੀ ਲੈ ਕੇ, ਨੇੜੇ ਦੇ ਪਿੰਡਾਂ ਵਿੱਚ ਬੱਚਿਆਂ ਤੇ ਹੋਰ ਬੀਮਾਰਾਂ ਦੀ ਸੇਵਾ ਕਰਦੀਆਂ। ਪੈਰਨ ਡਾਕਟਰ ਦੀ ਲੜਕੀ ਸੀ ਤੇ ਫ਼ਸਟ ਏਡ ਦਾ ਕੰਮ ਚੰਗੀ ਤਰ੍ਹਾਂ ਜਾਣਦੀ ਸੀ। ਬੱਚਿਆਂ ਦੀਆਂ ਮਾਵਾਂ ਤਾਂ ਇਹਨਾਂ ਨੂੰ ਦੇਵੀਆਂ ਹੀ ਸਮਝਦੀਆਂ। ਇਹਨਾਂ ਦੇ ਜਾਣ ਪਿੱਛੋਂ ਕਈ ਦਿਨਾਂ ਤੱਕ ਮੈਨੂੰ ਆ ਆ ਕੇ ਪੁੱਛਦੀਆਂ ਰਹੀਆਂ, "ਬਾਬਾ ਜੀ, ਬੀਬੀਆਂ ਫੇਰ ਕਦੋਂ ਆਉਣਗੀਆਂ ?"

ਮੈਂ ਸਮਝਦਾ ਹਾਂ ਕਿ ਨਿਰੀ ਰਾਜਨੀਤੀ ਲੋਕਾਂ ਨੂੰ ਇੰਨੀ ਅਪੀਲ ਨਹੀਂ ਕਰਦੀ ਜਿੰਨੀ ਅਮਲੀ ਸੇਵਾ।

## 22. 15 ਅਗਸਤ 1947

15 ਅਗਸਤ 1947 ਨੂੰ ਭਾਰਤ ਦੀ ਆਜ਼ਾਦੀ ਦਾ ਐਲਾਨ ਕਰ ਦਿੱਤਾ ਗਿਆ। ਆਜ਼ਾਦੀ ਦਾ ਐਲਾਨ ਤਾਂ ਅੰਗਰੇਜ਼ਾਂ ਕਰ ਦਿੱਤਾ, ਪਰ ਜਦੋਂ ਦੋਵੇਂ ਪਾਸੇ ਵਸੋਂ ਦਾ ਵਟਾਂਦਰਾ ਸ਼ੁਰੂ ਹੋਣ ਲੱਗਾ ਤਦ ਅੰਗਰੇਜ਼ ਨੇ ਆਪਣੇ ਪਿੱਠੂਆਂ ਰਾਹੀਂ ਗੁੰਡਾਗਰਦੀ ਸ਼ੁਰੂ ਕਰਵਾ ਦਿੱਤੀ। ਗੁਰਦੁਆਰੇ, ਮੰਦਰ ਤੇ ਮਸਜਿਦਾਂ ਭਾਵ ਸਾਰੀਆਂ ਧਿਰਾਂ ਦੇ ਪੂਜਾ ਅਸਥਾਨ ਹਥਿਆਰਾਂ ਦੇ ਜ਼ਖੀਰੇ ਬਣਾ ਦਿੱਤੇ। ਦੋਵੇਂ ਪਾਸੇ ਮਜ਼ਹਬੀ ਜਨੂੰਨ ਨੂੰ ਭੜਕਾ ਕੇ ਖ਼ੂਨ-ਖਰਾਬੇ ਦਾ ਉਹ ਪਿੜ ਗਰਮ ਕੀਤਾ ਜਿਸ ਦੀ ਮਿਸਾਲ ਦੁਨੀਆਂ ਦੇ ਮਜ਼ਹਬੀ ਫ਼ਸਾਦਾਂ ਦੇ ਇਤਿਹਾਸ ਵਿੱਚ ਬਹੁਤ ਘੱਟ ਮਿਲਦੀ ਹੈ। ਦੋਹਾਂ ਪਾਸਿਆਂ ਦੇ ਫਿਰਕੂਆਂ ਨੇ ਨਾ ਬੱਚਾ ਵੇਖਿਆ ਨਾ ਬੁੱਢਾ ਅਤੇ ਨਾ ਹੀ ਇਸਤਰੀਆਂ ਦੀ ਪੱਤ ਦਾ ਖ਼ਿਆਲ ਕੀਤਾ। ਸਗੋਂ ਪੁਰਾਣੇ ਜ਼ਬਰ ਤੇ ਜ਼ੁਲਮ ਨੂੰ ਮਾਤ ਕਰ ਦਿੱਤਾ। ਹੈਰਾਨੀ ਇਸ ਗੱਲ ਦੀ ਹੈ ਕਿ ਦੋਹਾਂ ਪਾਸਿਆਂ ਨੇ ਇਸ ਵਹਿਸ਼ੀਆਨਾ ਕਤਲੇਆਮ ਤੇ ਖ਼ੁਸ਼ੀ ਜ਼ਾਹਰ ਕੀਤੀ। ਗੁੰਡਿਆਂ ਨੇ ਕੱਛਾਂ ਵਜਾਈਆਂ ਕਿ ਅਸਾਂ ਤੇ ਪੁੰਨ ਤੇ ਸਵਾਬ ਦਾ ਕੰਮ ਕੀਤਾ ਹੈ। ਇਸ ਵਕਤ ਤੱਕ ਸਾਂਝੇ ਪੰਜਾਬ ਦੇ ਅੰਗਰੇਜ਼ ਗਵਰਨਰ ਨੇ ਆਪਣੇ ਅਹੁਦੇ ਦਾ ਭਾਰ ਨਹੀਂ ਛੱਡਿਆ ਸੀ। ਫੌਜ ਤੇ ਪੁਲੀਸ ਉਸਦੇ ਅਧੀਨ ਸੀ। ਇਨ੍ਹਾਂ ਦੰਗੇ ਫਸਾਦਾਂ ਕਰਕੇ ਅੰਗਰੇਜ਼ਾਂ ਦੇ ਘਰ ਤਾਂ ਘਿਉ ਤੇ ਦੀਵੇ ਬਲੇ ਪਰ ਹਿੰਦੁਸਤਾਨ ਤੇ ਪਾਕਿਸਤਾਨ ਦੋਹਾਂ ਨੂੰ ਅੰਗਰੇਜ਼ ਦੀ ਨੀਤੀ ਅੱਗੇ ਹਾਰ ਹੋਈ। ਦੋਵੇਂ ਹੀ ਠੱਗੇ ਗਏ। ਚਲਾਕ ਅੰਗਰੇਜ਼ ਨੇ ਸੋਨੇ ਦੀ ਥਾਂ ਮੁਲੱਮਾ ਤੇ ਅਮਨ ਦੀ ਥਾਂ ਬਦ-ਅਮਨੀ ਪੱਲੇ ਪਾ ਦਿੱਤੀ। ਸਦਾ ਵਾਸਤੇ ਭਰਾ-ਭਰਾ ਦਾ ਵੈਰੀ ਹੋ ਗਿਆ। ਇਸੇ ਹੀ ਠੱਗੀ ਦੀ ਮਾਰ ਕਰਕੇ ਦੋਵੇਂ ਅਜੇ ਤੱਕ ਹੋਸ਼ ਤੋਂ ਇਨਕਾਰੀ ਹੋਏ ਬੈਠੇ ਸਨ। ਦੋਵੇਂ ਪਾਸੇ ਹੀ ਵਾਲ-ਵਾਲ ਸਰਮਾਏਦਾਰੀ ਤਾਕਤਾਂ ਅੱਗੇ ਕਰਜ਼ੇ ਵਿੱਚ ਗਹਿਣੇ ਪੈ ਚੁੱਕਾ ਹੈ। ਪਰ ਇਨ੍ਹਾਂ ਨੂੰ ਅਜੇ ਤੱਕ ਹੋਸ਼ ਨਹੀਂ ਆਈ। ਇਸ ਦਾ ਸਿੱਟਾ ਸਾਡੇ ਲਈ ਬਰਬਾਦੀ ਹੋਵੇਗਾ।

ਮੈਂ 15 ਅਗਸਤ 1947 ਦੇ ਦਿਹਾੜੇ ਨੂੰ ਮੁਬਾਰਕ ਦਿਨ ਸਮਝ ਕੇ ਇਲਾਕੇ



ਵਿੱਚ ਲੋਕਾਂ ਨੂੰ ਹੋਕਾ ਦਿੱਤਾ ਕਿ ਆਜ਼ਾਦੀ ਦਾ ਸ਼ੁਭ ਦਿਹਾੜਾ ਚੜ੍ਹ ਗਿਆ ਹੈ। ਕਤਲੇਆਮ ਖ਼ਤਮ ਕਰੋ। ਇਸ ਘੱਲੂਘਾਰੇ ਵਿੱਚ ਜਿੱਥੋਂ ਤੱਕ ਹੋ ਸਕਿਆ ਇਲਾਕੇ ਦੇ ਪਿੰਡਾਂ ਵਿੱਚ ਮੁਸਲਮਾਨਾਂ ਦੀਆਂ ਜਾਨਾਂ ਬਚਾ ਕੇ ਉਹਨਾਂ ਨੂੰ ਮਹਿਫੂਜ਼ ਕਰ ਦਿੱਤਾ ਜਿੰਨ੍ਹਾਂ ਦੇ ਅਜੇ ਵੀ ਪ੍ਰੇਮ ਸੁਨੇਹੇ ਆਉਂਦੇ ਹਨ।

## 23. ਕੌਮੀ ਹਕੂਮਤ ਦੀ ਦੇਣ

ਜਿਹੜੀ ਮੈਨੂੰ ਆਖ਼ਰੀ ਭੁੱਖ ਹੜਤਾਲ ਕਰਨੀ ਪਈ ਉਹ ਸਾਰੀਆਂ ਨਾਲੋਂ ਦੁਖਦਾਇਕ ਹੈ। ਉਹ ਇਸ ਲਈ ਕਿ ਪਹਿਲੀਆਂ ਭੁੱਖ ਹੜਤਾਲਾਂ ਤਾਂ ਅੰਗਰੇਜ਼ ਦੇ ਰਾਜ ਵਿੱਚ ਹੋਈਆਂ ਪਰ ਇਹ ਭੁੱਖ ਹੜਤਾਲ 1948 ਦੇ ਸ਼ੁਰੂ ਵਿੱਚ ਕੌਮੀ ਸਰਕਾਰ ਦੇ ਵਕਤ ਹੋਈ। ਇਸ ਦੀ ਪੀੜ ਮੇਰੇ ਦਿਲ ਵਿੱਚ ਅਜੇ ਤੱਕ ਹੈ।

ਜਦੋਂ ਮਾਰਚ 1948 ਦਾ ਮਹੀਨਾ ਚੜ੍ਹਿਆ ਤਾਂ ਕਿਰਤੀ ਕਿਸਾਨ ਆਸ਼ਰਮ ਵਿੱਚ ਬੈਠਿਆਂ ਨੂੰ ਮੈਨੂੰ ਪੁਲੀਸ ਨੇ ਅਚਾਨਕ ਆ ਗ੍ਰਿਫ਼ਤਾਰ ਕੀਤਾ। ਮੇਰੇ ਨਾਲ ਸੋਹਣ ਸਿੰਘ ਜੋਸ਼ ਤੇ ਹੋਰ ਵੀ 7-8 ਕਮਿਊਨਿਸਟ ਸਾਥੀ ਗ੍ਰਿਫ਼ਤਾਰ ਕੀਤੇ। ਵਰੰਟਾਂ ਉੱਤੇ ਕੋਈ ਠੋਸ ਵਜ੍ਹਾ ਨਹੀਂ ਸੀ। ਪੁੱਛਣ ਤੇ ਵੀ ਪੁਲੀਸ ਵੱਲੋਂ ਕੋਈ ਸਹੀ ਜਵਾਬ ਨਾ ਮਿਲਿਆ। ਅਖ਼ੀਰ ਯੋਲ ਕੈਂਪ ਵਿੱਚ ਸਾਡਾ ਚਲਾਨ ਕਰ ਦਿੱਤਾ ਗਿਆ। ਯੋਲ ਕੈਂਪ ਦਾ ਵਰਤਾਉ ਤੇ ਰੋਟੀ ਵਗੈਰਾ ਅੰਗਰੇਜ਼ਾਂ ਦੇ ਵਕਤ ਨਾਲੋਂ ਵੀ ਨਿਕੰਮੀ ਸੀ। ਬੋਲਚਾਲ ਵੀ ਬੜੀ ਰੁੱਖੀ ਸੀ। ਇਸ ਲਈ ਪੁਲੀਸ ਵੱਲੋਂ ਕੋਈ ਜਵਾਬ ਨਾ ਮਿਲਣ ਤੇ ਯੋਲ ਕੈਂਪ ਦੇ ਹਾਕਮਾਂ ਦਾ ਰੁੱਖਾ ਵਰਤਾਓ ਵੇਖ ਕੇ ਸਾਰੇ ਸਾਥੀਆਂ ਨੇ ਭੁੱਖ ਹੜਤਾਲ ਕਰ ਦਿੱਤੀ। ਇਹ ਭੁੱਖ ਹੜਤਾਲ 27-28 ਦਿਨ ਚਲਦੀ ਰਹੀ। ਸੰਤ ਵਿਸਾਖਾ ਸਿੰਘ ਪ੍ਰਧਾਨ ਦੇਸ਼ ਭਗਤ ਪ੍ਰੀਵਾਰ ਸਹਾਇਕ ਕਮੇਟੀ ਨੇ ਜਵਾਹਰ ਲਾਲ ਨੂੰ ਮਿਲ ਕੇ ਇਹ ਕਿਹਾ, "ਜਿੰਨ੍ਹਾਂ ਲੋਕਾਂ ਨੇ ਤੁਹਾਡੀਆਂ ਜੜ੍ਹਾਂ ਲਾਈਆਂ, ਅੱਜ ਆਜ਼ਾਦੀ ਦੇ ਬਾਅਦ ਉਹਨਾਂ ਹੀ ਲੋਕਾਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਜਾਂਦਾ ਹੈ। ਕੀ ਇਹੋ ਹੈ ਕੌਮੀ ਹਕੂਮਤ ?" ਜਵਾਹਰ ਲਾਲ ਨੇ ਕਿਹਾ, "ਬਾਬਾ ਜੀ ਅਜੇ ਤੱਕ ਮੈਨੂੰ ਤਾਂ ਕੋਈ ਇਤਲਾਹ ਨਹੀਂ ਹੋਈ। ਮੈਂ ਪੰਜਾਬ ਵਾਲਿਆਂ ਨੂੰ ਪੁੱਛਦਾ ਹਾਂ।" ਅਖ਼ੀਰ 3-4 ਦਿਨ ਬਾਅਦ ਸਾਡੀ ਸਾਰਿਆਂ ਦੀ ਰਿਹਾਈ ਕੀਤੀ ਗਈ ਤੇ ਅਸਾਂ ਭੁੱਖ ਹੜਤਾਲ ਤੋੜ ਦਿੱਤੀ। ਜਦੋਂ ਪਹਿਲੀਆਂ ਛੇ ਭੁੱਖ ਹੜਤਾਲਾਂ ਹੋਈਆਂ, ਜਲ੍ਹਿਆਂ ਵਾਲੇ ਦੀ ਭੁੱਖ ਹੜਤਾਲ ਸਮੇਤ, ਉਦੋਂ ਅਜੇ ਸਰੀਰ ਐਨਾ ਬੁੱਢਾ ਨਹੀਂ ਸੀ। ਪਰ ਹੁਣ ਬੁਢੇਪੇ ਦਾ ਵਕਤ ਆ ਗਿਆ ਸੀ ਇਸ ਲਈ ਯੋਲ ਕੈਂਪ ਦੀ ਨਾਜਾਇਜ਼ ਬੰਦਸ਼ ਤੇ ਭੁੱਖ ਹੜਤਾਲ ਨੇ ਮੇਰੀ ਕਮਰ ਜਲਦੀ ਹੀ ਟੇਢੀ ਕਰ ਦਿੱਤੀ। ਅੱਜ ਵੀ ਜੇ ਕੋਈ ਮੈਨੂੰ ਪੁੱਛਦਾ ਹੈ ਕਿ ਤੇਰੀ ਕਮਰ ਟੇਢੀ ਕਿਉਂ ਹੋ ਗਈ ਤਾਂ ਮੈਂ ਇਹ ਜਵਾਬ ਦੇਂਦਾ ਹਾਂ ਕਿ ਇਹ ਕੌਮੀ ਕਾਂਗਰਸ ਹਕੂਮਤ ਦੀ ਮੇਰੀ ਪਿੱਠ ਤੇ ਮੁਹਰ ਛਾਪ ਹੈ। ਇਹ ਆਖਰੀ (ਸੱਤਵੀਂ) ਭੁੱਖ ਹੜਤਾਲ ਸੀ ਜੋ ਜੇਲ੍ਹ ਸੰਗਰਾਮ ਵਿੱਚ ਮੈਨੂੰ ਕਰਨੀ ਪਈ।

# 24. ਦੇਸ਼ ਭਗਤ ਯਾਦਗਾਰ ਹਾਲ

ਸੰਤ ਵਿਸਾਖਾ ਸਿੰਘ ਪ੍ਰਧਾਨ ਦੇਸ਼ ਭਗਤ ਪ੍ਰਵਾਰ ਸਹਾਇਕ ਕਮੇਟੀ ਵਾਕਈ ਸੰਤ ਸਨ। ਉਹਨਾਂ ਨੇ ਕੈਦੀ ਪਰਿਵਾਰ ਸਹਾਇਕ ਕਮੇਟੀ ਦੀ ਅਟੁੱਟ ਸੇਵਾ ਅਖ਼ੀਰ ਦਮ ਤੱਕ ਕੀਤੀ ਅਤੇ ਉਸਦੇ ਪ੍ਰਧਾਨ ਰਹੇ। ਦੂਸਰੇ ਸਾਥੀਆਂ ਨੇ ਵੀ ਦੇਸ਼ ਭਗਤਾਂ ਤੇ ਫਾਂਸੀ ਉੱਤੇ ਲਟਕ ਚੁੱਕੇ ਸਾਥੀਆਂ ਦੇ ਪਰਿਵਾਰਾਂ ਦੀ ਸਹਾਇਤਾ ਸੱਚੇ ਦਿਲ ਨਾਲ ਕੀਤੀ। ਸੱਚ ਤਾਂ ਇਹ ਹੈ ਕਿ ਗ਼ਦਰ ਪਾਰਟੀ ਜ਼ਿੰਦਾ ਹੀ ਇਸ ਸੇਵਾ ਦੇ ਸਿਰ ਤੇ ਰਹੀ। ਅਮਰੀਕਾ, ਕੈਨੇਡਾ, ਪਨਾਮਾ, ਅਰਜਨਟਾਈਨਾ ਆਦਿ ਬਾਹਰ ਦੇ ਟਾਪੂਆਂ ਦੇ ਸੱਜਣਾਂ ਨੇ ਵੀ ਲੱਖਾਂ ਰੁਪਏ ਕਮੇਟੀ ਨੂੰ ਭੇਜ ਕੇ ਇਹ ਸਾਬਤ ਕਰ ਦਿੱਤਾ ਕਿ ਆਪਣੇ ਬਲਿਦਾਨ ਹੋਏ ਸ਼ਹੀਦਾਂ ਦੀ ਸਾਡੇ ਮਨ ਵਿੱਚ ਕਿੰਨੀ ਇੱਜ਼ਤ ਹੈ।

ਕਮੇਟੀ ਤੇ ਸੰਤ ਵਿਸਾਖਾ ਸਿੰਘ ਨੇ ਦੇਸ਼ ਭਗਤ ਯਾਦਗਾਰ ਬਣਾਉਣ ਦਾ ਪਹਿਲਾਂ ਹੀ ਇਰਾਦਾ ਕਰ ਲਿਆ ਸੀ ਤੇ ਕਈ ਜਗ੍ਹਾ ਵੀ ਵੇਖੀਆਂ ਸਨ। 29000 ਰੁਪਿਆ ਵਿਸਾਖਾ ਸਿੰਘ ਦੇ ਗੁਜਰਨ ਤੱਕ ਜਮ੍ਹਾਂ ਹੋ ਚੁੱਕਿਆ ਸੀ ਜੋ ਉਹ ਕਮੇਟੀ ਦੇ ਹਵਾਲੇ ਕਰ ਗਏ। ਪਹਿਲਾਂ ਤਾਂ ਕਮੇਟੀ ਦਾ ਖਿਆਲ ਅੰਮ੍ਰਿਤਸਰ ਯਾਦਗਾਰ ਬਣਾਉਣ ਦਾ ਸੀ। ਪਰ ਉਜਾੜਿਆਂ ਪਿੱਛੋਂ ਹੱਦ ਦੇ ਲਾਗੇ ਯਾਦਗਾਰ ਬਣਾਉਣ ਦਾ ਖ਼ਿਆਲ ਬਦਲ ਗਿਆ। ਇਸ ਲਈ 65000 ਦੀ ਜ਼ਮੀਨ, ਜਿਸ ਵਿੱਚ ਇੱਕ ਕੋਠੀ ਵੀ ਸੀ ਤੇ ਸੌਦਾ ਵੀ ਸਸਤਾ ਸੀ, ਜਲੰਧਰ ਵਿੱਚ ਖਰੀਦੀ ਗਈ।

ਸੰਤ ਵਿਸਾਖਾ ਸਿੰਘ ਦੇ ਬਾਅਦ, ਨਵੇਂ ਤੇ ਪੁਰਾਣੇ ਸਾਥੀਆਂ ਨੇ ਤੇ ਖਾਸ ਤੌਰ 'ਤੇ ਭਾਈ ਗੁਰਮੁਖ ਸਿੰਘ ਨੇ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ, ਜਿਸ ਦੀ ਹੁਣ ਬਹੁਤੀ ਲੋੜ ਨਹੀਂ ਸੀ ਰਹੀ, ਤੋੜ ਕੇ ਦੇਸ਼ ਭਗਤ ਯਾਦਗਾਰ ਕਮੇਟੀ ਬਣਾਈ ਤੇ ਜੀ. ਟੀ. ਰੋਡ ਸਿਵਲ ਲਾਈਨਜ਼ ਜਲੰਧਰ ਵਿੱਚ ਕਮੇਟੀ ਦਾ ਦਫ਼ਤਰ ਕਾਇਮ ਕਰ ਦਿੱਤਾ। ਕਮੇਟੀ ਨੇ ਕੰਮ ਦੋ ਹਿੱਸਿਆਂ ਵਿੱਚ ਵੰਡ ਲਿਆ ਯਾਦਗਾਰ ਦੀ ਇਮਾਰਤ ਬਨਾਣਾ ਤੇ ਗ਼ਦਰ ਪਾਰਟੀ ਦਾ ਇਤਿਹਾਸ ਮੁਕੰਮਲ ਕਰਨਾ। ਏਸੇ ਸਮੇਂ ਅਮਰ ਸਿੰਘ ਦੋਸਾਂਝ, ਜੋ ਪਨਾਮਾ ਵਿੱਚ ਰਹਿ ਚੁੱਕੇ ਸਨ, ਇਕੱਲਿਆਂ ਨੇ ਹੀ 60,000 ਰੁਪਏ ਦਾਨ ਦੇ ਕੇ ਯਾਦਗਾਰ ਦਾ ਮੁੱਢ ਬੰਨ੍ਹ ਦਿੱਤਾ, ਹੋਰਨਾਂ ਸਾਥੀਆਂ ਨੇ ਵੀ ਯਥਾ ਸ਼ਕਤੀ-ਕਿਸੇ ਨੇ ਪੰਜ ਹਜ਼ਾਰ, ਕਿਸੇ ਨੇ ਸੱਤ ਹਜ਼ਾਰ, ਕਿਸੇ ਨੇ ਇਸ ਤੋਂ ਥੋੜ੍ਹਾ ਘੱਟ - ਦਿਲ ਖੋਹਲ ਕੇ ਦਾਨ ਕੀਤਾ। ਅਮਰੀਕਾ ਕੈਨੇਡਾ ਤੇ ਹੋਰ ਦੇਸ਼ਾਂ ਵਿੱਚ ਵਸਦੇ ਹਿੰਦੀਆਂ ਨੇ ਲੱਖਾਂ ਰੁਪਿਆ ਕਮੇਟੀ ਨੂੰ ਸੇਵਾ ਲਈ ਘੱਲ ਕੇ, ਸ਼ਹੀਦਾਂ ਲਈ ਆਪਣੇ ਪਿਆਰ ਦਾ ਸਬੂਤ ਦਿੱਤਾ। ਅੱਜ ਇਹਨਾਂ ਦਾਨੀਆਂ ਦੇ ਦੇਸ਼ ਤੇ ਸ਼ਹੀਦਾਂ ਦੇ ਪ੍ਰੇਮ ਦਾ ਸਬੂਤ, ਦੇਸ਼ ਭਗਤ ਯਾਦਗਾਰ ਕੌਮ ਨੂੰ ਦੇ ਰਹੀ ਹੈ। ਇਹ ਸੰਦੇਸ਼ ਦੇ ਰਹੀ ਹੈ ਕਿ ਆਉ ਦੇਸ਼ ਲਈ ਕੁਰਬਾਨੀ ਕਰੋ ਤੇ ਆਪਣੇ ਸ਼ਹੀਦਾਂ ਦੀਆਂ ਕੁਰਬਾਨੀਆਂ ਨਾ ਭੁੱਲੋ।

ਗ਼ਦਰ ਪਾਰਟੀ ਦੇ ਇਤਿਹਾਸ ਦਾ ਪਹਿਲਾ ਹਿੱਸਾ ਕਮੇਟੀ ਨੇ ਤਿਆਰ ਕਰਵਾ ਦਿੱਤਾ ਹੈ, ਪਰ ਮਸਾਲਾ ਨਾ ਮਿਲਣ ਕਰਕੇ ਅਜੇ ਕਈ ਕਮਜ਼ੋਰੀਆਂ ਬਾਕੀ ਹਨ। ਦੂਸਰੇ ਹਿੱਸੇ ਲਈ ਕਮੇਟੀ ਉੱਦਮ ਕਰ ਰਹੀ ਹੈ।

1964 ਵਿੱਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਗ਼ਦਰ ਪਾਰਟੀ ਦੀ ਗੋਲਡਨ ਜੁਬਲੀ ਮਨਾਈ ਗਈ। ਦੇਸ਼ ਭਰ ਦੇ ਇਨਕਲਾਬੀ ਇਕੱਤਰ ਹੋਏ, ਇਸ ਦੇ



ਤਿੰਨ ਸਾਲ ਬਾਅਦ 13 ਸਤੰਬਰ 1967 ਨੂੰ ਯਾਦਗਾਰ ਹਾਲ ਵਿੱਚ ਇੱਕ ਸ਼ਹੀਦੀ ਮੇਲਾ ਹੋਇਆ। ਇਸ ਵਿੱਚ ਵੀ ਹਿੰਦੁਸਤਾਨ ਦੇ ਪੁਰਾਣੇ ਇਨਕਲਾਬੀ, ਬਾਬੇ, ਨਵੇਂ ਨੌਜਵਾਨ, ਦੋਵੇਂ ਕਮਿਊਨਿਸਟ ਗਰੁੱਪ ਤੇ ਹੋਰ ਕਈ ਪਾਰਟੀਆਂ ਦੇ ਨੁਮਾਇੰਦੇ ਇਕੱਠੇ ਹੋਏ। ਆਸ ਸੀ ਕਿ ਇਸ ਇਕੱਠ ਵਿੱਚ ਏਕਤਾ ਲਈ ਕੋਈ ਚੰਗਾ ਰਾਹ ਨਿਕਲੇਗਾ ਪਰ ਹੋਇਆ ਉਲਟ। ਸਟੇਜ ਉੱਤੇ ਤੇ ਆਪਣੇ-ਆਪਣੇ ਅਖ਼ਬਾਰਾਂ ਵਿੱਚ ਏਕਤਾ ਦੀ ਥਾਂ ਅਨੇਕਤਾ ਦਾ ਮੁਜ਼ਾਹਰਾ ਹੋਇਆ ਜਿਸ ਨੂੰ ਕੋਈ ਵੀ ਦੇਸ਼ ਹਿਤੈਸ਼ੀ ਪਸੰਦ ਨਹੀਂ ਕਰ ਸਕਦਾ।

ਅੱਜ ਹਿੰਦੁਸਤਾਨ ਦੀਆਂ ਰਾਜਸੀ ਪਾਰਟੀਆਂ ਉੱਤੇ ਇਹ ਕਹਾਵਤ ਘਟਦੀ ਹੈ - ਰੋਮ ਸੜ ਰਿਹਾ ਹੈ ਤੇ ਨੀਰੋ ਮਹਿਲ ਵਿੱਚ ਬੰਸਰੀ ਵਜਾ ਰਿਹਾ ਹੈ।

ਮੈਂ ਦੱਸ ਚੁੱਕਿਆ ਹਾਂ ਕਿ ਕਿਵੇਂ ਭਾਅ ਵਧਣ ਨਾਲ ਮੇਰੀ ਜ਼ਮੀਨ ਛੁੱਟਦੀ ਗਈ ਤੇ ਜ਼ਮੀਨ ਚੋਂ ਹੀ ਮੈਂ ਸਕੂਲ ਤੇ ਦੇਸ਼-ਭਗਤ ਯਾਦਗਾਰ ਵਿੱਚ ਹਿੱਸਾ ਪਾਇਆ। ਆਖ਼ੀਰ ਵਿੱਚ ਸਾਰੇ ਜੀਵਨ ਸੰਗਰਾਮ ਦਾ ਸਿੱਟਾ ਇਹ ਹੈ ਕਿ ਪੂਰੀ ਜ਼ਿੰਦਗੀ ਵਿੱਚ ਖ਼ਰਚ ਕਰਕੇ ਵੀ ਅੱਜ 22 ਏਕੜ ਜ਼ਮੀਨ ਮੇਰੇ ਕੋਲ ਹੈ ਜਿਸ ਤੋਂ ਮੇਰੀ ਤੇ ਮੇਰੀ ਸੇਵਾ ਕਰਨ ਵਾਲਿਆਂ ਦੀ ਰੋਟੀ ਚਲਦੀ ਹੈ। ਨਾ ਹੀ ਮੇਰੇ ਪਾਸ ਜਮ੍ਹਾਂ ਹੈ ਤੇ ਨਾ ਹੀ ਕਰਜ਼ਾ।

ਪਰ ਇਹ 22 ਏਕੜ ਮੇਰੀ ਜਾਨ ਦਾ ਕਲੇਸ਼ ਬਣੇ ਹੋਏ ਹਨ। ਇਸ ਨਿੱਜੀ ਮਲਕੀਅਤੀ ਢਾਂਚੇ ਵਿੱਚ ਫਾਇਦਾ ਉਠਾਣ ਵਾਲੇ ਤਾਂ ਬਹੁਤ ਹਨ ਜੋ ਦੇਸ਼ ਭਗਤੀ ਮਹਾਤਮਾਪੁਣੇ ਤੇ ਕਈ ਤਰ੍ਹਾਂ ਦੀਆਂ ਰਾਜਸੀ ਚਾਲਾਂ ਰਾਹੀਂ ਜਨਤਾ ਨੂੰ ਧੋਖਾ ਦੇ ਰਹੇ ਹਨ। ਪਰ ਅਸਲ ਵਿੱਚ ਦੁਖੀ ਦੁਨੀਆਂ ਤੇ ਬੁਢਾਪੇ ਦੀ ਸੰਭਾਲ ਕਰਨ ਵਾਲਾ ਕੋਈ ਨਹੀਂ ਹੈ। ਉਹ ਇਸ ਲਈ ਕਿ ਨਿੱਜੀ ਨਿਜ਼ਾਮ ਵਿੱਚ ਪੈਸੇ ਤੇ ਖ਼ੂਨ (ਕੰਮ ਕਰਨ ਦੀ ਸ਼ਕਤੀ) ਦੀ ਕਦਰ ਹੈ ਇਨਸਾਨ ਦੀ ਨਹੀਂ।

ਇਸ ਲਈ ਇਹ 22 ਏਕੜ ਜ਼ਮੀਨ ਮੇਰੀ ਜਾਨ ਦਾ ਕਲੇਸ਼ ਬਣੀ ਹੋਈ ਹੈ। ਮੈਨੂੰ ਆਰਾਮ ਤੇ ਬੇਫ਼ਿਕਰੀ ਦੀ ਲੋੜ ਹੈ। ਪਰ ਬੁਢੇਪੇ ਵਿੱਚ ਆਰਾਮ ਤੇ ਬੇਫਿਕਰੀ ਦੀ ਸਮਾਜਵਾਦੀ ਨਿਜ਼ਾਮ ਤੋਂ ਬਗੈਰ ਕੋਈ ਵੀ ਸੱਚੇ ਸ਼ਬਦਾਂ ਵਿੱਚ ਗਰੰਟੀ ਨਹੀਂ ਦੇ ਸਕਦਾ।

ਜ਼ਿੰਦਗੀ ਵਿੱਚ ਮੈਨੂੰ ਲਗਭਗ ਹਰ ਤਰ੍ਹਾਂ ਦੇ ਲੋਕਾਂ ਜਿਵੇਂ ਅੱਯਾਸ਼ਾਂ, ਰੱਬ ਭਗਤਾਂ, ਰਾਜਸੀ ਦੇਸ਼ ਭਗਤਾਂ, ਗ਼ਦਰ ਪਾਰਟੀ, ਕਮਿਊਨਿਸਟ ਪਾਰਟੀ, ਕਾਂਗਰਸ, ਅਕਾਲੀ ਦਲ ਸਾਰਿਆਂ ਨਾਲ ਵਾਹ ਪਿਆ ਹੈ। ਮੈਂ ਸਾਰਿਆਂ ਕੋਲੋਂ ਹੀ ਕੁਝ ਨਾ ਕੁਝ ਸਿੱਖਿਆ ਹੈ। ਅੱਜ ਵੀ ਮੈਂ ਸਭ ਪਾਰਟੀਆਂ ਦਾ ਧੰਨਵਾਦੀ ਹਾਂ ਤੇ ਅਖ਼ਬਾਰਾਂ (ਪ੍ਰੈੱਸ) ਦਾ ਵੀ, ਜਿੰਨ੍ਹਾਂ ਨੇ ਭੁੱਖ ਹੜਤਾਲਾਂ ਤੇ ਦੂਸਰੇ ਐਜ਼ੀਟੇਸ਼ਨਾਂ ਵੇਲੇ ਸਾਡੀ ਸਹਾਇਤਾ ਕੀਤੀ।

ਮੇਰੀ ਆਤਮਾ ਇਸ ਉਮਰ ਵਿੱਚ ਇਸ ਗੱਲ ਤੇ ਸੰਤੁਸ਼ਟ ਹੈ ਕਿ ਜੇ ਮੈਂ ਦੇਸ਼ ਸੇਵਾ ਬਹੁਤੀ ਨਹੀਂ ਵੀ ਕਰ ਸਕਿਆ ਤਾਂ ਮੈਂ ਦੇਸ਼ ਨੂੰ ਧੋਖਾ ਵੀ ਨਹੀਂ ਦਿੱਤਾ। ਜਿੰਨਾ ਹੋ ਸਕਿਆ ਆਪਣਾ ਫ਼ਰਜ਼ ਸਮਝ ਕੇ ਆਪਣੀ ਤਾਕਤ ਤੇ ਲਿਆਕਤ ਅਨੁਸਾਰ ਕੀਤਾ ਹੈ। ਰਾਜਸੀ ਪੀੜਤਾਂ ਵਾਲੀ ਪੈਨਸ਼ਨ ਵੀ ਮੈਨੂੰ ਮਿਲ ਸਕਦੀ ਸੀ, ਪਰ ਮੈਂ ਲਈ ਨਹੀਂ - ਕਿਉਂਕਿ ਸਰਕਾਰੀ ਰੁਪੈ ਨੂੰ ਮੈਂ ਕੌਮੀ ਰੁਪਿਆ ਸਮਝਦਾ ਹਾਂ। ਮੈਂ ਕਿਸੇ ਵਾਦ ਦਾ ਪੁਜਾਰੀ ਨਹੀਂ। ਜੇ ਕੋਈ ਵੀ ਦੇਸ਼ ਧੱਕੇ ਨਾਲ ਸਾਡੇ ਦੇਸ਼ ਨੂੰ ਤੰਗ ਕਰੇ ਤਾਂ ਮੈਂ

ਪਹਿਲਾ ਸਖਸ਼ ਹੋਵਾਂਗਾ ਜੋ ਡੱਟ ਕੇ ਉਹਨਾਂ ਦਾ ਵਿਰੋਧ ਕਰਾਂਗਾ ਤੇ ਆਪਣੀ ਜਾਨ ਤੱਕ ਦੇ ਦਿਆਂਗਾ। ਪਰ ਜੇ ਸਾਡਾ ਮੁਲਕ ਅਨਿਆਂ ਕਰੇ ਜਾਂ ਆਪਣੀ ਸਰਕਾਰ ਲੋਕ ਹਿੱਤਾਂ ਦੇ ਵਿਰੁੱਧ ਕੰਮ ਕਰੇ ਤਾਂ ਮੈਂ ਉਸ ਦੇ ਖਿਲਾਫ਼ ਘੋਲ ਕਰਨੋਂ ਵੀ ਨਹੀਂ ਝਿਜਕਾਂਗਾ। ਮੈਂ ਸਦਾ ਗ਼ਦਰ ਪਾਰਟੀ ਦੀ ਕੌਮੀ ਲੀਹ ਤੇ ਚੱਲਣ ਦਾ ਯਤਨ ਕੀਤਾ ਹੈ। ਦੇਖਦਾ-ਪਰਖਦਾ ਮੈਂ ਸਭ ਪੱਖਾਂ ਨੂੰ ਹਾਂ ਪਰ ਬੁੱਤ ਪ੍ਰਸਤ ਕਿਸੇ ਗੱਲੋਂ ਨਹੀਂ। ਧਰਮ ਮੈਂ ਸਾਰੇ ਮਨੁੱਖ ਮਾਤਰ ਦਾ ਇੱਕ ਸਮਝਦਾ ਹਾਂ ਜੋ ਵੰਡਿਆ ਨਹੀਂ ਜਾ ਸਕਦਾ। ਇਹ ਮੇਰਾ ਪੱਕਾ ਨਿਸ਼ਚਾ ਹੈ ਕਿ ਜਦ ਤੱਕ ਆਰਥਕ ਵਿਵਸਥਾ ਦੀ ਬੁਨਿਆਦ ਸਮਾਜਵਾਦ ਨਹੀਂ ਅਸਲੀ ਆਜ਼ਾਦੀ ਇੱਕ ਸੁਪਨਾ ਹੀ ਰਹੇਗੀ।

ਹੁਣ ਮੇਰੀ ਅਵਸਥਾ ਸੌ ਸਾਲ ਦੇ ਨੇੜੇ ਪੁੱਜ ਚੁੱਕੀ ਹੈ। ਬੁਢੇਪੇ ਦਾ ਅਸਰ ਮੇਰੇ ਸਰੀਰ ਤੇ ਪੂਰੀ ਤਰ੍ਹਾਂ ਹੋ ਚੁੱਕਾ ਹੈ। ਹੁਣ ਭੱਜ ਨੱਠ ਕੇ ਦੇਸ਼ ਸੇਵਾ ਕਰਨ ਤੋਂ ਅਸਮਰਥ ਹਾਂ। ਪਰ ਚਾਰਪਾਈ ਤੇ ਪਿਆ, ਦੇਸ਼ ਵਾਸਤੇ ਸ਼ੁਭ ਇੱਛਾਵਾਂ ਆਪਣੇ ਅੰਦਰ ਜ਼ਰੂਰ ਰੱਖਦਾ ਹਾਂ। ਇਹੀ ਵਜ੍ਹਾ ਹੈ ਕਿ ਮੈਂ ਮੰਜੀ ਉੱਤੇ ਪਏ ਹੋਏ ਨੇ ਵੀ ਕੁਝ ਪੰਫਲੇਟ ਨੌਜਵਾਨਾਂ ਦੀ ਭੇਟਾ ਕੀਤੇ ਹਨ ਅਤੇ ਜੋ ਕੁਝ ਮੇਰੇ ਪਾਸ ਨੌਜਵਾਨਾਂ ਦੀ ਤਾਰੀਖ਼ੀ ਅਮਾਨਤ ਸੀ ਉਹਨਾਂ ਦੇ ਸਾਹਮਣੇ ਰੱਖ ਦਿੱਤੀ ਹੈ। ਹੁਣ ਮੈਂ ਆਖ਼ਰੀ ਉਮਰ ਵਿੱਚ ਇਹੀ ਅਪੀਲ ਕਰਦਾ ਹਾਂ ਕਿ ਦੇਸ਼ ਨੂੰ ਸੱਚੇ ਅਰਥਾਂ ਵਿੱਚ ਦੇਸ਼ ਬਣਾਓ ਅਤੇ ਦੁਨੀਆਂ ਦੀਆਂ ਆਜ਼ਾਦ ਕੌਮਾਂ ਨਾਲ-ਦੂਸਰੀਆਂ ਕੌਮਾਂ ਦੀ ਇੱਜ਼ਤ ਕਰਦੇ ਹੋਏ-ਆਪਣੀ ਆਜ਼ਾਦੀ ਅਤੇ ਬਰਾਬਰੀ ਨੂੰ ਕਾਇਮ ਰੱਖੋ।

**ਮੇਰਾ ਅਕੀਦਾ** :- ਇਹ ਠੀਕ ਹੈ ਕਿ ਮੈਂ ਰੱਬ ਦੇ ਨਾਂ ਦੀ ਮਾਲਾ ਤਾਂ ਨਹੀਂ ਫੇਰਦਾ, ਪਰ ਉਹਨਾਂ ਦੁਨੀਆਂ ਭਰ ਦੇ ਸ਼ਹੀਦਾਂ-ਚਾਹੇ ਉਹ ਕਿਸੇ ਵੀ ਦੇਸ਼ ਜਾਂ ਕੌਮ ਵਿੱਚ ਪੈਦਾ ਹੋਏ ਹੋਣ, ਜਿੰਨ੍ਹਾਂ ਨੇ ਦੁਖੀ ਦੁਨੀਆਂ ਨੂੰ ਜ਼ਾਲਮਾਂ, ਠੱਗਾਂ ਤੇ ਵਹਿਮ ਪ੍ਰਸਤਾਂ ਦੇ ਪੰਜੇ ਤੋਂ ਛੁਡਾਉਣ ਲਈ ਆਪਣੀਆਂ ਆਹੂਤੀਆਂ ਦਿੱਤੀਆਂ-ਦੇ ਨਾਮ ਦੀ ਮਾਲਾ ਜ਼ਰੂਰ ਫੇਰਦਾ ਹਾਂ। ਇਹੀ ਮੇਰਾ ਅਕੀਦਾ ਹੈ ਅਤੇ ਇਹੀ ਮੇਰਾ ਧਰਮ ਹੈ।

## 25. ਦਰਦਿ-ਦਿਲ

ਓ ਦੇਸ਼ ਵਾਸੀਓ! ਮੇਰੇ ਦੁੱਖਾਂ ਦੀ ਕਹਾਣੀ ਨਾ ਸੁਣੋ। ਮੇਰੇ ਰੋਮ-ਰੋਮ ਵਿੱਚੋਂ ਚੀਸਾਂ ਨਿਕਲ ਰਹੀਆਂ ਹਨ। ਮੈਨੂੰ ਇਨਕਲਾਬੀ ਦੇਸ਼-ਭਗਤਾਂ ਦੇ ਉਹ ਵਾਕ ਅੱਜ ਵੀ ਵਿਸਰੇ ਨਹੀਂ, ਜਿਹੜੇ ਉਹਨਾਂ ਨੇ ਫਾਂਸੀਆਂ ਦੇ ਝੂਟੇ ਲੈਣ ਵੇਲੇ ਆਪਣੇ ਪਿੱਛੇ ਰਹਿ ਗਏ ਸਾਥੀਆਂ ਨੂੰ ਆਪਣੇ ਆਖ਼ਰੀ ਸੰਦੇਸ਼ ਵਿੱਚ ਆਖੇ ਸਨ। ਉਨ੍ਹਾਂ ਦਾ ਸੰਦੇਸ਼ ਸੀ-ਐ ਮਾਤ-ਭੂਮੀ ਅਸੀਂ ਤੇਰੇ ਗੁਲਾਮੀ ਦੇ ਬੰਧਨਾਂ ਨੂੰ ਤੋੜ ਨਹੀਂ ਸਕੇ ਤੇ ਇਸਦਾ ਸਾਨੂੰ ਦੁੱਖ ਹੈ। ਪਰ ਸਾਨੂੰ ਭਰੋਸਾ ਹੈ ਕਿ ਸਾਡੇ ਪਿੱਛੇ ਰਹੇ ਸਾਥੀ ਇਸ ਕੰਮ ਨੂੰ ਪੂਰਾ ਕਰਨਗੇ ਤੇ ਜਦ ਤਾਈਂ ਉਹਨਾਂ ਵਿੱਚੋਂ ਇੱਕ ਵੀ ਜਿਉਂਦਾ ਰਿਹਾ। ਆਪਣੇ ਕੀਤੇ ਹੋਏ ਪ੍ਰਣ ਤੋਂ ਮੁੱਖ ਨਹੀਂ ਮੋੜੇਗਾ।

ਪਿਆਰੇ ਦੇਸ਼ ਵਾਸੀਉ! ਹੁਣ ਤੁਸੀਂ ਸਮਝ ਗਏ ਹੋਵੋਗੇ ਕਿ ਮੇਰੇ ਅੰਦਰ ਕੀ ਦੁੱਖ ਹੈ ਤੇ ਚੀਸਾਂ ਕਿਉਂ ਪੈ ਰਹੀਆਂ ਹਨ। ਤੁਸੀਂ ਕਹੋਗੇ, ਹੁਣ ਤਾਂ ਦੇਸ਼ ਆਜ਼ਾਦ



ਹੈ ਤੇ ਦੇਸ਼ ਦਾ ਦੁੱਖ ਦੂਰ ਹੋ ਚੁੱਕਾ ਹੈ, ਹੁਣ ਤਾਂ ਤੈਨੂੰ ਖੁਸ਼ ਹੋਣਾ ਚਾਹੀਦਾ ਹੈ।

ਪਰ ਦੇਸ਼ ਦੇ ਨੌਜਵਾਨੋ, ਬੁੱਢਿਓ ਤੇ ਬੱਚਿਉ! ਦੇਸ਼ ਦੀਉ ਮਾਤਾਓ, ਭੈਣੋ ਤੇ ਬੀਬੀਉ! ਤੁਸੀਂ ਖ਼ੁਦ ਹੀ ਮੇਰੇ ਕਥਨ ਦੇ ਜੱਜ ਬਣ ਕੇ ਫ਼ੈਸਲਾ ਦਿਉ। ਜਿਸ ਦੇਸ਼ ਵਿੱਚ ਚੰਦ ਲੋਕਾਂ ਨੂੰ ਛੱਡ ਕੇ ਮਿਹਨਤ ਕਰਨ ਵਾਲੇ ਕਿਰਤੀ ਤੇ ਕਿਰਸਾਨ, ਕੱਪੜਾ ਪੈਦਾ ਕਰਨ ਵਾਲੇ ਜੁਲਾਹੇ, ਮਹਿਲ ਉਸਾਰਨ ਵਾਲੇ ਮਜ਼ਦੂਰ ਤੇ ਕੰਡਿਆਂ ਤੋਂ ਬਚਾਉਣ ਵਾਲੇ ਮੋਚੀ ਤੇ ਉਹਨਾਂ ਦੇ ਬੱਚੇ ਅੱਧੇ ਪੇਟ ਭੁੱਖੇ ਸੌਣ ਤੇ ਉਹਨਾਂ ਕੋਲ ਨਾ ਤਨ ਢਕਣ ਨੂੰ ਕੱਪੜਾ ਤੇ ਨਾ ਰਹਿਣ ਨੂੰ ਘਰ ਹੋਵੇ, ਜਿੱਥੇ ਲੱਖਾਂ ਦੇਸ਼ ਵਾਸੀ ਹਾੜ੍ਹ ਸਿਆਲ ਬਾਜ਼ਾਰਾਂ ਤੇ ਫੁਟਪਾਥਾਂ ਤੇ ਲੰਮੇ ਪੈ ਕੇ ਰਾਤਾਂ ਕੱਟਦੇ ਹੋਣ, ਤੇ ਦੂਸਰੇ ਪਾਸੇ ਧਨੀ ਲੋਕਾਂ ਦੇ ਕੁੱਤੇ ਵੀ ਸਿੱਧੇ ਮੂੰਹ ਮਾਸ ਤੇ ਹੋਰ ਪਦਾਰਥ ਨਾ ਖਾ ਸਕਦੇ ਹੋਣ, ਜਿੱਥੇ ਕੋਈ ਕਾਨੂੰਨ ਗਰੀਬ ਦੀ ਕਮਾਈ ਨੂੰ ਵੇਹਲੜ ਲੁਟੇਰਿਆਂ ਕੋਲੋਂ ਨਾ ਬਚਾ ਸਕਦਾ ਹੋਵੇ, ਜਿੱਥੇ ਜਿਸਦੀ ਲਾਠੀ ਉਸਦੀ ਭੈਂਸ ਵਾਲੀ ਕਹਾਵਤ ਕੰਮ ਕਰਦੀ ਹੋਵੇ ਕੀ ਉੱਥੇ ਕੋਈ ਦੇਸ਼-ਭਗਤ ਖੁਸ਼ ਰਹਿ ਸਕਦਾ ਹੈ ? ਕੀ ਐਸੀ ਆਜ਼ਾਦੀ ਨੂੰ ਤੁਸੀਂ ਆਜ਼ਾਦੀ ਕਹਿ ਸਕਦੇ ਹੋ ? ਹਰਗਿਜ਼ ਨਹੀਂ। ਗੁਲਾਮੀ ਚਾਹੇ ਦੇਸ਼ਵਾਸੀਆਂ ਦੀ ਠੋਸੀ ਹੋਵੇ ਚਾਹੇ ਬਦੇਸ਼ੀਆਂ ਦੀ। ਆਰਥਕ ਹੋਵੇ ਭਾਵੇਂ ਰਾਜਨੈਤਿਕ, ਤੇ ਚਾਹੇ ਸਿਰਫ ਧਰਮ (ਫਿਰਕਾ ਪ੍ਰਸਤੀ) ਦੀ ਆੜ ਵਿੱਚ ਸਮਾਜਿਕ ਊਚ-ਨੀਚਤਾ ਜਾਂ ਗੁਲਾਮੀ ਪੈਦਾ ਕੀਤੀ ਜਾਵੇ। ਇਹ ਸਭ ਪਾਪਾਂ ਤੋਂ ਵੱਡਾ ਪਾਪ ਹੈ। ਮਨੁੱਖਤਾ ਨੂੰ ਕਤਲ ਕਰਨ ਨਾਲੋਂ ਵੱਡਾ ਪਾਪ ਹੋਰ ਕੀ ਹੋ ਸਕਦਾ ਹੈ ?

ਐਸੇ ਖ਼ੂੰਖਾਰ ਨਿਜ਼ਾਮ ਨੂੰ ਚਲਾਉਣ ਵਾਲੀ ਚਾਹੇ ਕੋਈ ਵੀ ਹਕੂਮਤ ਹੋਵੇ – ਆਪਣੀ ਦੇਸੀ ਚਾਹੇ ਵਿਦੇਸ਼ੀ – ਇਸਦਾ ਜੂਲਾ ਉਤਾਰਨਾ ਧਰਮ ਹੈ। ਜੋ ਐਸੀ ਗੁਲਾਮੀ ਨੂੰ ਬਰਦਾਸ਼ਤ ਕਰਦਾ ਹੈ, ਉਹ ਕਾਇਰ ਤੇ ਬੁਜ਼ਦਿਲ ਹੈ।

...... ਸੰਗਰਾਮ ਚਲਦਾ
ਜੈ ਜਨਤਾ !
ਸੋਹਣ ਸਿੰਘ ਭਕਨਾ (ਬਾਬਾ)
ਬਕੱਲਮ ਖ਼ੁਦ

**ਪਤਾ** : -
ਪਿੰਡ ਤੇ ਡਾਕਖਾਨਾ – ਭਕਨਾ
ਬਰਾਸਤਾ – ਖਾਸਾ,
ਜ਼ਿਲ੍ਹਾ – ਅੰਮ੍ਰਿਤਸਰ (ਪੰਜਾਬ)

✪✪✪

# ਸ਼ਿਲਾਲੇਖ

*(ਇਹ ਸਤਰਾਂ ਸ਼ਿਲਾਲੇਖ 'ਤੇ ਲਿਖ ਕੇ ਬਾਬਾ ਜੀ ਨੇ ਗਦਰ ਪਾਰਟੀ ਦੀ ਯਾਦਗਾਰ ਆਪਣੇ ਪਿੰਡ ਬਣਾਈ ਹੈ ਤਾਂ ਕਿ ਆਉਣ ਵਾਲੀਆਂ ਨਸਲਾਂ ਆਪਣੇ ਇਤਿਹਾਸਿਕ ਵਿਰਸੇ ਤੋਂ ਜਾਣੂ ਹੋ ਸਕਣ।)*

**ਦੇਸ਼ ਨੂੰ ਆਜ਼ਾਦੀ ਤੇ ਬਰਾਬਰੀ ਦਾ ਰਾਹ ਵਿਖਾਉਣ ਵਾਲੀ ਪਹਿਲੀ ਪਾਰਟੀ ਕਿਹੜੀ ਹੈ ?**

## ਗਦਰ ਪਾਰਟੀ

**ਜਿਹੜੀ ਮਾਰਚ 1913 ਨੂੰ**

ਅਮਰੀਕਾ ਵਿੱਚ, ਹਿੰਦੀ ਮਿਹਨਤਕਸ਼ਾਂ,
ਹਿੰਦੀ ਜਲਾਵਤਨ ਦੇਸ਼ਭਗਤਾਂ ਤੇ ਹਿੰਦੀ ਵਿਦਿਆਰਥੀਆਂ ਦੀ
ਮਿਲਵੀਂ ਕੋਸ਼ਿਸ਼ ਦੇ ਸਿੱਟੇ ਵਜੋਂ ਹੋਂਦ ਵਿੱਚ ਆਈ।
ਜਿਸ ਨੇ ਗੁਲਾਮੀ ਦੇ ਖਿਲਾਫ਼ ਤੇ ਆਜ਼ਾਦੀ ਦੇ ਹੱਕ ਵਿੱਚ ਝੰਡਾ ਚੁੱਕਿਆ।
ਤੇ ਸੈਂਕੜੇ ਸ਼ਹੀਦਾਂ ਦੀ ਕੁਰਬਾਨੀ ਕਰ ਦਿੱਤੀ।
ਸੈਂਕੜੇ ਦੇਸ਼ਭਗਤ ਕਾਲੇ ਪਾਣੀ ਦੇ ਕੁੰਭੀ-ਨਰਕ ਵਿੱਚ ਉਮਰਾਂ ਲਈ ਸੁੱਟੇ ਗਏ।
ਗ਼ਦਰ ਪਾਰਟੀ ਨੂੰ ਪੂਰਨ ਕਾਮਯਾਬੀ ਤੇ ਨਾ ਹੋਈ
ਪਰ ਏਸ ਪਾਰਟੀ ਨੇ ਗੁਲਾਮੀ ਦੇ ਅਸਰ ਨਾਲ ਨਿਢਾਲ ਹੋਈ ਹਿੰਦੀ ਜਨਤਾ ਦੇ
ਖ਼ੂਨ ਵਿੱਚ ਆਜ਼ਾਦੀ ਦੀ ਨਵੀਂ ਰੂਹ ਫੂਕ ਦਿੱਤੀ।
ਜਿਸ ਦਾ ਸਿੱਟਾ ਅੱਜ ਸਾਡੇ ਸਾਹਮਣੇ ਹੈ -
ਤਾਰੀਖ ਵਿੱਚ ਵਰਤਮਾਨ ਅਤੇ ਆਉਣ ਵਾਲੀਆਂ ਨਸਲਾਂ ਲਈ
ਆਜ਼ਾਦੀ ਦੇ ਇੱਕ ਹੋਰ ਕਾਂਡ ਦਾ ਵਾਧਾ ਕਰ ਦਿੱਤਾ ਹੈ।

***ਹੇਠ ਲਿਖੇ ਨਾਅਰੇ ਪਾਰਟੀ ਦੇ ਨਿਯਮਾਂ ਅਤੇ ਅਮਲਾਂ ਵਿੱਚੋਂ ਹਨ : -***

1. ਏਕਤਾ ਦਾ ਫ਼ਲ ............. ਸ਼ਕਤੀ ਤੇ ਸਵਤੰਤਰਤਾ (ਆਜ਼ਾਦੀ)
2. ਅਨੇਕਤਾ ਦਾ ਸਿੱਟਾ ......... ਦੁਰਬਲਤਾ ਤੇ ਪਰਤੰਤਰਤਾ (ਗੁਲਾਮੀ)
3. ਏਕਤਾ ਦਾ ਮੂਲ .............. ਸਮਾਜਵਾਦ
4. ਅਨੇਕਤਾ ਦਾ ਮੂਲ ........... ਸਾਮਰਾਜਵਾਦ

***ਨੌਜਵਾਨੋ ! ਉਠੋ !***

ਯੁੱਗ ਪਲਟ ਰਿਹਾ ਹੈ

**ਆਪਣੇ ਕਰਤੱਵ ਨੂੰ ਪੂਰਾ ਕਰੋ**

ਹਰ ਪ੍ਰਕਾਰ ਦੀ ਦਾਸਤਾ ਕੀ ਆਰਥਿਕ, ਕੀ ਰਾਜਨੀਤਕ ਤੇ ਕੀ ਸਮਾਜਕ,

**ਜੜ੍ਹ ਤੋਂ ਉਖਾੜ ਸੁੱਟੋ।**

ਮਨੁੱਖਤਾ ਹੀ ਸੱਚਾ ਧਰਮ ਹੈ।

***ਜੈ ਜਨਤਾ !***

**ਸੋਹਣ ਸਿੰਘ ਭਕਨਾ (ਬਾਬਾ)**



# ਤਰਕਭਾਰਤੀ ਪ੍ਰਕਾਸ਼ਨ ਦੀਆਂ ਚੋਣਵੀਆਂ ਲਿਖਤਾਂ

***ਤਰਕਸ਼ੀਲ ਸਾਹਿੱਤ***

1. ...ਤੇ ਦੇਵ ਪੁਰਸ਼ ਹਾਰ ਗਏ 25/-
2. ਦੇਵ, ਦੈਂਤ ਤੇ ਰੂਹਾਂ 30/-
3. ਰੌਸ਼ਨੀ 20/-
4. ਤਰਕਬਾਣੀ 20/-
5. ਤਰਕਜੋਤੀ 20/-
6. ਭੂਤਾਂ-ਪ੍ਰੇਤਾਂ ਨਾਲ ਯੁੱਧ ਕਿਵੇਂ? 20/-
7. ਵਿਗਿਆਨ ਤੇ ਪਰਾਵਿਗਿਆਨ 20/-
8. ਹਿਪਨੋਟਿਜ਼ਮ ਕੀ, ਕਿਉਂ ਤੇ ਕਿਵੇਂ ? ? ? 10/-
9. ਵਿਗਿਆਨਕ ਜਾਦੂਗਰ 15/-
10. ਕਣ-ਕਣ ਵਿੱਚ ਵਿਗਿਆਨ 15/-
11. ਮਾਦੇ ਤੋਂ ਮਨੁੱਖ ਤੱਕ 10/-
12. ਜੋਤਿਸ਼ ਝੂਠ ਬੋਲਦਾ ਹੈ 20/-
13. ਹਿਪਨੋਟਿਜ਼ਮ ਤੁਹਾਡੇ ਲਈ 25/-
14. ਚਿੱਠੀਆਂ ਲਿਖ ਤਰਕਸ਼ੀਲਾਂ ਨੂੰ ਪਾਈਆਂ 30/-
15. ਤਰਕਸ਼ੀਲ ਜਾਦੂਗਰ 20/-
16. ਰੱਬ ਕਦੋਂ, ਕਿੱਥੇ ਤੇ ਕਿਵੇਂ ? 15/-
17. ਡਾਇਣਾਂ ਦੇਸ਼ ਵਿਦੇਸ਼ ਦੀਆਂ 20/-
18. ਔਰਤਾਂ ਅਤੇ ਮਾਨਸਿਕ ਰੋਗ 15/-
19. ਤਰਕਸ਼ੀਲ ਦਿਮਾਗੀ ਕਸਰਤਾਂ 20/-
20. ਚੀਨੀਆਂ ਭੂਤ ਇੰਜ ਭਜਾਏ 15/-
21. ਵਿਗਿਆਨ ਹੀ ਵਿਗਿਆਨ 15/-
22. ਨੌਜਵਾਨਾਂ ਦੇ ਮਾਨਸਿਕ ਰੋਗ 15/-
23. ਚਮਤਕਾਰਾਂ ਪਿੱਛੇ ਵਿਗਿਆਨ 25/-
24. ਮਨੋਰੰਜਨ ਰਾਹੀਂ ਵਿਗਿਆਨ 20/-
25. ਹਿਪਨੋਟਿਜ਼ਮ ਕਿਵੇਂ ਸਿੱਖੀਏ 20/-
26. ਗੰਗਾ ਪਵਿੱਤਰ ਜਾਂ ਪਲੀਤ 5/-
27. ਤਰਕਵਾਦ ਕੀ ਹੈ 15/-
28. ਕੀ, ਕਿਉਂ ਤੇ ਕਿਵੇਂ 10/-
29. ਰੱਬ ਇੱਕ ਗੋਰਖ ਧੰਦਾ 50/-
30. ਮਨੋਰੋਗਾਂ ਵਾਰੇ ਝੂਠੇ ਵਿਸ਼ਵਾਸ 20/-
31. ਪੈੜ ਜੋ ਕਾਫ਼ਲਾ ਬਣੀ 25/-
32. ਸਟੇਜ਼ ਦੇ ਜਾਦੂ 20/-
33. ਨੰਨ੍ਹਾ ਜਾਦੂਗਰ 15/-
34. ਜੋਤਿਸ਼ ਠੱਗੀ ਦਾ ਸਾਧਨ 20/-
35. ਚਮਤਕਾਰਾਂ ਦਾ ਰਹੱਸ 30/-
36. ਪ੍ਰੇਤ ਆਤਮਾ ਤੇ ਕਸਰਾਂ 40/-
37. ਸਮੇਂ ਦਾ ਇਤਿਹਾਸ 20/-
38. ਮਨੋਵਿਸ਼ਲੇਸ਼ਣ 50/-
39. ਕਰਾਮਾਤਾਂ ਦਾ ਪਰਦਾਫਾਸ਼ 50/-
40. ਰਜ਼ਨੀਸ਼ ਬੇਨਕਾਬ 30/-
41. ਮੈਂ ਨਾਸਤਿਕ ਕਿਉਂ ਹਾਂ? 5/-
42. ਜੱਗ ਰਚਨਾ ਦਾ ਸੱਚ 20/-
43. ਮਨੁੱਖ ਦੀ ਕਹਾਣੀ 20/-
44. ਕਿਹੜਾ ਗੁਰੂ ਕਿਹੜੀ ਮੁਕਤੀ 40/-
45. ਖੇਡ ਖੇਡ 'ਚ ਵਿਗਿਆਨ 20/-
46. ਧਰਮ ਮਨੁੱਖਤਾ ਤੇ ਵਿਗਿਆਨ 40/-
47. ਪ੍ਰਮਾਤਮਾ ਦੀ ਉਤਪਤੀ ਤੇ ਭਰਮ 50/-
48. ਆਦਮ ਤੋਂ ਅੱਜ ਤੱਕ 30/-
49. ਮਾਓ ਦੇ ਦੇਸ਼ ਵਿੱਚ 20/-
50. ਫ਼ਸਲਾਂ ਕਹਿਣ ਕਹਾਣੀ 30/-

***ਅਗਾਂਹ ਵਧੂ ਸਾਹਿੱਤ***

1. ਅਗਨ ਗੀਤ 30/-
2. ਤੋਤੋਚਾਨ 20/-
3. ਭਗਤ ਸਿੰਘ ਦੇ ਵਿਚਾਰ 10/-
4. ਜਦੋਂ ਖੇਤ ਜਾਗੇ 15/-
5. ਪਰਬਤੋਂ ਭਾਰੀ ਮੌਤ 15/-
6. ਚਮਕਦਾ ਲਾਲ ਸਿਤਾਰਾ 20/-
7. ਭਾਰਤ ਦਾ ਮੁਕਤੀ ਸੰਘਰਸ਼ 30/-
8. ਸ਼ਹੀਦਾਂ ਦੇ ਅੰਗ ਸੰਗ 40/-
9. ਸੂਹੀ ਸਵੇਰ 30/-
10. ਨਕਸਲਬਾੜੀ ਲਹਿਰ 30/-

***ਸਿਹਤ ਸਬੰਧੀ ਕਿਤਾਬਾਂ***

1. ਉਦਾਸੀ ਰੋਗ (ਡਾ.ਪਰਮਜੀਤ) 10/-
2. ਬਲੱਡ ਪ੍ਰੈਸ਼ਰ (ਡਾ. ਦੀਪਤੀ) 10/-
3. ਮਿਰਗੀ ਰੋਗ (ਡਾ. ਪਰਮਜੀਤ) 10/-
4. ਏਡਜ਼ ਰੋਗ (ਡਾ. ਦੀਪਤੀ) 10/-
5. ਸਿਹਤ ਸੰਭਾਲ 25/-
6. ਸਿਹਤ ਅਤੇ ਵਹਿਮ ਭਰਮ 20/-
7. ਤੰਦਰੁਸਤ ਕਿਵੇਂ ਰਹੀਏ 20/-
8. ਡਾਕਟਰ ਦੀ ਸਲਾਹ 20/-
9. ਕੈਂਸਰ 10/-
10. ਸ਼ੂਗਰ ਰੋਗ 10/-
10. ਅੱਖਾਂ ਦੀ ਸੰਭਾਲ 10/-
11. ਏਡਜ਼ ਬਚਾਅ-ਇਲਾਜ 20/-
12. ਔਰਤ ਬੱਚੇ ਦੀ ਸਿਹਤ ਸੰਭਾਲ 30/-

ਕਿਤਾਬਾਂ ਮੰਗਵਾਉਣ ਦਾ ਪਤਾ :

**ਤਰਕਭਾਰਤੀ ਪ੍ਰਕਾਸ਼ਨ**

ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਬਰਨਾਲਾ-148101, ਪੰਜਾਬ
ਫੋਨ : 01679-233244, 241744